# PUNJAB VIDHAN SABHA

## DEBATES

*Wednesday, the 28th March, 2018*

*Vol. IV- No. 9*

## OFFICIAL REPORT

**CONTENTS**


| | Page(s) |
|---|---|
| Starred Questions and Answers | (9) 1 |
| Written Answers to Starred Questions laid on the Table of the House under Rule 38 | (9) 29 |
| Unstarred Questions and Answers | (9) 32 |
| Matters raised during Zero Hour and statement by the Chief Minister thereon | (9) 35 |
| Call Attention Notice under Rule 66 | (9) 46 |
| Motion under Rule 16 | (9) 47 |
| Papers laid on the Table of the House | (9) 47 |
| Presentation of Reports of the Committees | (9) 48 |
| Resumption of General Discussion on the Budget Estimates for the year 2018-19 | (9) 49 |
| Walk out | (9) 50 |


---


**Punjab Vidhan Sabha Secretariat, Chandigarh**

Price. Rs............

| | | |
|---|---|---|
| General Discussion on the Budget Estimates for the year 2018-19 *(Resumption)* | | (9) 51 |
| Short Adjournment of the House | | (9) 54 |
| General Discussion on the Budget Estimates for the year 2018-19 *(Resumption)* | | (9) 55 |
| **Financial Business** | | |
| (i) | Presentation of Demands for Grants relating to the Budget Estimates for the year 2018-19 | (9) 67 |
| (ii) | Discussion and Voting on the Demands for Grants relating to the Budget Estimates for the year 2018-19 | (9) 73 |
| The Punjab Appropriation (No.2) Bill, 2018 | | (9) 117 |
| Motion reg. Constitution of Elected Committees for the year 2018-19 | | (9) 121 |
| **Legislative Business** | | |
| 1. | The Punjab Police (Amendment) Bill, 2018 *(Replacing Ordinance)* | (9) 124 |
| 2. | The Punjab Transparency and Accountability in Delivery of Public Service Bill, 2018 | (9) 128 |
| Walk out | | (9) 131 |
| **Legislative Business (*Resumption)*** | | |
| 3. | The Salaries and Allowances of Deputy Ministers, Punjab (Amendment) Bill, 2018 | (9) 132 |
| Walk out | | (9) 136 |
| **Legislative Business (*Resumption)*** | | |
| 4. | The East Punjab Ministers Salaries (Amendment ) Bill, 2018 | (9) 136 |
| 5. | The Cigarettes and other Tobacco Products (Prohibition of Advertisement and Regulation of Trade and Commerce, Production, Supply and Distribution) (Punjab Amendment) Bill, 2018 | (9) 138 |
| Extension of Time of the Sitting of the House | | (9) 139 |
| **Legislative Business (*Resumption)*** | | |
| | The Cigarettes and other Tobacco Products (Prohibition of Advertisement and Regulation of Trade and Commerce, Production, Supply and Distribution) (Punjab Amendment) Bill, 2018 *(Resumption)* | (9) 140 |
| 6. | The Punjab State Development Tax Bill, 2018 | (9) 141 |
| 7. | The Punjab State Commission for Scheduled Castes (Amendment) Bill, 2018 | (9) 143 |
| 8. | The Salary and Allowances of Leader of Opposition in Legislative Assembly (Amendment) Bill, 2018 | (9) 143 |

| | | |
|---|---|---|
| 9. | The Punjab Laws (Special Provisions for Regularization of Unauthorized Colonies) Bill, 2018 | (9) 145 |
| 10. | The Punjab Social Security Bill, 2018 | (9) 149 |
| 11. | The Punjab Roads and Bridges Development Board (Amendment) Bill, 2018 | (9) 154 |
| Breach of Privilege Motion | | (9) 156 |
| Walk out | | (9) 158 |
| Breach of Privilege Motion *(Resumption)* | | (9) 158 |

# ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ। |
| 2) | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ |
| 3) | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ |
| 4) | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ |
| 5) | ਸਰਦਾਰ ਸਾਧੂ ਸਿੰਘ | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 6) | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| 7) | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ |
| 8) | ਸ਼੍ਰੀਮਤੀ ਅਰੁਨਾ ਚੌਧਰੀ | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ |
| 9) | ਸ਼੍ਰੀਮਤੀ ਰਜ਼ੀਆ ਸੁਲਤਾਨਾ | ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ |

# PUNJAB VIDHAN SABHA

*Wednesday, the 28th March, 2018*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Rana Kanwar Pal Singh) in the Chair.*

---------

## STARRED QUESTIONS AND ANSWERS

**ਮਾਨਯੋਗ ਸਪੀਕਰ** : ਪ੍ਰਸ਼ਨ ਕਾਲ। ਹਾਂ ਜੀ, ਸਰਦਾਰ ਲਖਵੀਰ ਸਿੰਘ ਲੱਖਾ ਜੀ ।

### ਪਿੰਡ ਮਲੌਦ ਤਹਿਸੀਲ ਪਾਇਲ ਵਿਖੇ ਸੀ.ਡੀ.ਪੀ.ਓ.ਦਾ ਦਫਤਰ ਖੋਲ੍ਹਣਾ

*752. **ਸਰਦਾਰ ਲਖਵੀਰ ਸਿੰਘ ਲੱਖਾ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਿੰਡ ਮਲੌਦ, ਤਹਿਸੀਲ ਪਾਇਲ ਵਿਖੇ ਸੀ.ਡੀ.ਪੀ.ਓ.ਦਾ ਦਫਤਰ ਖੋਲ੍ਹਣ/ਸਥਾਪਿਤ ਕਰਨ ਲਈ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਸ਼੍ਰੀਮਾਨ ਜੀ। ਪਿੰਡ ਮਲੌਦ ਵਿਖੇ ਸੀ.ਡੀ.ਪੀ.ਓ. ਦਾ ਦਫਤਰ ਖੋਲ੍ਹਣ/ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਲਖਵੀਰ ਸਿੰਘ ਲੱਖਾ** : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਪਾਇਲ ਹਲਕੇ ਦਾ ਜਿਹੜਾ ਮਲੌਦ ਬਲਾਕ ਹੈ, ਉਹ ਨਵਾਂ ਹੋਂਦ ਵਿੱਚ ਆਇਆ ਹੈ, ਉਸ ਦੇ 48 ਪਿੰਡ ਹਨ। ਸਬ-ਤਹਿਸੀਲ ਮਲੌਦ ਹੈ, ਥਾਣਾ ਮਲੌਦ ਹੈ। ਜਿਹੜਾ ਸੀ.ਡੀ.ਪੀ.ਓ. ਦਫਤਰ ਬਣਾਉਣਾ ਹੈ ਜਾਂ ਨਵੀਂ ਪੋਸਟ ਕਰੀਏਟ ਕਰਨੀ ਹੈ, ਉਸ ਨਾਲ ਲੋਕਾਂ ਨੂੰ ਸਹੂਲਤ ਪ੍ਰਾਪਤ ਹੋ ਜਾਵੇਗੀ ਕਿਉਂਕਿ ਲੋਕਾਂ ਨੂੰ ਆਵਾਜਾਈ ਦੇ ਸਾਧਨ ਕਰਕੇ ਡੇਹਲੋਂ ਜਾਣਾ ਪੈਂਦਾ ਹੈ, ਜਿਹੜਾ 25-30 ਕਿਲੋਮੀਟਰ ਦੂਰ ਪੈਂਦਾ ਹੈ। ਇਸ ਕਰਕੇ, ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਇਹ ਪੋਸਟ ਕਰੀਏਟ ਕਰਕੇ ਉਥੇ ਸੀ.ਡੀ.ਪੀ.ਓ. ਦਾ ਦਫਤਰ ਬਣਾਇਆ ਜਾਵੇ।

**ਮਾਨਯੋਗ ਸਪੀਕਰ** : ਕੀ ਸੀ.ਡੀ.ਪੀ.ਓ. ਦਾ ਦਫਤਰ ਬਣਾ ਸਕਦੇ ਹੋ ਜੀ?

**ਰਾਜ ਮੰਤਰੀ** : ਸਪੀਕਰ ਸਾਹਿਬ, ਸੀ.ਡੀ.ਪੀ.ਓ. ਦਾ ਨਵਾਂ ਦਫਤਰ ਬਣਾਉਣ ਲਈ ਸਾਨੂੰ ਇਸਤਰੀ ਤੇ ਬਾਲ ਵਿਕਾਸ ਮੰਤਰਾਲੇ, ਭਾਰਤ ਸਰਕਾਰ ਨੂੰ ਲਿਖ ਕੇ ਦੇਣਾ ਪੈਂਦਾ ਹੈ। ਉਸ ਦੇ ਲਈ ਅਸੀਂ ਤਜਵੀਜ਼ ਲਿਖ ਕੇ ਭੇਜ ਦੇਵਾਂਗੇ। ਉਥੋਂ ਮਨਜ਼ੂਰੀ ਆਉਣ ਤੋਂ ਬਾਅਦ ਅਸੀਂ ਇਸ ਨੂੰ ਬਣਾ ਦੇਵਾਂਗੇ।

**ਸਰਦਾਰ ਲਖਵੀਰ ਸਿੰਘ ਲੱਖਾ** : ਧੰਨਵਾਦ ਜੀ।

-------

## ਜ਼ਿਲ੍ਹਾ ਪਠਾਨਕੋਟ ਦੇ ਨੌਜਵਾਨਾਂ ਨੂੰ ਡੋਗਰਾ ਸਰਟੀਫਿਕੇਟ ਜਾਰੀ ਕਰਨਾ

*942. **ਸ਼੍ਰੀ ਜੋਗਿੰਦਰ ਪਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਪਠਾਨਕੋਟ ਦੇ ਨੌਜਵਾਨਾਂ ਨੂੰ ਡੋਗਰਾ ਸਰਟੀਫਿਕੇਟ ਜਾਰੀ ਕਰਨ ਦਾ ਵਿਚਾਰ ਰੱਖਦੀ ਹੈ ਤਾਂ ਜੋ ਉਨ੍ਹਾਂ ਨੂੰ ਮਿਲਟਰੀ ਅਤੇ ਪੈਰਾ ਮਿਲਟਰੀ ਫੋਰਸ ਵਿੱਚ ਭਰਤੀ ਲਈ ਛੋਟ ਮਿਲ ਸਕੇ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਲੋੜੀਂਦੀਆਂ ਹਦਾਇਤਾਂ ਕਦੋਂ ਤੱਕ ਜਾਰੀ ਕਰ ਦਿੱਤੀਆਂ ਜਾਣਗੀਆਂ?

**ਕੈਪਟਨ ਅਮਰਿੰਦਰ ਸਿੰਘ :** ਹਾਂ ਜੀ, ਲੋੜੀਂਦੀਆਂ ਹਦਾਇਤਾਂ ਮਿਤੀ 21.8.2012 ਨੂੰ ਜਾਰੀ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਨੂੰ ਮਿਤੀ 9.6.2016 ਨੂੰ ਸੋਧਿਆ ਗਿਆ ਸੀ।

**ਸ਼੍ਰੀ ਜੋਗਿੰਦਰ ਪਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਔਰ ਉਨ੍ਹਾਂ ਦੇ ਧਿਆਨ ਵਿੱਚ ਵੀ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਜ਼ਿਲ੍ਹਾ ਪਠਾਨਕੋਟ ਹੈ, ਸਾਡੇ ਇਸ ਇਲਾਕੇ ਦੇ ਨੇੜੇ ਹਿਮਾਚਲ ਅਤੇ ਜੰਮੂ ਐਂਡ ਕਸ਼ਮੀਰ ਦਾ ਪਹਾੜੀ ਇਲਾਕਾ ਪੈਂਦਾ ਹੈ। ਜਿਹੜੇ ਉਧਰ ਦੇ ਸਾਡੇ ਲੋਕ ਹਨ, ਉਹ ਕੱਦ ਤੋਂ ਛੋਟੇ ਹਨ। ਮੈਂ ਸੀ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਇਲਾਕੇ ਨੂੰ ਪਹਿਲ ਦੇ ਅਧਾਰ ਤੇ ਡੋਗਰਾ ਸਰਟੀਫਿਕੇਟ ਇਸ਼ੂ ਕਰਨੇ ਚਾਹੀਦੇ ਹਨ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੇ ਸਰਟੀਫਿਕੇਟ ਹਨ, ਇਹ ਬੇਸੀਕਲੀ ਐਸ.ਡੀ.ਐਮ. ਦਿੰਦੇ ਹਨ, ਜਿਹੜੇ ਵੀ ਆਪਣੇ ਆਪ ਨੂੰ ਪਰੂਵ ਕਰਦੇ ਹਨ ਕਿ ਅਸੀਂ ਡੋਗਰਾ ਹਾਂ ਉਸ ਨੂੰ ਇਹ ਸਰਟੀਫਿਕੇਟ ਮਿਲ ਜਾਂਦਾ ਹੈ। ਪਹਿਲਾਂ ਤਾਂ ਸ਼ੁਰੂ ਵਿੱਚ ਜਿਹੜਾ ਹੋਇਆ ਸੀ, ਉਦੋਂ ਇੱਕ ਇਲਾਕੇ ਦੇ ਵਿੱਚ ਸੀ। ਹੁਣ ਤਾਂ ਸਾਰੇ ਪੰਜਾਬ ਵਿੱਚ ਹੈ। ਜਿਹੜਾ ਕੋਈ ਵੀ ਡੋਗਰਾ ਕੌਮ ਨੂੰ ਬਿਲੌਂਗ ਕਰਦਾ ਹੈ, ਉਹ ਆਪਣਾ ਸਰਟੀਫਿਕੇਟ ਲੈ ਸਕਦਾ ਹੈ। ਫੌਜ ਵਿੱਚ ਚਾਹੀਦਾ ਹੈ ਜਾਂ ਹੋਰ ਚੀਜ਼ਾਂ ਵਿੱਚ ਜਿਥੇ ਲੋੜ ਹੈ, ਇਹ ਉਸ ਨੂੰ ਵਰਤ ਸਕਦੇ ਹਨ। ਇਸ ਵਿੱਚ ਕੋਈ ਰੁਕਾਵਟ ਨਹੀਂ ਹੈ, ਸਗੋਂ ਖੁਲ੍ਹੀ ਛੁੱਟੀ ਹੈ, ਐਸ.ਡੀ.ਐਮ. ਕੋਲ ਜਾ ਕੇ ਆਪਣੇ ਸਰਟੀਫਿਕੇਟ ਲੈ ਲੈਣ।

**Mr. Speaker** : Thank you.

**Shri Joginder Pal** : Thank you.

---------

## ਸਿਵਲ ਹਸਪਤਾਲ ਕਾਠਗੜ੍ਹ ਦਾ ਦਰਜਾ ਨਿਰਧਾਰਿਤ ਕਰਨਾ

*1010. **ਸ਼੍ਰੀ ਦਰਸ਼ਨ ਲਾਲ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

(ੳ) ਕੀ ਸਿਵਲ ਹਸਪਤਾਲ ਕਾਠਗੜ੍ਹ (ਤਹਿਸੀਲ ਬਲਾਚੌਰ) ਦਾ ਦਰਜਾ ਸੀ.ਐਚ.ਸੀ. ਜਾਂ ਪੀ.ਐਚ.ਸੀ. ਵਜੋਂ ਨਿਰਧਾਰਿਤ ਕਰ ਦਿੱਤਾ ਹੈ; ਜੇਕਰ ਅਜਿਹਾ ਨਾ ਹੋਵੇ ਤਾਂ ਕੀ ਉਕਤ ਹਸਪਤਾਲ ਨੂੰ ਸੀ.ਐਚ.ਸੀ. ਤੱਕ ਅਪਗ੍ਰੇਡ ਕਰ ਦਿੱਤਾ ਜਾਵੇਗਾ?

(ਅ) ਕੀ ਸਰਕਾਰ ਸੀ.ਐਚ.ਸੀ. ਦੀਆਂ ਸਾਰੀਆਂ ਸਹੂਲਤਾਂ ਅਤੇ ਇਸ ਹਸਪਤਾਲ ਵਿਚ ਪੂਰਾ ਅਮਲਾ ਮੁਹੱਈਆ ਕਰਵਾਏਗੀ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਹੋਣ ਦੀ ਸੰਭਾਵਨਾ ਹੈ ?

**ਸ਼੍ਰੀ ਬ੍ਰਹਮ ਮਹਿੰਦਰਾ** : ਸ਼੍ਰੀਮਾਨ ਜੀ, (ੳ) ਮਿੰਨੀ ਪ੍ਰਾਇਮਰੀ ਹੈਲਥ ਸੈਂਟਰ, ਕਾਠਗੜ੍ਹ ਦੀ ਬਿਲਡਿੰਗ ਕਮਿਊਨਿਟੀ ਹੈਲਥ ਸੈਂਟਰ ਦੀ ਬਿਲਡਿੰਗ ਅਨੁਸਾਰ ਬਣ ਗਈ ਹੈ, ਪ੍ਰੰਤੂ ਅਜੇ ਤੱਕ ਅਪਗ੍ਰੇਡ ਨਹੀਂ ਹੋਈ ਹੈ। ਮਿੰਨੀ ਪ੍ਰਾਇਮਰੀ ਹੈਲਥ ਸੈਂਟਰ ਕਾਠਗੜ੍ਹ ਤੋਂ ਸਬ-ਡਵੀਜ਼ਨ ਹਸਪਤਾਲ, ਬਲਾਚੌਰ 15 ਕਿਲੋਮੀਟਰ ਦੂਰੀ ਤੇ ਹੈ ਅਤੇ ਜ਼ਿਲ੍ਹਾ ਹਸਪਤਾਲ ਰੂਪਨਗਰ 34 ਕਿਲੋਮੀਟਰ ਦੂਰੀ ਤੇ ਸਥਿਤ ਹੈ, ਜਿੱਥੇ ਮਰੀਜ਼ਾਂ ਨੂੰ ਸਾਰੀਆਂ ਸਿਹਤ ਸਹੂਲਤਾਂ ਉਪਲਬਧ ਹਨ।

(ਅ) ਕਮਿਊਨਿਟੀ ਹੈਲਥ ਸੈਂਟਰ ਦੇ ਨਾਰਮ ਅਨੁਸਾਰ ਪੋਸਟਾਂ ਮਨਜ਼ੂਰ ਕਰਨ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਕਮਿਊਨਿਟੀ ਹੈਲਥ ਸੈਂਟਰ ਅਪਗ੍ਰੇਡ ਹੋਣ ਉਪਰੰਤ ਸਾਰੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਰਕਾਰ ਯਤਨਸ਼ੀਲ ਹੈ।

**ਸ਼੍ਰੀ ਦਰਸ਼ਨ ਲਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ। ਮੈਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਕਾਠਗੜ੍ਹ ਦਾ ਹਸਪਤਾਲ ਹੈ, ਇਹ ਬਿਲਕੁਲ ਜੀ.ਟੀ. ਰੋਡ ਤੇ ਹੈ। ਇਥੇ ਐਕਸੀਡੈਂਟ ਬਹੁਤ ਹੁੰਦੇ ਹਨ ਅਤੇ ਇਹ ਨਜ਼ਦੀਕ ਹੋਣ ਦੇ ਨਾਤੇ, ਇਥੇ ਕਿਸੇ ਦੀ ਵੀ ਡਾਕਟਰ, ਐਸ.ਐਮ.ਓ. ਦੀ ਰਾਤ ਨੂੰ ਡਿਊਟੀ ਨਹੀਂ ਹੁੰਦੀ। ਮੈਂ ਇਹ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਉਥੇ ਰਾਤ ਨੂੰ ਜ਼ਰੂਰ ਡਾਕਟਰ ਡਿਪਿਊਟ ਕੀਤਾ ਜਾਵੇ।

**ਮਾਨਯੋਗ ਸਪੀਕਰ** : ਕਹਿੰਦੇ ਹਨ ਕਿ night ਡਿਊਟੀ ਤੇ ਜ਼ਰੂਰ ਡਾਕਟਰ ਦੀ ਸੇਵਾ ਮਿਲੇ।

**ਮੰਤਰੀ** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ.ਐਲ.ਏ. ਸਾਹਿਬ ਨੂੰ ਐਸ਼ਿਓਰ ਕਰਨਾ ਚਾਹੁੰਦਾ ਹਾਂ ਕਿ ਮੈਂ ਸਾਰੀ ਗੱਲ ਨੂੰ ਖੁਦ ਐਗਜ਼ਾਮਿਨ ਕਰਕੇ, ਪਤਾ ਲੈ ਕੇ ਜੋ ਜੋ ਕਮੀਆਂ ਹਨ, ਉਹ ਪੂਰੀਆਂ ਕਰਾਂਗੇ।

**ਸ਼੍ਰੀ ਦਰਸ਼ਨ ਲਾਲ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ।

----------

## ਫਰੀਦਕੋਟ ਜੇਲ੍ਹ ਵਿਚਲੇ ਗਿਆਨੀ ਜ਼ੈਲ ਸਿੰਘ ਦੇ ਸੈੱਲ ਨੂੰ ਯਾਦਗਾਰ ਵਜੋਂ ਸੰਭਾਲਣਾ

*1283. **ਸਰਦਾਰ ਪਰਮਿੰਦਰ ਸਿੰਘ ਪਿੰਕੀ** : ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗਿਆਨੀ ਜ਼ੈਲ ਸਿੰਘ ਵੱਲੋਂ ਆਜ਼ਾਦੀ ਘੁਲਾਟੀਏ ਵਜੋਂ ਫਰੀਦਕੋਟ ਜੇਲ੍ਹ ਦੇ ਜਿਸ ਸੈੱਲ ਵਿੱਚ ਕੈਦ ਕੱਟੀ ਗਈ ਸੀ, ਕੀ ਸਰਕਾਰ ਉਸ ਸੈੱਲ ਨੂੰ ਯਾਦਗਾਰ ਵਜੋਂ ਸੰਭਾਲਣ ਦਾ ਇਰਾਦਾ ਰੱਖਦੀ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਹਾਂ ਜੀ, ਭਾਰਤ ਦੇ ਪੂਰਵ ਰਾਸ਼ਟਰਪਤੀ ਮਾਨਯੋਗ ਗਿਆਨੀ ਜ਼ੈਲ ਸਿੰਘ ਜੀ ਵੱਲੋਂ ਆਜ਼ਾਦੀ ਘੁਲਾਟੀਏ ਵਜੋਂ ਫਰੀਦਕੋਟ ਜੇਲ੍ਹ ਦੇ ਜਿਸ ਸੈੱਲ ਵਿਚ ਕੈਦ ਕੱਟੀ ਗਈ ਸੀ, ਸਰਕਾਰ ਉਸ ਸੈੱਲ ਨੂੰ ਯਾਦਗਾਰ ਵਜੋਂ ਸੰਭਾਲਣ ਦਾ ਇਰਾਦਾ ਰੱਖਦੀ ਹੈ। ਇਸ ਅਨੁਸਾਰ ਹੀ ਵਿਭਾਗ ਵੱਲੋਂ ''The Punjab Ancient and Historical Monuments and Archaeological Sites and Remains Act, 1964 ਅਧੀਨ ਫਰੀਦਕੋਟ ਜੇਲ੍ਹ ਵਿੱਚ ਸਥਿਤ ਇਸ ਸੈੱਲ ਅਤੇ ਆਸ-ਪਾਸ ਦੇ ਰਕਬੇ ਨੂੰ ਸਾਲ 2014 ਵਿੱਚ ਸੁਰੱਖਿਅਤ ਸਮਾਰਕ ਘੋਸ਼ਿਤ ਕੀਤਾ ਜਾ ਚੁੱਕਾ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਆਨਰੇਬਲ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਕੋਈ ਸ਼ਖਸੀਅਤ ਨਹੀਂ ਸਨ ਬਲਕਿ ਉਹ ਸੰਸਥਾ ਰੂਪ ਸਨ। ਕਿਸ ਤਰ੍ਹਾਂ ਗਰਾਸ ਰੂਟ ਤੋਂ ਉਠਿਆ ਹੋਇਆ ਬੰਦਾ ਹਿੰਦੁਸਤਾਨ ਦੀ ਸਭ ਤੋਂ ਵੱਡੀ ਪਦਵੀ ਉਤੇ ਪਹੁੰਚਿਆ ਹੈ ।

ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ 13ਵੇਂ ਵਿੱਤ ਕਮਿਸ਼ਨ ਵਿਚ, ਉਸ ਦੀਆਂ ਸਿਫਾਰਸ਼ਾਂ ਰਾਹੀਂ 25 ਕਰੋੜ ਰੁਪਏ ਪਿਛਲੀ ਸਰਕਾਰ ਕੋਲ ਆਏ ਸੀ ਉਹ monuments ਕਿਹੜੇ ਕਿਹੜੇ ਹਨ ਜਿਨ੍ਹਾਂ ਲਈ ਉਹ ਪੈਸੇ ਆਏ ਸੀ, ਉਹ ਗੋਬਿੰਦਗੜ੍ਹ ਫੋਰਟ, ਰਾਮਬਾਗ ਗਾਰਡਨ, ਕੋਸ਼ਲਿਆ ਟੈਂਪਲ, ਦਰਬਾਰ ਹਾਲ । ਅਜਿਹੇ ਕਰੀਬ ਕਰੀਬ 19 ਹਨ ਲੇਕਿਨ ਉਹ ਗਰਾਂਟ ਕਿਸੇ ਹੋਰ ਪਾਸੇ ਡਾਈਵਰਟ ਕਰ ਦਿੱਤੀ ਗਈ । ਇਸ ਕਰਕੇ ਸਾਡੇ ਕੋਲ ਹੁਣ 40 ਕਰੋੜ ਰੁਪਿਆ ਐਫ.ਐਮ.ਸਾਹਿਬ ਨੇ ਅਲਾਟ ਕੀਤਾ ਹੈ। ਜਿਵੇਂ ਜਿਵੇਂ ਗਰਾਂਟ ਆਈ ਜਾਂਦੀ ਹੈ, ਅਸੀਂ ਫੇਸਿਜ਼ ਵਿਚ ਇਸ ਨੂੰ ਜ਼ਰੂਰ ਮੁਕੰਮਲ ਕਰਾਂਗੇ।

**ਸਰਦਾਰ ਪਰਮਿੰਦਰ ਸਿੰਘ ਪਿੰਕੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਇਸ ਨੂੰ ਟਾਈਮ ਬਾਊਂਡ ਕਰ ਦਿੱਤਾ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਐਫ.ਐਮ.ਸਾਹਿਬ ਨੇ 43 ਕਰੋੜ ਰੁਪਿਆ ਅਲਾਟ ਕੀਤਾ ਹੈ, ਇਸ ਵਿਚ ਇਸ ਫੇਜ਼ ਲਈ ਕਿੰਨੇ ਪੈਸੇ ਅਲਾਟ ਹੋਏ ਹਨ, ਇਹ ਉਸ ਉਤੇ ਨਿਰਭਰ ਕਰਦਾ ਹੈ ਕਿ ਕਿੰਨੇ ਟਾਈਮ ਵਿਚ ਇਹ ਮੁਕੰਮਲ ਕਰਨਾ ਹੈ ਲੇਕਿਨ ਫਿਰ ਵੀ ਮੈਂ ਮੈਂਬਰ ਸਾਹਿਬ ਨੂੰ ਐਸ਼ੋਰੈਂਸ ਦਿੰਦਾ ਹਾਂ ਕਿ ਜੋ ਵੀ ਉਨ੍ਹਾਂ ਦੀ ਡਿਮਾਂਡ ਹੈ, ਉਸ ਨੂੰ ਕਿਸੇ ਨਾ ਕਿਸੇ ਤਰੀਕੇ ਪੂਰਾ ਕੀਤਾ ਜਾਵੇਗਾ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦੀ ਹਾਂ ਲੇਕਿਨ ਤੁਹਾਡੇ ਰਾਹੀਂ ਮੰਤਰੀ ਜੀ ਦੇ ਚਰਨਾਂ ਵਿਚ ਇੱਕ ਗੱਲ ਰੱਖਣੀ ਚਾਹਾਂਗਾ ਕਿ ਰਾਜਨੀਤੀ ਵਿਚ ਕੁਝ ਵਿਲੱਖਣ, ਕੋਈ ਵਿਰਲੀਆਂ ਹੀ ਸ਼ਖਸੀਅਤਾਂ ਹੋਈਆਂ ਹਨ। ਮੈਂ ਇਹ ਨਹੀਂ ਕਹਿੰਦਾ ਕਿ ਬਹੁਤ ਘੱਟ ਹੋਈਆਂ ਪਰ ਆਪਾਂ ਉਨ੍ਹਾਂ ਨੂੰ ਗਿਣ ਸਕਦੇ ਹਾਂ। ਪੰਜਾਬ ਦੇ ਵਿਚੋਂ ਪਾਕ ਸਾਫ ਦਾਮਨ ਰੱਖ ਕੇ ਇਸ ਲੈਵਲ ਤੇ ਜਾਣ ਵਾਲੇ ਗਿਆਨੀ ਜ਼ੈਲ ਸਿੰਘ ਜੀ ਸਨ ਜਿਨ੍ਹਾਂ ਨੇ ਨਾ ਆਪਣੇ ਪਰਿਵਾਰ ਲਈ ਕੁਝ ਬਣਾਇਆ, ਨਾ ਕੋਈ ਕੁਰੱਪਸ਼ਨ ਕੀਤੀ। ਇਹ ਆਉਣ ਵਾਲੀ ਪੀੜ੍ਹੀ ਨੂੰ ਇੱਕ ਪ੍ਰੇਰਣਾ ਸਰੋਤ ਹੋਵੇਗਾ । ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਨੂੰ ਜੇ ਪ੍ਰਾਇਰਿਟੀ ਉੱਤੇ, ਜਲਦੀ ਰੱਖਣ ਦੀ ਕੋਸ਼ਿਸ਼ ਕਰਨਗੇ ਤਾਂ ਬੜਾ ਚੰਗਾ ਹੋਵੇਗਾ।

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਪਾਰਟੀਆਂ ਤੋਂ ਉਤੇ ਉਠ ਕੇ ਇਹ ਜਿਹੜੀ ਤਾਰੀਫ ਕੀਤੀ ਹੈ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਔਰ ਮੈਂ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਪ੍ਰਾਇਰਿਟੀ ਨਹੀਂ, ਇਸ ਨੂੰ ਟਾਪ ਪ੍ਰਾਇਰਿਟੀ ਦਿੱਤੀ ਜਾਵੇਗੀ ।

**Mr. Speaker:** Thank you.

----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 761**

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

----------

## ਪਿੰਡ ਪਾਪੜੀ ਦੀ ਸ਼ਾਮਲਾਟ ਜ਼ਮੀਨ ਵੇਚਣਾ

*1082. **ਸਰਦਾਰ ਬਲਬੀਰ ਸਿੰਘ ਸਿੱਧੂ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਸੰਨ 2016 ਵਿੱਚ ਸਰਕਾਰ ਵੱਲੋਂ ਤਹਿਸੀਲ ਮੋਹਾਲੀ ਦੇ ਪਿੰਡ ਪਾਪੜੀ ਦੀ ਕੋਈ ਸ਼ਾਮਲਾਤ ਜ਼ਮੀਨ ਕਿਸੇ ਨਿੱਜੀ ਕੰਪਨੀ ਨੂੰ ਵੇਚੀ ਗਈ ਸੀ;

(ਅ) ਜੇਕਰ ਹਾਂ ਤਾਂ ਜ਼ਮੀਨ ਕਿਸ ਨਿੱਜੀ ਕੰਪਨੀ ਨੂੰ ਕਿੰਨੀ ਤੇ ਕਿਸ ਭਾਅ ਵੇਚੀ ਗਈ ਸੀ ਤੇ ਇਸ ਜ਼ਮੀਨ ਦੀ ਰਜਿਸਟਰੀ ਕਿਸ ਤਰੀਕ ਨੂੰ ਹੋਈ ਸੀ;

(ੲ) ਕੀ ਜਿੰਨੀ ਜ਼ਮੀਨ ਇਸ ਨਿੱਜੀ ਕੰਪਨੀ ਵੱਲੋਂ ਖਰੀਦੀ ਗਈ ਸੀ, ਕੰਪਨੀ ਵੱਲੋਂ ਉਤਨੀ ਜ਼ਮੀਨ ਤੇ ਹੀ ਕਬਜ਼ਾ ਹੈ ਜਾਂ ਵੱਧ ਹੈ; ਜੇਕਰ ਹਾਂ ਤਾਂ ਕਿੰਨੀ ਜ਼ਮੀਨ ਤੇ?

**ਡਿਬੇਟ ਦੀ ਛਪਾਈ ਤੱਕ ਨਿਸ਼ਾਨ ਵਾਲਾ ਪ੍ਰਸ਼ਨ ਨੰ: 761 ਦਾ ਜਵਾਬ ਪ੍ਰਾਪਤ ਨਹੀਂ ਹੋਇਆ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, (ੳ) ਨਹੀਂ ਜੀ। ਸਾਲ 2016 ਵਿੱਚ ਪਿੰਡ ਪਾਪੜੀ ਦੀ ਕੋਈ ਸ਼ਾਮਲਾਤ ਜ਼ਮੀਨ ਸਰਕਾਰ ਵੱਲੋਂ ਕਿਸੇ ਨਿੱਜੀ ਕੰਪਨੀ ਨੂੰ ਨਹੀਂ ਵੇਚੀ ਗਈ। ਫਰਵਰੀ, 2017 ਵਿੱਚ ਸ਼ਾਮਲਾਤ ਜ਼ਮੀਨ ਇੱਕ ਨਿੱਜੀ ਕੰਪਨੀ ਨੂੰ ਵੇਚਣ ਦੀ ਪ੍ਰਵਾਨਗੀ ਸਰਕਾਰ ਵੱਲੋਂ ਜਾਰੀ ਕੀਤੀ ਗਈ ਸੀ।

ਅ) ਇਹ 46 ਕਨਾਲ 7 ਮਰਲੇ ਸ਼ਾਮਲਾਤ ਜ਼ਮੀਨ ਜਨਤਾ ਲੈਂਡ ਪ੍ਰਮੋਟਰਜ਼ ਪ੍ਰਾਈਵੇਟ ਲਿਮਟਿਡ ਕੰਪਨੀ ਨੂੰ 3.00 ਕਰੋੜ ਰੁਪਏ ਪ੍ਰਤੀ ਏਕੜ ਦਰ ਨਾਲ ਵੇਚਣ ਦੀ ਪ੍ਰਵਾਨਗੀ ਜਾਰੀ ਕੀਤੀ ਗਈ ਸੀ। ਇਸ ਜ਼ਮੀਨ ਦੀ ਰਜਿਸਟਰੀ ਅਜੇ ਨਹੀਂ ਹੋਈ ਹੈ।

ੲ) ਜਿੰਨੀ ਜ਼ਮੀਨ ਕੰਪਨੀ ਨੂੰ ਵੇਚਣ ਦੀ ਪ੍ਰਵਾਨਗੀ ਜਾਰੀ ਕੀਤੀ ਗਈ ਸੀ। ਕੰਪਨੀ ਦਾ ਉਤਨੀ ਜ਼ਮੀਨ ਤੇ ਹੀ ਕਬਜ਼ਾ ਹੈ।

ਸਪੀਕਰ ਸਾਹਿਬ, 2016 ਵਿਚ ਪਾਪੜੀ ਪਿੰਡ ਵਿਚ ਕੋਈ ਸ਼ਾਮਲਾਤ ਜ਼ਮੀਨ ਦਾ ਐਗਰੀਮੈਂਟ ਸਰਕਾਰ ਨੇ ਪ੍ਰਾਈਵੇਟ ਕੰਪਨੀ ਨਾਲ ਕੀਤਾ ਸੀ । ਉਸ ਵਿਚ ਬਿਆਨਾ ਵੀ ਹੋ ਗਿਆ ਸੀ, ਪੰਚਾਇਤ ਦੀ ਆਪਣੀ ਜ਼ਮੀਨ ਸੀ, ਪੰਚਾਇਤ ਵੀ ਰਾਜ਼ੀ ਸੀ। ਜਦੋਂ ਬਿਆਨਾ ਹੋ ਜਾਵੇ ਤਾਂ ਫਿਰ ਬਿਆਨੇ ਵਿਚ ਕਬਜ਼ਾ ਵੀ ਹੋ ਜਾਂਦਾ ਹੈ, ਇਹ 46 ਕਨਾਲ 7 ਮਰਲੇ ਸ਼ਾਮਲਾਤ ਜ਼ਮੀਨ ਹੈ । ਤਿੰਨ ਕਰੋੜ ਪ੍ਰਤੀ ਏਕੜ ਦੇ ਹਿਸਾਬ ਨਾਲ ਇਸ ਦਾ ਸੌਦਾ ਹੋਇਆ ਹੈ। ਇਸ ਜ਼ਮੀਨ ਨੂੰ ਵੇਚਣ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ ਭਾਵੇਂ ਕਿ ਉਹ ਮਨਿਸਟਰ ਲੈਵਲ ਤੇ ਨਹੀਂ ਗਈ, ਸੈਕਟਰੀ ਲੈਵਲ ਤੇ ਹੀ ਮੁੱਕ ਗਈ ਹੈ ਪਰ ਜਿਹੜੀ ਇਹ ਕਹਿੰਦੇ ਹਨ ਕਿ ਇਸ ਵੇਲੇ ਉਥੇ ਕੰਸਟ੍ਰਕਸ਼ਨ ਹੋ ਰਹੀ ਹੈ ਉਹ ਨਹੀਂ ਹੋ ਰਹੀ, ਸੜਕਾਂ ਬਣੀਆਂ ਹਨ, ਉਸ ਤਰ੍ਹਾਂ ਕੋਈ ਕੰਸਟ੍ਰਕਸ਼ਨ ਨਹੀਂ ਹੋ ਰਹੀ।

**ਮਾਨਯੋਗ ਸਪੀਕਰ :** ਉਹ ਕਹਿ ਰਹੇ ਹਨ ਕਿ ਕੰਸਟ੍ਰਕਸ਼ਨ ਨਹੀਂ ਹੋ ਰਹੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਨਹੀਂ ਜੀ। ਮੈਂ ਜਿਹੜੀ ਗੱਲ ਕਰਨ ਵਾਲੀ ਹੈ ਉਹ ਕਰਦਾ ਹਾਂ। ਬਾਜਵਾ ਸਾਹਿਬ ਨੇ ਗੱਲ ਅਧੂਰੀ ਕੀਤੀ ਹੈ, ਮੇਰੇ ਵੱਡੇ ਭਰਾ ਹਨ, ਮੈਂ ਸਤਿਕਾਰ ਕਰਦਾ ਹਾਂ। ਜਿਹੜੀ ਇਸ ਤੋਂ ਪਹਿਲਾਂ ਵਾਲੀ, ਸਾਹਮਣੇ ਬੈਠੇ ਵਾਲਿਆਂ ਦੀ ਸਰਕਾਰ ਸੀ ਉਨ੍ਹਾਂ ਜਾਣ ਲੱਗਿਆਂ, ਪਹਿਲਾਂ ਦਸ ਸਾਲ ਪੰਜਾਬ ਦੇ ਖਜ਼ਾਨੇ ਨੂੰ ਆਪ ਵੀ ਲੁੱਟਿਆ ਤੇ ਆਪਣੇ ਲੋਕਾਂ ਨੂੰ ਵੀ ਲੁਟਾਇਆ।(ਵਿਘਨ) ਤੁਸੀਂ ਬਹਿ ਜਾਓ (ਸ਼੍ਰੀ ਐਨ.ਕੇ.ਸ਼ਰਮਾ ਵੱਲ ਇਸ਼ਾਰਾ) ਟਿਕ ਕੇ ਬੈਠ ਜਾਓ, ਤੁਹਾਨੂੰ ਗੱਲ ਨਹੀਂ ਸੁਣੀ, ਟਿਕ ਕੇ ਬੈਠ ਜਾਓ, ਬਾਅਦ ਵਿਚ ਆਪਣੀ ਗੱਲ ਕਰ ਲੈਣਾ।(ਵਿਘਨ) ਬੈਠ ਟਿਕ ਕੇ, (ਵਿਘਨ) ਸਵਾਲ ਮੇਰਾ ਹੈ, ਤੇਰਾ ਕੀ ਮਤਲਬ ਹੈ? ਗੱਲਾਂ ਮਾਰਦਾ ਹੈ?

**ਮਾਨਯੋਗ ਸਪੀਕਰ :** ਪਲੀਜ਼, ਪਲੀਜ਼। ਤੁਸੀਂ ਚੇਅਰ ਨੂੰ ਐਡਰੈਸ ਕਰੋ। ਸਿੱਧੂ ਸਾਹਿਬ, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਰ, ਮੇਰਾ ਸਵਾਲ ਹੈ, ਤੁਹਾਡਾ ਕੀ ਮਤਲਬ ਹੈ..

**ਮਾਨਯੋਗ ਸਪੀਕਰ :** ਤੁਸੀਂ ਚੇਅਰ ਨੂੰ ਐਡਰੈਸ ਕਰੋ, ਸਿੱਧੂ ਸਾਹਿਬ, ਚੇਅਰ ਨੂੰ ਐਡਰੈਸ ਕਰੋ....(ਵਿਘਨ)

**ਸ਼੍ਰੀ ਐਨ.ਕੇ.ਸ਼ਰਮਾ (ਬੈਠੇ ਬੈਠੇ):** ਇਹ ** ਹਨ।

**ਮਾਨਯੋਗ ਸਪੀਕਰ:** ** ** ਸ਼ਬਦ ਕੱਟ ਦਿਉ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਵੱਡਾ ** ਤਾਂ ਇਹ ਹੈ ਜੀ।

**ਮਾਨਯੋਗ ਸਪੀਕਰ:** ** ** ਇਹ ਵੀ ਕੱਟ ਦਿਉ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਰ, ਮੇਰੇ ਉਤੇ ਜੇ ਕੋਈ ਦਾਗ ਹੋਵੇ ਤਾਂ ਮੈਂ ਗੁਰਦੁਆਰੇ ਜਾ ਕੇ ਸਹੁੰ ਖਾਣ ਨੂੰ ਤਿਆਰ ਹਾਂ। ਕੋਈ ਬੰਦਾ ਕਹਿ ਦੇਵੇ ਕਿ ਮੈਂ 25 ਸਾਲ ਦੀ ਸਿਆਸਤ ਵਿੱਚ ਕੁਝ ਅਜਿਹਾ ਕੀਤਾ ਹੋਵੇ।

**ਸ਼੍ਰੀ ਐਨ.ਕੇ. ਸ਼ਰਮਾ** : ਮੈਂ ਕਹਿੰਦਾ ਹਾਂ ਕਿ ਤੂੰ ** ** ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ** : *** ***

**ਮਾਨਯੋਗ ਸਪੀਕਰ** : ਤੁਸੀਂ ਪਲੀਜ਼ ਚੇਅਰ ਨੂੰ ਐਡਰੈਸ ਕਰੋ। ਕੁਐਸਚਨ ਆਵਰ ਦੀ ਸੈਂਕਟਿਟੀ ਬਣਾ ਕੇ ਰੱਖੋ।

**ਸਰਦਾਰ ਬਲਬੀਰ ਸਿੰਘ ਸਿੱਧੂ** : ਗੱਲ ਇਹ ਸੀ ਕਿ ਪਿੰਡ ਪਾਪੜੀ ਏਅਰ ਪੋਰਟ ਰੋਡ ਤੇ ਪੈਂਦਾ ਹੈ। ਉਸ ਪਿੰਡ ਦੀ 46 ਕਨਾਲ 7 ਮਰਲੇ ਸ਼ਾਮਲਾਤ ਜ਼ਮੀਨ ਸੀ। ਉਸ ਪਿੰਡ ਦਾ ਸਰਪੰਚ ਅਕਾਲੀ ਸੀ। ਮਿਤੀ 14.12.2016 ਨੂੰ ਇੱਕ ਮੀਟਿੰਗ ਕਰਕੇ, ਸਿਰਫ ਇਕੋ ਮੀਟਿੰਗ ਕਰਕੇ ਉਸ ਵਿੱਚ ਇਹ ਮਤਾ ਪਾਸ ਕਰ ਦਿੱਤਾ, ਨਾ ਕੋਈ ਅਖਬਾਰ ਵਿੱਚ ਐਡ ਦਿੱਤੀ ਕਿ ਇਹ ਜ਼ਮੀਨ ਕਿਵੇਂ ਦੇਣੀ ਹੈ, ਨਾ ਕੋਈ ਇਸ਼ਤਿਹਾਰ ਦਿੱਤਾ (ਵਿਘਨ.) ਮੇਰੀ ਗੱਲ ਸੁਣੋ। ਇਨ੍ਹਾਂ ਨੇ ਆਪਣੀ ਮਰਜ਼ੀ ਨਾਲ ਤਿੰਨ ਕਰੋੜ ਪ੍ਰਤੀ ਏਕੜ ਉਹ ਜ਼ਮੀਨ ਦੇ ਦਿੱਤੀ। ਉਹ ਕਿਹੜੇ ਕਿਹੜੇ ਅਫਸਰ ਸਨ? ਜਿਹੜੇ ਅਫਸਰ ਇਸ ਤੋਂ ਪਹਿਲਾਂ ਮੈਂ ਝਿਊਰਹੇੜੀ ਕਾਂਡ ਵਿੱਚ ਅੰਦਰ ਕਰਵਾਏ ਹਨ। ਉਨ੍ਹਾਂ ਨੇ ਜ਼ਮੀਨ ਦਿੱਤੀ, ਤਹਿਸੀਲਦਾਰ ਨੇ ਆਪਣੇ ਸਾਈਨ ਨਹੀਂ ਕੀਤੇ। ਬਕਾਇਦਾ ਇੱਕ ਪਰਚਾ ਉਨ੍ਹਾਂ ਅਫਸਰਾਂ ਉੱਤੇ ਪਿੰਡ ਝਿਊਰਹੇੜੀ ਦਾ ਹੋਇਆ ਹੈ ਅਤੇ ਦੂਸਰਾ ਪਰਚਾ ਬਲਾਕ ਸੰਮਤੀ, ਖਰੜ ਦਾ ਹੋਇਆ ਹੈ। ਮੈਨੂੰ ਇਹ ਦੱਸੋ ਕਿ ਪੰਜਾਬ ਦੀ ਸਰਕਾਰ ਦਾ ਖਜ਼ਾਨਾ ਲੁਟਾਇਆ ਜਾ ਸਕਦਾ ਹੈ? ਦੂਜੀ ਗੱਲ, ਇਹ ਕਹਿ ਰਹੇ ਹਨ ਕਿ ਕਬਜ਼ਾ ਨਹੀਂ ਕੀਤਾ, ਸੜਕਾਂ ਬਣਾ ਲਈਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ 1964 ਦੇ ਐਕਟ ਦੇ ਰੂਲ 12 ਮੁਤਾਬਿਕ ਜਿੰਨੀ ਦੇਰ ਤੱਕ ਰਜਿਸਟਰੀ ਨਹੀਂ ਹੁੰਦੀ, ਉਤਨੀ ਦੇਰ ਜ਼ਮੀਨ ਤੇ ਕਬਜ਼ਾ ਨਹੀਂ ਕੀਤਾ ਜਾ ਸਕਦਾ। ਇੱਕ ਆਮ ਗੱਲ ਹੈ, ਜਦੋਂ ਆਪਾਂ ਘਰ ਵੇਚਦੇ ਹਾਂ ਜਾਂ ਲੈਂਦੇ ਹਾਂ ਤਾਂ ਕੀ ਕਦੇ ਆਪਣਾ ਬਿਆਨੇ ਤੇ ਕਬਜ਼ਾ ਹੋਇਆ ਹੈ? ਸਾਰਾ ਕੁਝ ਸਰਕਾਰ ਨੇ ਛਿੱਕੇ ਟੰਗ ਦਿੱਤਾ। ਸਾਡੀ 100 ਕਰੋੜ ਦੀ ਪ੍ਰਾਪਰਟੀ ਹੈ....

**ਮਾਨਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ।

---

** Expunged as ordered by the Chair.

*** Expunged as per the Ruling dated 13.3.2013

**ਸਰਦਾਰ ਬਲਬੀਰ ਸਿੰਘ ਸਿੱਧੂ** : ਮੈਂ ਇਹ ਨਹੀਂ ਕਹਿੰਦਾ ਕਿ ਜ਼ਮੀਨ ਨਾ ਦਿਓ। ਜ਼ਮੀਨ ਦੇ ਦਿਓ, ਮੈਨੂੰ ਕੋਈ ਇਤਰਾਜ਼ ਨਹੀਂ ਹੈ ਪਰ ਜਿਹੜੀ ਗਮਾਡਾ ਦੀ ਲੈਂਡ ਪੂਲਿੰਗ ਪਾਲਿਸੀ ਹੈ, ਉਸ ਤਹਿਤ ਜ਼ਮੀਨ ਦਿਓ ਤਾਂ ਕਿ ਪੰਚਾਇਤ ਨੂੰ for life income ਹੁੰਦੀ ਰਹੇ, ਉਸ ਦੇ ਛੇ ਸ਼ੋ ਰੂਮ ਮਿਲਣੇ ਹਨ । ਅੱਜ ਸ਼ੋਅ ਰੂਮ ਦੀ ਕੀਮਤ ਪਤਾ ਕਿੰਨੀ ਹੈ? ਇਹ ਸਾਢੇ 7 ਕਰੋੜ ਰੁਪਿਆ ਹੈ । ਜਿਹੜੀ ਉਥੇ ਜਗ੍ਹਾ ਹੈ ਉਸ 6,000 ਗਜ਼ ਦੀ ਕੀਮਤ ਅੱਜ 50,000 ਰੁਪਿਆ ਪ੍ਰਤੀ ਗਜ਼ ਹੈ। ਇਹ 80 ਕਰੋੜ ਦਾ ਮਾਲ ਹੈ, ਜਿਹੜਾ ਸਿਰਫ 18 ਕਰੋੜ ਵਿੱਚ ਲੁਟਾ ਦਿੱਤਾ। ਮੈਂ ਕਹਿੰਦਾ ਹਾਂ ਕਿ ਇਸ ਦੀ ਆਕਸ਼ਨ ਕਰਵਾਓ, ਲੈਂਡ ਪੂਲਿੰਗ ਵਿੱਚ ਦੇ ਦਿਓ। ਮੈਨੂੰ ਜ਼ਮੀਨ ਦੇਣ ਵਿੱਚ ਕੋਈ ਇਤਰਾਜ਼ ਨਹੀਂ ਹੈ ਪਰ ਇਹ ਕਹਿਣਾ ਚਾਹੁੰਦਾ ਹਾਂ ਕਿ 54 ਕਰੋੜ ਰੁਪਿਆ ਪਿੰਡ ਝਿਊਰਹੇੜੀ ਦਾ ਗਿਆ, ਸਾਢੇ 6 ਕਰੋੜ ਰੁਪਿਆ ਬਲਾਕ ਸੰਮਤੀ, ਖਰੜ ਦਾ ਗਿਆ ਅਤੇ 50 ਕਰੋੜ ਰੁਪਿਆ ਇਹ ਵੀ ਚਲਾ ਜਾਵੇਗਾ। ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਕੀ ਇਸ ਜ਼ਮੀਨ ਨੂੰ ਲੈਂਡ ਪੂਲਿੰਗ ਵਿੱਚ ਦਿਉਗੇ? ਜਿਹੜਾ ਪਹਿਲਾਂ ਹੋਇਆ ਹੈ ਕੀ ਇਸ ਨੂੰ ਰੱਦ ਕਰੋਗੇ ਅਤੇ ਜਿਨ੍ਹਾਂ ਨੇ ਇਹ ਕਬਜ਼ਾ ਕੀਤਾ ਹੈ, ਉਸ ਦੇ ਖਿਲਾਫ ਕੋਈ ਕਾਰਵਾਈ ਕਰਨਗੇ?

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ....

**ਮਾਨਯੋਗ ਸਪੀਕਰ** : ਪਹਿਲਾਂ ਉਨ੍ਹਾਂ ਦੀ ਗੱਲ ਦਾ ਜਵਾਬ ਆ ਲੈਣ ਦਿਓ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਜੋ ਕਨਸਰਨ ਹੈ, ਉਹ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ। ਲੈਂਡ ਪੂਲਿੰਗ ਦੀ ਗੱਲ ਅੱਜ ਮੇਰੇ ਸਾਹਮਣੇ ਨਵੀਂ ਆਈ ਹੈ। ਇਸ ਸਬੰਧੀ ਫਾਈਲ ਮੇਰੇ ਕੋਲ ਕਲੀਅਰੈਂਸ ਵਾਸਤੇ ਆਈ ਹੈ, ਮੈਂ ਹਾਲੇ ਕਲੀਅਰ ਕੀਤੀ ਨਹੀਂ ਹੈ। ਮੈਂ ਅਤੇ ਸੀ.ਐਮ. ਸਾਹਿਬ ਡਿਸਕਸ ਕਰ ਲਵਾਂਗੇ। ਜਿਹੋ ਜਿਹਾ ਕਾਨੂੰਨ ਹੋਵੇਗਾ, ਲੈਂਡ ਪੂਲਿੰਗ ਵਾਲੇ ਪਾਸੇ ਜ਼ਰੂਰ ਪਾਵਾਂਗੇ, ਜਿਸ ਵਿੱਚ ਸਰਕਾਰ ਦਾ ਫਾਇਦਾ ਹੋਵੇਗਾ, ਉਹ ਕਰਾਂਗੇ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੇਰੀ ਮਨਸ਼ਾ ਜ਼ਮੀਨ ਨਾ ਦੇਣ ਦੀ ਨਹੀਂ ਹੈ। ਮੇਰੀ ਮਨਸ਼ਾ ਇਹ ਹੈ ਕਿ ਪਹਿਲਾਂ ਪਿੰਡ ਝਿਊਰਹੇੜੀ ਦਾ ਪੈਸਾ ਪੰਚਾਇਤ ਨੂੰ ਮਿਲੇ, ਜਿਹੜਾ ਖੁਰਦ-ਬੁਰਦ ਹੋ ਗਿਆ ਹੈ। ਇਹ ਪੰਚਾਇਤ ਦਾ ਪੱਕਾ ਗਹਿਣਾ ਬਣਦਾ ਹੈ। ਕੀ ਆਪਾਂ ਉਸ ਗਹਿਣੇ ਨੂੰ ਖਰਾਬ ਕਰਨਾ ਹੈ? ਚਾਹੇ ਉਸ ਦੀ ਆਕਸ਼ਨ ਕਰਵਾ ਲਓ। ਜਿਹੜਾ ਬੰਦਾ ਵੱਧ ਬੋਲੀ ਦੇਵੇਗਾ, ਉਸ ਨੂੰ ਜ਼ਮੀਨ ਦੇ ਦਿਓ। ਇਸ ਤਰ੍ਹਾਂ ਤਾਂ ਨਹੀਂ ਕਿ ਆਪਾਂ ਸਰਕਾਰ ਦਾ ਪੈਸਾ ਲੁਟਾ ਦੇਈਏ।

**ਮਾਨਯੋਗ ਸਪੀਕਰ** : ਵਜ਼ੀਰ ਸਾਹਿਬ ਨੇ ਕਹਿ ਦਿੱਤਾ ਹੈ ਕਿ ਸੀ.ਐਮ. ਸਾਹਿਬ ਨਾਲ ਸਲਾਹ ਕਰ ਲਵਾਂਗੇ।

**ਸਰਦਾਰ ਬਲਬੀਰ ਸਿੰਘ ਸਿੱਧੂ** : ਪਰ ਮੈਨੂੰ ਐਸ਼ੋਰੈਂਸ ਨਹੀਂ ਮਿਲੀ ਜੀ। ਮੇਰੇ ਕੋਲ ਜ਼ਮੀਨ ਉਤੇ ਕਬਜ਼ੇ ਦੀਆਂ ਫੋਟੋਆਂ ਵੀ ਹਨ।

**ਮਾਨਯੋਗ ਸਪੀਕਰ** : ਉਹ ਕਹਿ ਰਹੇ ਹਨ ਕਿ ਸੀ.ਐਮ. ਸਾਹਿਬ ਨਾਲ ਸਲਾਹ ਕਰਕੇ ਫੇਰ ਇਸ ਤੇ ਕਾਰਵਾਈ ਕਰਨਗੇ। ਇਹ ਗੱਲ ਮੰਤਰੀ ਜੀ ਨੇ ਕਹੀ ਹੈ। ਹਾਂ ਜੀ, ਸ਼ਰਮਾ ਜੀ।

**ਸ਼੍ਰੀ ਐਨ.ਕੇ. ਸ਼ਰਮਾ** : ਇਹ ਬੜੇ ਕਾਬਲ ਐਮ.ਐਲ.ਏ. ਹਨ, ਬਹੁਤ ਵਧੀਆ ਇਨ੍ਹਾਂ ਨੇ ਗੱਲ ਕੀਤੀ ਹੈ...

**ਮਾਨਯੋਗ ਸਪੀਕਰ** : ਉਨ੍ਹਾਂ ਦੀ ਕਾਬਲੀਅਤ ਦੀ ਗੱਲ ਛੱਡੋ, ਤੁਸੀਂ ਆਪਣੀ ਗੱਲ ਕਰੋ।

**ਸ਼੍ਰੀ ਐਨ.ਕੇ. ਸ਼ਰਮਾ** : ਇਨ੍ਹਾਂ ਨੇ ਕਿਹਾ ਹੈ ਕਿ 80 ਕਰੋੜ ਰੁਪਏ ਦੀ ਛੇ ਏਕੜ ਜ਼ਮੀਨ ਹੈ। ਇਸ ਦਾ ਮਤਲਬ ਹੈ ਕਿ 13 ਕਰੋੜ ਰੁਪਿਆ ਇੱਕ ਏਕੜ ਦੀ ਕੀਮਤ ਬਣਦੀ ਹੈ, ਇਹ ਵਧੀਆ ਗੱਲ ਹੈ। ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਸਾਹਮਣੇ ਵਾਲੇ ਸੀ.ਐਮ. ਸਾਹਿਬ ਕਿਸਾਨਾਂ ਦੀ 4500 ਏਕੜ ਜ਼ਮੀਨ ਐਕੁਆਇਰ ਕਰ ਰਹੇ ਹਨ। ਕੀ ਇਹ ਹਾਊਸ ਨੂੰ ਭਰੋਸਾ ਦਿਵਾਉਣਗੇ ਕਿ ਉਥੇ 13 ਕਰੋੜ ਰੁਪਿਆ ਪ੍ਰਤੀ ਏਕੜ ਕਿਸਾਨਾਂ ਨੂੰ ਦੇਣਗੇ? ਮੈਂ ਇਹ ਵਾਅਦਾ ਕਰਦਾ ਹਾਂ ਕਿ ਜੇਕਰ ਇਹ 13 ਕਰੋੜ ਰੁਪਏ ਦਿਵਾਉਣ ਤਾਂ ਆਪਾਂ ਰਲ ਮਿਲ ਕੇ ਉਨ੍ਹਾਂ ਨੂੰ ਵੀ ਰਿਕੁਐਸਟ ਕਰ ਲਵਾਂਗੇ ਅਤੇ ਇਹ 13 ਕਰੋੜ ਦੇ ਦੇਣਗੇ। ਕੀ ਇਹ ਜ਼ਿਮੀਂਦਾਰਾਂ ਨੂੰ 4500 ਏਕੜ ਦਾ 13 ਕਰੋੜ ਰੁਪਏ ਪ੍ਰਤੀ ਏਕੜ ਦੇਣਗੇ? (ਵਿਘਨ)

**ਮਾਨਯੋਗ ਸਪੀਕਰ** : ਸਿੱਧੂ ਸਾਹਿਬ, ਉਨ੍ਹਾਂ ਨੂੰ ਗੱਲ ਪੂਰੀ ਕਰ ਲੈਣ ਦਿਓ।

**ਸ਼੍ਰੀ ਐਨ.ਕੇ. ਸ਼ਰਮਾ** : ਸਿੱਧੂ ਸਾਹਿਬ, ਹੁਣ ਤੁਹਾਨੂੰ ਕੀ ਤਕਲੀਫ ਹੋ ਰਹੀ ਹੈ? ਮੈਂ ਤਾਂ ਜ਼ਿਮੀਂਦਾਰਾਂ ਦੇ ਹੱਕ ਦੀ ਗੱਲ ਕਰ ਰਿਹਾ ਹਾਂ ਅਤੇ ਉਹ ਤੁਹਾਡੇ ਹਲਕੇ ਦੇ ਜ਼ਿਮੀਂਦਾਰ ਹਨ। ਮੈਂ ਬੇਨਤੀ ਇਹ ਕਰ ਰਿਹਾ ਹਾਂ ਕਿ ਜਿਹੜੀ 4500 ਏਕੜ ਜ਼ਮੀਨ ਉਥੇ ਐਕੁਆਇਰ ਕੀਤੀ ਜਾ ਰਹੀ ਹੈ ਕੀ ਉਸ ਦਾ 13 ਕਰੋੜ ਰੁਪਿਆ ਪ੍ਰਤੀ ਏਕੜ ਦਿਓਗੇ?

**ਮਾਨਯੋਗ ਸਪੀਕਰ:** ਸ਼ਰਮਾ ਜੀ, ਤੁਸੀਂ ਆਪਣੀ ਗੱਲ ਕਹਿ ਲਈ ਹੈ। ਚਲੋ, ਹੁਣ ਬੈਠੋ ਜੀ।

**ਮੰਤਰੀ :** ਸਪੀਕਰ ਸਾਹਿਬ, ਇਹ ਮੇਰੇ ਮਹਿਕਮੇ ਨੇ ਤਾਂ ਐਕਵਾਇਰ ਨਹੀਂ ਕਰਨੀ ਜੀ। ਜਿਥੇ ਪੰਚਾਇਤ ਦਾ ਫਾਇਦਾ ਹੋਵੇਗਾ, ਉਥੇ ਮੈਂ ਜ਼ਰੂਰ ਫਾਈਟ ਕਰਾਂਗਾ ਜੀ। ਅਜਿਹੀ ਕੋਈ ਗੱਲ ਨਹੀਂ ਹੈ।

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਕੀ ਤੁਹਾਡਾ ਕੋਈ ਪੁਆਇੰਟ ਰਹਿ ਗਿਆ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ :** ਹਾਂ ਜੀ, ਸਪੀਕਰ ਸਾਹਿਬ। ਜਿਹੜਾ ਇਹ ਬੋਲਦੇ ਪਏ ਹਨ, ਉਸ ਦਾ ਜਵਾਬ ਵੀ ਦੇਣਾ ਪਵੇਗਾ। ਇਹ ਬੰਦਾ ਮੇਰਾ ਗੁਆਂਢੀ ਹੈ। ਮੇਰਾ ਬੜਾ ਪੁਰਾਣਾ ਦੋਸਤ ਹੈ....

**ਮਾਨਯੋਗ ਸਪੀਕਰ:** ਚਲੋ, ਗੁਆਂਢੀ ਵਾਲੀ ਗੱਲ ਛੱਡ ਦਿਉ। ਸਵਾਲ ਪੁੱਛੋ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜੋ ਇਹ 4500 ਕਿੱਲਿਆਂ ਦੀ ਗੱਲ ਕਰਦੇ ਹਨ, ਉਸ ਵਿਚ ਸਰਕਾਰ ਨੇ ਦੋ ਸ਼ਰਤਾਂ ਰੱਖੀਆਂ ਹਨ ਕਿ ਤੁਸੀਂ ਲੈਂਡ ਪੂਲਿੰਗ ਸਕੀਮ ਰਾਹੀਂ ਫਾਇਦਾ ਲੈ ਸਕਦੇ ਹੋ। ਤੁਹਾਡੇ 15 ਪਿੰਡ ਪੈਸੇ ਵੀ ਲੈ ਸਕਦੇ ਹਨ, ਜੇ ਚਾਹੁੰਦੇ ਹਨ। ਸਰਕਾਰ ਦੀ ਇਹ ਖੁਲ੍ਹੀ ਆਫਰ ਹੈ। ਸਾਰੇ ਜ਼ਿਮੀਂਦਾਰ ਲੈਂਡ ਪੂਲਿੰਗ ਲੈਣ ਜਾ ਰਹੇ ਹਨ। ਜੇ ਲੈਂਡ ਪੂਲਿੰਗ ਪਾਲਿਸੀ ਨਾ ਹੁੰਦੀ ਤਾਂ ਜੋ ਰੀਅਲ ਐਸਟੇਟ ਵਾਲੇ ਵਿਅਕਤੀ ਹਨ, ਉਹ ਸਾਰੇ ਪੰਜਾਬ ਨੂੰ ਲੁੱਟ ਕੇ ਖਾ ਜਾਂਦੇ। (ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰ, ਸ਼੍ਰੀ ਐਨ.ਕੇ.ਸ਼ਰਮਾ, ਸਰਦਾਰ ਲਖਬੀਰ ਸਿੰਘ ਲੋਧੀਨੰਗਲ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਲਬੀਰ ਸਿੰਘ ਸਿੱਧੂ ਬਿਨਾਂ ਆਗਿਆ ਤੋਂ ਆਪਸ ਵਿਚ ਬਹਿਸ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਪਲੀਜ਼, ਬੈਠੋ ਜੀ। (ਵਿਘਨ)(ਸ਼ੋਰ) ਸ਼ਰਮਾ ਜੀ, ਬੈਠੋ। ਪਲੀਜ਼, ਸਾਰੇ ਬੈਠੋ। ਸ਼ਰਮਾ ਜੀ, ਹੁਣ ਬੈਠ ਜਾਵੋ। ਪਲੀਜ਼, ਬੈਠੋ ਜੀ ਅਤੇ ਇਧਰ ਚੇਅਰ ਨਾਲ ਗੱਲ ਕਰੋ। ਅਗਲਾ ਸਵਾਲ। ਡਾਕਟਰ ਹਰਜੋਤ ਕਮਲ ਸਿੰਘ ਜੀ।

----------

## ਸਬ ਡਵੀਜ਼ਨ, ਮੋਗਾ ਵਿਖੇ ਸਰਕਾਰੀ ਡਿਗਰੀ ਕਾਲਜ ਖੋਲ੍ਹਣਾ

*828. **ਡਾਕਟਰ ਹਰਜੋਤ ਕਮਲ ਸਿੰਘ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਸਬ-ਡਵੀਜ਼ਨ, ਮੋਗਾ ਵਿਖੇ ਸਰਕਾਰੀ ਡਿਗਰੀ ਕਾਲਜ ਖੋਲ੍ਹਣ/ਸ਼ੁਰੂ ਕਰਨ ਦੀ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ;

(ਅ) ਕੀ ਸਰਕਾਰ ਨੇ ਪਿੰਡ ਮਾਲੀਆਂ ਵਾਲਾ (ਮੋਗਾ) ਵਿਖੇ ਸਰਕਾਰੀ ਡਿਗਰੀ ਕਾਲਜ ਚਾਲੂ ਕਰਨ ਉਤੇ ਵਿਚਾਰ ਕੀਤਾ ਹੈ; ਜਿਥੇ ਬਾਬਾ ਲਛਮਣ ਸਿੰਘ (ਜਾਤੀ) ਟਰੱਸਟ ਨੇ ਇਸ ਮੰਤਵ ਲਈ ਆਪਣੀ ਜ਼ਮੀਨ ਵੀ ਟਰਾਂਸਫਰ ਕਰਵਾਈ ਹੈ ਅਤੇ ਜਿਥੇ ਇਸ ਉਦੇਸ਼ ਲਈ ਮੁੱਢਲਾ ਬੁਨਿਆਦੀ ਢਾਂਚਾ ਬਣਿਆ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੌਜੂਦਾ ਸਥਿਤੀ ਕੀ ਹੈ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਨਹੀਂ ਜੀ। (ਅ) ਨਹੀਂ ਜੀ।

**ਡਾਕਟਰ ਹਰਜੋਤ ਕਮਲ ਸਿੰਘ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਰਫ਼ਤ ਸਤਿਕਾਰਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਅਤੇ ਥੋੜ੍ਹੀ ਜਿਹੀ ਆਪਣੀ ਗੱਲ ਵੀ ਦੱਸਣੀ ਚਾਹੁੰਦਾ ਹਾਂ ਕਿ ਜਿਹੜਾ ਇਸ ਵਾਰ ਬਜਟ ਪੇਸ਼ ਕੀਤਾ ਗਿਆ ਹੈ, ਉਸ ਵਿਚ ਮੋਗੇ ਜ਼ਿਲ੍ਹੇ ਨੂੰ ਕੁਝ ਨਹੀਂ ਦਿੱਤਾ ਗਿਆ ਜੀ। ਜਿਹੜਾ ਇਹ ਬਾਬਾ ਲਛਮਣ ਸਿੰਘ (ਜਾਤੀ) ਟਰੱਸਟ ਹੈ, ਇਸ ਕੋਲ ਪਿੰਡ ਵਿਚ 65 ਕਿੱਲੇ ਜ਼ਮੀਨ ਸੀ। ਪਿੰਡ ਵਿਚ ਦੋ ਧਿਰਾਂ ਦਾ ਝਗੜਾ ਹੋਣ ਕਾਰਨ ਦੋ ਗਰੁੱਪ ਬਣ ਗਏ। ਉਥੇ ਧਾਰਾ 145 ਲੱਗੀ ਹੋਈ ਸੀ, ਮੈਂ ਉਨ੍ਹਾਂ ਦਾ ਰਾਜ਼ੀਨਾਮਾ ਕਰਵਾਇਆ। ਇਥੇ ਲੜਕੀਆਂ ਦਾ ਬਹੁਤ ਵੱਡਾ ਕਾਲਜ ਚਲਦਾ ਸੀ ਜਿਸ ਵਿਚ ਹੁਣ 13 ਬੱਸਾਂ ਖੜ੍ਹੀਆਂ ਗਲ਼ ਗਈਆਂ ਹਨ। ਹੁਣ ਪਿੰਡ ਵਾਲਿਆਂ ਨੇ ਸਹਿਮਤ ਹੋ ਕੇ ਸਰਕਾਰ ਨੂੰ ਮਤਾ ਪਾ ਕੇ ਦੇ ਦਿੱਤਾ ਹੈ। ਉਥੇ ਬਿਲਡਿੰਗ ਬਣੀ ਹੋਈ ਹੈ, ਸਾਰਾ ਇਕੁਇਪਮੈਂਟ ਪਿਆ ਹੋਇਆ ਹੈ। ਸਰਕਾਰ ਨੇ ਤਾਂ ਇਸ ਨੂੰ ਚਾਲੂ ਕਰਕੇ ਸ਼ਾਬਾਸ਼ ਹੀ ਲੈਣੀ ਹੈ। ਮੈਂ ਸਤਿਕਾਰਯੋਗ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਕੀ ਉਹ ਇਸ ਤੇ ਦੁਬਾਰਾ ਵਿਚਾਰ ਕਰ ਲੈਣਗੇ ਜੀ? ਜੇ ਇਸ ਕਾਲਜ ਨੂੰ ਖੋਲ੍ਹ ਦੇਣ ਤਾਂ ਸਾਡੇ ਮੋਗੇ ਵਾਲਿਆਂ ਨੂੰ ਕੁਝ ਕਹਿਣ ਨੂੰ ਹੋ ਜਾਵੇਗਾ ਕਿ ਸਰਕਾਰ ਨੇ ਸਾਨੂੰ ਕੁਝ ਦੇ ਦਿੱਤਾ ਹੈ ਜੀ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਮੋਗਾ ਸਬ-ਡਵੀਜ਼ਨ ਵਿਚ ਪਹਿਲਾਂ ਹੀ ਇਕ ਸਰਕਾਰੀ ਕਾਲਜ ਲਾਲਾ ਲਾਜਪਤ ਰਾਏ, ਢੁੱਡੀਕੇ ਵਿਚ ਚੱਲ ਰਿਹਾ ਹੈ। ਮੋਗਾ ਸਬ-ਡਵੀਜ਼ਨ ਵਿਚ ਇਸ ਵੇਲੇ ਇਕ ਸਰਕਾਰੀ ਕਾਲਜ, 4 ਏਡਿਡ ਕਾਲਜ, 9 ਪ੍ਰਾਈਵੇਟ ਕਾਲਜ ਹਨ ਅਤੇ ਇਸ ਵੇਲੇ ਮੋਗਾ ਵਿਚ ਕੁੱਲ 22 ਕਾਲਜ ਚੱਲ ਰਹੇ ਹਨ। ਦੂਸਰਾ, ਜਿਹੜੇ ਟਰੱਸਟ ਦੀ ਇਹ ਗੱਲ ਕਰ ਰਹੇ ਹਨ, ਉਸ ਟਰੱਸਟ ਦੀ ਇਮਾਰਤ ਨੂੰ ਇਹ ਸਰਕਾਰ ਦੁਆਰਾ ਟੇਕ ਓਵਰ ਕਰਨ ਵਾਸਤੇ ਕਹਿ ਰਹੇ ਹਨ। ਲੇਕਿਨ ਮੈਂ ਦੱਸਣਾ ਚਾਹੁੰਦੀ ਹਾਂ ਕਿ ਉਸ ਦੀਆਂ ਐਸੇਟਸ ਔਰ ਲਾਇਬਿਲਟੀਜ਼ ਲੈਣ ਵਾਸਤੇ ਬਹੁਤ ਖਰਚਾ ਆਵੇਗਾ। ਇਸ ਵੇਲੇ ਸਰਕਾਰ ਦੇ ਕੋਲ ਅਜਿਹਾ ਕੋਈ ਵੀ ਪ੍ਰਸਤਾਵ ਨਹੀਂ ਹੈ ਕਿਉਂਕਿ ਪੰਜਾਬ ਵਿਚ 30 ਸਬ ਡਵੀਜ਼ਨਾਂ ਅਜਿਹੀਆਂ ਹਨ, ਜਿਨ੍ਹਾਂ ਵਿਚ ਇਕ ਵੀ ਸਰਕਾਰੀ ਕਾਲਜ ਨਹੀਂ ਹੈ। ਸੋ, ਸਰਕਾਰ ਦੀ ਪ੍ਰਾਇਰਿਟੀ ਹੈ ਕਿ ਉਨ੍ਹਾਂ ਸਬ ਡਵੀਜ਼ਨਾਂ ਵਿਚ ਇਕ ਸਰਕਾਰੀ ਕਾਲਜ ਦਿੱਤਾ ਜਾਵੇ, ਉਸ ਤੋਂ ਬਾਅਦ ਕੀ ਹੋਰ ਕਾਲਜ ਕਿਤੇ ਦੇਣ ਬਾਰੇ ਵਿਚਾਰ ਕੀਤਾ ਜਾਵੇਗਾ? ਮੋਗਾ ਸਬ ਡਵੀਜ਼ਨ ਵਿਚ ਆਲਰੈਡੀ ਇਕ ਸਰਕਾਰੀ ਕਾਲਜ ਚੱਲ ਰਿਹਾ ਹੈ, ਇਸ ਕਰਕੇ ਫਿਲਹਾਲ ਇਸ ਤੇ ਅਜਿਹਾ ਕੋਈ ਵਿਚਾਰ ਨਹੀਂ ਕੀਤਾ ਗਿਆ।

**ਸਰਦਾਰ ਦਰਸ਼ਨ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਇਹ ਬਾਬਾ ਲਛਮਣ ਸਿੰਘ ਕਾਲਜ ਹੈ, ਇਹ ਮੱਲੀਆਂ ਵਾਲਾ ਪਿੰਡ ਵਿਖੇ ਹੈ। ਇਸ ਕਾਲਜ ਦੀ ਬਿਲਡਿੰਗ ਬਹੁਤ ਸੋਹਣੀ ਬਣੀ ਹੋਈ ਹੈ। ਉਸ ਕਾਲਜ ਦੇ ਨਾਲ 45 ਕਿੱਲੇ ਜ਼ਮੀਨ ਵੀ ਹੈ। ਇਹ 45 ਕਿੱਲੇ ਜ਼ਮੀਨ ਵੀ ਕਾਲਜ ਦੇ ਵਿਚ ਆਵੇਗੀ। ਕਾਲਜ ਪਹਿਲਾਂ ਹੀ ਵਧੀਆ ਬਣਿਆ ਹੋਇਆ ਹੈ। ਉਥੇ ਲੜਕੀਆਂ ਦਾ ਕਾਲਜ ਚਲਾਉਣ ਵਾਸਤੇ ਮਨਜ਼ੂਰੀ ਹੀ ਲੈਣੀ ਹੈ, ਇਸ ਤੇ ਸਰਕਾਰ ਦਾ ਕੋਈ ਬਹੁਤਾ ਖਰਚ ਨਹੀਂ ਹੋਣਾ। ਜਿਹੜੀਆਂ ਕੋਈ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ, ਉਹ ਸ਼ਰਤਾਂ ਅਸੀਂ ਪੂਰੀਆਂ ਕਰਵਾ ਦਿਆਂਗੇ। ਸਰਕਾਰ ਇਸ ਨੂੰ ਟੇਕ-ਓਵਰ ਕਰ ਲਵੇ ਤਾਂ ਕਿ ਲੜਕੀਆਂ ਦਾ ਕਾਲਜ ਉਥੇ ਚੱਲ ਸਕੇ। ਕੀ ਮੰਤਰੀ ਜੀ ਭਰੋਸਾ ਦੇਣਗੇ ਕਿ ਇਹ ਕਾਲਜ ਟੇਕ-ਓਵਰ ਕਰ ਲਿਆ ਜਾਵੇਗਾ?

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਅਗਰ ਤਾਂ ਇਨ੍ਹਾਂ ਦੀ ਸਬ-ਡਵੀਜ਼ਨ ਵਿੱਚ ਕੋਈ ਕਾਲਜ ਆਲਰੈਡੀ ਚੱਲ ਰਿਹਾ ਹੈ, ਫਿਰ ਤਾਂ ਮੁਸ਼ਕਿਲ ਹੈ। ਅਗਰ ਕੋਈ ਵੀ ਕਾਲਜ ਇਸ ਵੇਲੇ ਨਹੀਂ ਚੱਲ ਰਿਹਾ ਤਾਂ ਇਹ ਆਪਣੀ ਪ੍ਰਪੋਜ਼ਲ ਦੇ ਦੇਣ, ਉਸ ਦੇ ਉਤੇ ਵਿਚਾਰ ਕਰ ਲਿਆ ਜਾਵੇਗਾ।

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਜਿਹੜੀ ਸਬ-ਡਵੀਜ਼ਨ ਵਿਚ ਕੋਈ ਸਰਕਾਰੀ ਕਾਲਜ ਨਹੀਂ ਹੈ, ਉਥੇ ਅਸੀਂ ਪ੍ਰਾਇਰਿਟੀ ਤੇ ਕਾਲਜ ਦਿਆਂਗੇ। ਮੇਰੀ ਬੇਨਤੀ ਹੈ ਕਿ ਸਾਡੇ ਬੁਢਲਾਡਾ ਸਬ-ਡਵੀਜ਼ਨ ਵਿਚ ਕੋਈ ਸਰਕਾਰੀ ਕਾਲਜ ਨਹੀਂ ਹੈ, ਸੋ ਸਾਨੂੰ ਪ੍ਰਾਇਰਿਟੀ ਤੇ ਕਾਲਜ ਦਿੱਤਾ ਜਾਵੇ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ ਪਰ ਚਲੋ, ਮੰਤਰੀ ਜੀ ਜਵਾਬ ਦਿਓ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁੱਕੀ ਹਾਂ ਕਿ ਅਸੀਂ ਪ੍ਰਾਇਰਿਟੀ ਦਿਆਂਗੇ।

**ਸਰਦਾਰ ਮਨਜੀਤ ਸਿੰਘ :** ਸਪੀਕਰ ਸਾਹਿਬ, ਡਾ. ਹਰਜੋਤ ਕਮਲ ਜੀ ਨੇ ਬਹੁਤ ਵਧੀਆ ਸਵਾਲ ਉਠਾਇਆ ਹੈ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਪਿੰਡ ਢੁੱਡੀਕੇ ਦੇ ਸਰਕਾਰੀ ਕਾਲਜ ਦੀ ਗੱਲ ਕੀਤੀ ਹੈ, ਉਹ ਕਾਲਜ ਮੇਰੇ ਹਲਕਾ ਨਿਹਾਲ ਸਿੰਘ ਵਾਲਾ ਵਿਚ ਪੈਂਦਾ ਹੈ। ਜਿਹੜੀ ਮੈਂਬਰ ਸਾਹਿਬ ਦੀ ਮੱਲੀਆਂਵਾਲਾ ਵਿਖੇ ਕਾਲਜ ਦੀ ਡਿਮਾਂਡ ਹੈ, ਉਥੋਂ ਢੁੱਡੀਕੇ ਬਹੁਤ ਦੂਰ ਹੈ ਅਤੇ ਖਾਸ ਕਰਕੇ ਲੜਕੀਆਂ ਦੇ ਆਉਣ ਜਾਣ ਲਈ ਕੋਈ ਬੱਸਾਂ ਦਾ ਵੀ ਪ੍ਰਬੰਧ ਨਹੀਂ ਹੈ। ਇਸ ਕਰਕੇ ਸਾਡੀ ਬੇਨਤੀ ਹੈ ਕਿ ਤੁਸੀਂ ਇਸ ਕਾਲਜ ਨੂੰ ਜ਼ਰੂਰ ਪ੍ਰਵਾਨਗੀ ਦਿਓ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

---------

## ਸੜਕਾਂ ਦੀ ਰਿਪੇਅਰ

*1315. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਜਲੰਧਰ–ਜੰਡਿਆਲਾ–ਨੂਰਮਹਿਲ–ਤਲਵਣ ਸੜਕ ਨੂੰ ਚੌੜਾ ਕਰਨ ਅਤੇ ਰਿਪੇਅਰ ਕਰਨ ਦੇ ਕੰਮ ਦਾ ਟੈਂਡਰ ਹੋਏ ਕਾਫੀ ਸਮਾਂ ਬੀਤ ਚੁੱਕਾ ਹੈ ਪਰ ਕੰਮ ਅਜੇ ਤੱਕ ਸ਼ੁਰੂ ਨਹੀਂ ਹੋਇਆ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਸੜਕ ਦਾ ਕੰਮ ਸ਼ੁਰੂ ਕਰਵਾ ਕੇ ਇਸ ਨੂੰ ਕਦੋਂ ਤੱਕ ਚੌੜਾ ਅਤੇ ਰਿਪੇਅਰ ਕਰ ਦਿੱਤਾ ਜਾਵੇਗਾ;

(ਅ) ਕੀ ਨਕੋਦਰ–ਜੰਡਿਆਲਾ–ਫਗਵਾੜਾ ਅਤੇ ਫਿਲੌਰ–ਨੂਰਮਹਿਲ–ਨਕੋਦਰ–ਕਪੂਰਥਲਾ ਸੜਕਾਂ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸੜਕਾਂ ਦੀ ਰਿਪੇਅਰ ਦਾ ਕੰਮ ਕਦੋਂ ਤੱਕ ਸ਼ੁਰੂ ਕਰਵਾ ਦਿੱਤਾ ਜਾਵੇਗਾ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ। (ੳ) ਜਲੰਧਰ–ਜੰਡਿਆਲਾ–ਨੂਰਮਹਿਲ–ਤਲਵਣ ਸੜਕ ਨੂੰ ਚੌੜਾ ਅਤੇ ਰਿਪੇਅਰ ਕਰਨ ਦਾ ਕੰਮ ਟੈਂਡਰ ਹੋਣ ਦੇ ਬਾਵਜੂਦ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਦਰੱਖਤਾਂ ਦੀ ਕਟਾਈ ਤੇ ਲਗਾਈ ਰੋਕ ਦੇ ਕਾਰਨ ਦਰੱਖਤਾਂ ਦੀ ਕਟਾਈ ਸਬੰਧੀ ਲੋੜੀਂਦੀ ਪ੍ਰਕ੍ਰਿਆ ਸ਼ੁਰੂ ਨਹੀਂ ਹੋ ਸਕੀ। ਲੱਗੀ ਰੋਕ ਹੱਟਣ ਉਪਰੰਤ ਸੜਕ ਨੂੰ ਚੌੜਾ ਅਤੇ ਰਿਪੇਅਰ ਕਰਨ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ।

(ਅ) ਨਕੋਦਰ–ਜੰਡਿਆਲਾ–ਫਗਵਾੜਾ ਸੜਕ ਦੀ ਆਰ.ਡੀ.0 ਤੋਂ 8.60 (ਫਗਵਾੜਾ ਤੋਂ ਪਿੰਡ ਦਰਵੇਸ਼) ਦੀ ਹਾਲਤ ਠੀਕ ਹੈ। ਆਰ.ਡੀ. 8.60 ਤੋਂ 31.20 ਕਿਲੋਮੀਟਰ (ਪਿੰਡ ਦਰਵੇਸ਼ ਤੋਂ ਨਕੋਦਰ) ਤੱਕ ਸੜਕ ਨੂੰ ਰਿਪੇਅਰ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਹ ਕੰਮ ਜਲਦੀ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਫਿਲੌਰ–ਨੂਰਮਹਿਲ–ਨਕੋਦਰ–ਕਪੂਰਥਲਾ ਸੜਕ ਦੀ ਮੁਰੰਮਤ ਦੀ ਕੋਈ ਤਜਵੀਜ਼ ਹਾਲ ਦੀ ਘੜੀ ਸਰਕਾਰ ਦੇ ਵਿਚਾਰ ਨਹੀਂ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਜਿਹੜੀ ਮੰਤਰੀ ਜੀ ਨੇ ਗੱਲ ਕੀਤੀ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਵਲੋਂ ਦਰੱਖਤਾਂ ਦੀ ਕਟਾਈ ਤੇ ਬੈਨ ਲੱਗਿਆ ਹੋਇਆ ਹੈ। ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੰਗਲਾਤ ਵਿਭਾਗ ਵਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ, ਉਨ੍ਹਾਂ ਨੇ 83 ਲੱਖ ਰੁਪਏ ਦਾ ਐਸਟੀਮੇਟ ਬਣਾਇਆ ਹੈ। 17 ਕਰੋੜ 11 ਲੱਖ ਰੁਪਿਆ ਇਸ ਸੜਕ ਵਾਸਤੇ ਕੇਂਦਰ ਸਰਕਾਰ ਨੇ ਮਨਜ਼ੂਰ ਕੀਤਾ ਹੋਇਆ ਹੈ। ਸੋ, ਜੰਗਲਾਤ ਵਿਭਾਗ ਨੇ ਅਪਰੂਵਲ ਦੇ ਦਿੱਤੀ ਹੈ, ਜੇਕਰ ਪੰਜਾਬ ਸਰਕਾਰ 83 ਲੱਖ ਰੁਪਿਆ ਜਮ੍ਹਾਂ ਕਰਵਾ ਦੇਵੇ ਤਾਂ ਸੜਕ ਦਾ ਕੰਮ ਸ਼ੁਰੂ ਹੋ ਸਕਦਾ ਹੈ। ਟੈਂਡਰ ਆਲਰੇਡੀ ਐਕਸੈਪਟ ਹੋ ਚੁੱਕਿਆ ਹੈ। ਦੂਸਰਾ ਜਿਹੜੀ ਸੜਕ ਫਿਲੌਰ-ਨੂਰਮਹਿਲ-ਨਕੋਦਰ-ਕਪੂਰਥਲਾ ਹੈ, ਇਹ ਵੀ ਡਿਊ ਹੈ। ਵਿਭਾਗ ਵਲੋਂ ਸਾਨੂੰ ਦੱਸਿਆ ਗਿਆ ਹੈ ਕਿ ਇਹ ਸੜਕ ਰਿਪੇਅਰ ਲਈ ਡਿਊ ਹੈ, ਉਸ ਦੀ ਵੀ ਜਲਦੀ ਰਿਪੇਅਰ ਕਰਵਾ ਦਿਓ। ਇਸ ਤੋਂ ਇਲਾਵਾ ਜਿਹੜੀ ਸੜਕ ਨਕੋਦਰ ਤੋਂ ਫਗਵਾੜੇ ਨੂੰ ਜਾਂਦੀ ਹੈ, ਉਸ ਦਾ ਕੁਝ ਪੋਰਸ਼ਨ ਠੀਕ ਹੈ ਅਤੇ ਕੁਝ ਖਰਾਬ ਹੈ, ਉਸ ਦਾ ਵੀ ਟੈਂਡਰ ਲੱਗਿਆ ਹੋਇਆ ਹੈ। ਉਸ ਨੂੰ ਵੀ ਜਲਦੀ ਟਾਈਮ ਬਾਊਂਡ ਕਰਕੇ ਰਿਪੇਅਰ ਕਰਵਾ ਦਿਓ। ਸਪੀਕਰ ਸਾਹਿਬ, ਜੰਗਲਾਤ ਵਿਭਾਗ ਵਲੋਂ ਮਨਜ਼ੂਰੀ ਆ ਗਈ ਹੈ, ਆਪਾਂ ਕੇਵਲ 83 ਲੱਖ ਰੁਪਿਆ ਜਮ੍ਹਾਂ ਕਰਵਾਉਣਾ ਹੈ । ਉਹ ਸੜਕ ਕੇਂਦਰ ਸਰਕਾਰ ਦੇ 17 ਕਰੋੜ 11 ਲੱਖ ਰੁਪਏ ਨਾਲ ਚੌੜੀ ਹੋ ਸਕਦੀ ਹੈ ਅਤੇ ਰਿਪੇਅਰ ਵੀ ਹੋ ਸਕਦੀ ਹੈ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਨੂੰ ਨਕੋਦਰ-ਜੰਡਿਆਲਾ-ਫਗਵਾੜਾ ਸੜਕ ਬਾਰੇ ਪਹਿਲਾਂ ਹੀ ਦੱਸ ਚੁੱਕੀ ਹਾਂ ਕਿ ਉਸ ਦੇ ਟੈਂਡਰ ਅਸੀਂ ਲੈ ਲਏ ਹਨ, ਜਲਦੀ ਹੀ ਕੰਮ ਸ਼ੁਰੂ ਹੋ ਜਾਵੇਗਾ। ਫਿਲੌਰ-ਨੂਰਮਹਿਲ-ਨਕੋਦਰ ਵਾਲੀ ਸੜਕ ਬਾਰੇ ਸਰਕਾਰ ਦੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ ਪਰ ਫਿਰ ਵੀ ਅਸੀਂ ਵਿਚਾਰ ਕਰ ਲਵਾਂਗੇ। ਜਿਹੜੀ ਤੁਸੀਂ ਜਲੰਧਰ-ਜੰਡਿਆਲਾ-ਨੂਰਮਹਿਲ-ਤਲਵਣ ਵਾਲੀ ਸੜਕ ਦੀ ਗੱਲ ਕਰ ਰਹੇ ਹੋ, ਉਸ ਦੇ ਟੈਂਡਰ ਉਸ ਸਮੇਂ ਲੱਗੇ ਸੀ, ਜਿਸ ਵੇਲੇ ਉਥੇ ਦਰੱਖਤਾਂ ਨੂੰ ਕੱਟਣ ਤੇ ਪਾਬੰਦੀ ਲੱਗੀ ਹੋਈ ਸੀ। ਸੋ, ਉਸ ਪ੍ਰਾਸੈਸ ਨੂੰ ਕਾਫੀ ਸਮਾਂ ਲੱਗ ਜਾਂਦਾ ਹੈ। ਮੇਰੇ ਕੋਲ ਇਕ ਸੁਝਾਅ ਹੈ ਜੇਕਰ ਤੁਹਾਨੂੰ ਠੀਕ ਲੱਗੇ ਕਿ ਜੇਕਰ ਉਸ ਸੜਕ ਨੂੰ ਚੌੜਾ ਨਾ ਕੀਤਾ ਜਾਵੇ, ਫਿਰ ਅਸੀਂ ਉਸ ਸੜਕ ਦੀ ਰਿਪੇਅਰ ਸ਼ੁਰੂ ਕਰਵਾ ਦਿਆਂਗੇ। ਕਿਉਂਕਿ ਜੇਕਰ ਸੜਕ ਨੂੰ ਚੌੜਾ ਨਹੀਂ ਕਰਦੇ ਤਾਂ ਫਿਰ ਸਾਨੂੰ ਦਰੱਖਤਾਂ ਦੀ ਕਟਾਈ ਦੀ ਲੋੜ ਹੀ ਨਹੀਂ ਪਵੇਗੀ। ਜੇਕਰ ਤੁਸੀਂ ਇੰਤਜ਼ਾਰ ਕਰ ਸਕਦੇ ਹੋ ਤਾਂ ਸਾਨੂੰ 1 ਕਰੋੜ 42 ਲੱਖ ਰੁਪਏ ਜਮ੍ਹਾਂ ਕਰਵਾਉਣਾ ਪੈਣਾ ਹੈ, ਉਹ ਵੀ ਅਸੀਂ ਕਰਵਾ ਦਿਆਂਗੇ ਪਰ ਇਸ ਨੂੰ ਸਮਾਂ ਲੱਗ ਸਕਦਾ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਇਥੇ ਸੁਲਤਾਨਪੁਰ ਲੋਧੀ ਦੇ ਐਮ.ਐਲ.ਏ. ਚੀਮਾ ਸਾਹਿਬ, ਜਲੰਧਰ ਕੈਂਟ ਤੋਂ ਸਰਦਾਰ ਪ੍ਰਗਟ ਸਿੰਘ, ਫਿਲੌਰ ਤੋਂ ਸਰਦਾਰ ਬਲਦੇਵ ਸਿੰਘ ਖਹਿਰਾ ਸਾਹਿਬ ਬੈਠੇ ਹਨ। ਇਨ੍ਹਾਂ ਪੰਜ ਸੱਤ ਹਲਕਿਆਂ ਵਿਚੋਂ ਇਹ ਸੜਕਾਂ ਨਿਕਲਦੀਆਂ ਹਨ। ਜਿਵੇਂ ਤੁਸੀਂ ਕਹਿੰਦੇ ਹੋ ਕਿ ਜੇਕਰ ਸੜਕ ਨੂੰ ਚੌੜਾ ਨਾ ਕਰਵਾਈਏ ਤਾਂ ਜਲਦੀ ਰਿਪੇਅਰ ਹੋ ਜਾਵੇਗੀ, ਇਹ ਠੀਕ ਹੈ ਪਰ ਉਸ ਸੜਕ ਤੇ ਬਹੁਤ ਹਾਦਸੇ ਹੁੰਦੇ ਹਨ, ਜਿਹੜੀ ਸੜਕ ਕੈਂਟ ਤੋਂ ਜੰਡਿਆਲੇ ਨੂੰ ਜਾਂਦੀ ਹੈ ਉਹ ਕੇਵਲ 18 ਫੁੱਟ ਚੌੜੀ ਹੈ। ਉਹ ਬੜੀ ਡਿਫੈਂਸ ਰੋਡ ਹੈ। ਸੋ, ਉਸ ਸੜਕ ਨੂੰ ਚੌੜਾ ਕਰਨਾ ਬਹੁਤ ਜ਼ਰੂਰੀ ਹੈ। ਸਪੀਕਰ ਸਾਹਿਬ, ਸਰਕਾਰ ਲਈ ਇਕ ਕਰੋੜ ਰੁਪਿਆ ਕੀ ਹੁੰਦਾ ਹੈ। ਇਹ ਪੈਸਾ ਦਿਵਾ ਦਿਓ, ਜਿਥੇ ਕੇਂਦਰ ਤੋਂ 17 ਕਰੋੜ 11 ਲੱਖ ਰੁਪਿਆ ਮਿਲ ਗਿਆ ਹੈ। ਸੋ, ਇਸ ਸੜਕ ਦੀ ਵਾਈਡਨਿੰਗ ਕਰੀਏ। ਇੱਕ ਕਰੋੜ ਰੁਪਿਆ ਤਾਂ ਸਰਕਾਰ ਲਈ ਬਹੁਤਾ ਨਹੀਂ ਹੈ। ਲਾਸਟ ਟਾਈਮ ਪਿਛਲੀ ਸਰਕਾਰ ਵੱਲੋਂ ਇਸ ਸੜਕ ਦੀ ਵਾਈਡਨਿੰਗ ਹੋਈ ਹੈ, ਕਿਰਪਾ ਕਰਕੇ ਹੁਣ ਇਸ ਸੜਕ ਦੀ ਰਿਪੇਅਰ ਕਰਵਾ ਦਿੱਤੀ ਜਾਵੇ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਧੰਨਵਾਦ। ਜਾਗਰਣ ਅਖਬਾਰ ਦੇ ਵਿੱਚ ਇੱਕ ਬਹੁਤ ਵੱਡੀ ਖਬਰ ਲੱਗੀ ਹੈ ''सुनिये सरकार, सडकों पर हाहाकार''। ਜਲੰਧਰ, ਲੁਧਿਆਣਾ, ਅੰਮ੍ਰਿਤਸਰ ਬਾਰੇ ਇੱਕ ਪੂਰੇ ਪੇਜ ਦਾ ਆਰਟੀਕਲ ਆਇਆ ਹੈ। ਉੱਤੇ ਲਾਲ ਰੰਗ ਦੀ ਮਾਰਕਿੰਗ ਕਰਕੇ ਡੇਂਜਰ ਲਿਖਿਆ ਹੋਇਆ ਹੈ। ਸੜਕਾਂ ਦੇ ਹਾਲਾਤ ਬਹੁਤ ਮਾੜੇ ਹੋਏ ਪਏ ਹਨ ਅਤੇ ਸੜਕਾਂ ਉਤੇ ਵੱਡੇ ਵੱਡੇ ਟੋਏ ਪਏ ਹੋਏ ਹਨ। ਲਾਲ ਕਲਰ ਦਾ ਮਤਲਬ ਇਹ ਹੈ ਕਿ ਇੱਥੇ ਮਨੁੱਖੀ ਜਾਨਾਂ ਜਾ ਸਕਦੀਆਂ ਹਨ, ਖੂਨ ਬਹਿ ਸਕਦਾ ਹੈ। ਮੇਰੀ ਸਤਿਕਾਰਯੋਗ ਮੰਤਰੀ ਸਾਹਿਬਾ ਨੂੰ ਤੇ ਸਤਿਕਾਰਯੋਗ ਸਿੱਧੂ ਸਾਹਿਬ ਨੂੰ ਆਦਰ ਸਹਿਤ ਬੇਨਤੀ ਹੈ ਕਿ ਕਿਰਪਾ ਕਰਕੇ ਤੁਹਾਡਾ ਫੇਵਰੇਟ ਕੰਮ ਰੋਡ ਪੈਚ ਕਰਨ ਦਾ ਹੈ, ਉਹ ਸਟਾਰਟ ਕਰ ਦਿਓ ਜੀ। ਸਰਦਾਰ ਚਰਨਜੀਤ ਸਿੰਘ ਚੰਨੀ ਜੀ ਵੀ ਨੇੜੇ ਬੈਠੇ ਹਨ, ਇਹ ਕੋਈ ਆਪੋਜ਼ੀਸ਼ਨ ਨਹੀਂ ਬੋਲ ਰਹੀ ਹੈ, ਇਹ ਅਖਬਾਰਾਂ ਬੋਲਦੀਆਂ ਹਨ। ਕਿਰਪਾ ਕਰਕੇ ਸੜਕਾਂ ਤੇ ਪੈਚ ਵਰਕ ਸਟਾਰਟ ਕਰ ਦਿਓ, ਤੁਹਾਡੀ ਸਰਕਾਰ ਬਣੀ ਨੂੰ ਇੱਕ ਸਾਲ ਹੋ ਗਿਆ ਹੈ।

**ਰਾਣਾ ਗੁਰਜੀਤ ਸਿੰਘ** :ਸਪੀਕਰ ਸਾਹਿਬ, ਜੋ ਵਡਾਲਾ ਸਾਹਿਬ ਕਹਿ ਰਹੇ ਹਨ, ਉਹ ਬਿਲਕੁਲ ਦਰੁੱਸਤ ਹੈ । ਸਾਰੇ ਦੁਆਬੇ ਦੇ ਵਿੱਚ ਸੜਕਾਂ ਦਾ ਕੋਈ ਕੰਮ ਨਹੀਂ ਹੋਇਆ ਹੈ। ਫਿਲੌਰ ਤੋਂ ਲੈ ਕੇ ਨੂਰਮਹਿਲ ਹੁੰਦੇ ਹੋਏ ਨਕੋਦਰ ਸੜਕ ਦਾ ਬੜਾ ਬੁਰਾ ਹਾਲ ਹੈ। ਫਗਵਾੜੇ ਤੋਂ ਜੰਡਿਆਲੇ ਹੁੰਦੇ ਹੋਏ ਨਕੋਦਰ, ਇਨ੍ਹਾਂ ਦੇ ਹਲਕੇ ਵਿੱਚ ਬਹੁਤ ਬੁਰਾ ਹਾਲ ਹੈ।ਇਸੇ ਤਰ੍ਹਾਂ ਨਕੋਦਰ ਤੋਂ ਕਾਲਾਸੰਘੇ ਹੁੰਦੇ ਹੋਏ, ਕਪੂਰਥਲਾ ਹੁੰਦੇ ਹੋਏ ਕਰਤਾਰਪੁਰ ਰੋਡ ਦੇ ਹਾਲਾਤ ਕੋਈ ਅੱਛੇ ਨਹੀਂ ਹਨ। ਸੁਲਤਾਨਪੁਰ ਤੋਂ ਲੈ ਕੇ ਕਪੂਰਥਲੇ ਤੱਕ, ਕਾਲੇ ਸੰਘਿਆਂ ਤੋਂ ਲੈ ਕੇ ਸੁਲਤਾਨਪੁਰ ਤੱਕ ਬਹੁਤ ਬੁਰਾ ਹਾਲ ਹੈ। ਦਰਅਸਲ ਹੋਇਆ ਇਹ ਹੈ ਕਿ ਪਿਛਲੇ ਦਹਾਕੇ ਦੇ ਵਿੱਚ ਅਕਾਲੀ ਦਲ ਦੀ ਸਰਕਾਰ ਰਹੀ ਹੈ। ਇਕੱਲੇ ਵਡਾਲਾ ਸਾਹਿਬ ਨਾਲ ਨਹੀਂ, ਸਾਰੇ ਦੁਆਬੇ ਨਾਲ ਇਨ੍ਹਾਂ ਨੇ ਵਿਤਕਰਾ ਕੀਤਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਆਸ਼ਵਾਸਨ ਦਿਓ ਕਿ ਸਾਡੀਆਂ ਸੜਕਾਂ ਚੌੜੀਆਂ ਕੀਤੀਆਂ ਜਾਣਗੀਆਂ ਬਲਕਿ ਫੋਰ ਲਾਈਨ ਕਰਵਾ ਕੇ ਦਿਓਗੇ। ਪਹਿਲੀ ਪਾਤਸ਼ਾਹੀ, ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਆ ਰਿਹਾ ਹੈ। ਸਰਕਾਰ ਨੂੰ ਇਹ ਸੜਕਾਂ ਦਾ ਕੰਮ ਕਰਵਾ ਕੇ ਦੁਆਬੇ ਨੂੰ ਗਿਫਟ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੇਰੀ ਇਹ ਹੀ ਤੁਹਾਡੇ ਰਾਹੀਂ ਬੇਨਤੀ ਹੈ।

**ਰਾਜ ਮੰਤਰੀ :** ਸਪੀਕਰ ਸਾਹਿਬ, ਸਾਡੀ ਸਰਕਾਰ ਬਣੀ ਨੂੰ ਹਾਲੇ ਸਾਲ ਹੀ ਹੋਇਆ ਹੈ। ਸਾਲ ਦੇ ਵਿੱਚ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਵੱਧ ਤੋਂ ਵੱਧ ਸੜਕਾਂ ਦੀ ਮੁਰੰਮਤ ਤੇ ਰਿਪੇਅਰ ਕੀਤੀ ਜਾਵੇ। ਜਿਨ੍ਹਾਂ ਦੀ ਦਸ ਸਾਲ ਸਰਕਾਰ ਰਹੀ ਹੈ, ਉਨ੍ਹਾਂ ਨੇ ਇਨ੍ਹਾਂ ਸੜਕਾਂ ਦੀ ਹਾਲਤ ਨੂੰ ਦੇਖਦੇ ਹੋਏ, ਇਨ੍ਹਾਂ ਸੜਕਾਂ ਨੂੰ ਕਿਉਂ ਨਹੀਂ ਸੰਵਾਰਿਆ? ਮੈਂ ਇਨ੍ਹਾਂ ਨਾਲ ਵਾਅਦਾ ਕਰਦੀ ਹਾਂ ਕਿ ਜੇ ਇਹ ਚਾਹੁੰਦੇ ਹਨ ਕਿ ਇਸ ਸੜਕ ਨੂੰ ਚੌੜਾ ਹੀ ਕੀਤਾ ਜਾਵੇ, ਬਣਾਈ ਜਾਵੇ ਤਾਂ ਫਿਰ ਮੈਂ ਇਨ੍ਹਾਂ ਨੂੰ ਕਹਿੰਦੀ ਹਾਂ ਕਿ ਥੋੜ੍ਹਾ ਜਿਹਾ ਇੰਤਜ਼ਾਰ ਕਰਨਾ ਪਏਗਾ। ਇਹ ਥੋੜ੍ਹਾ ਜਿਹਾ ਇੰਤਜ਼ਾਰ ਕਰ ਲੈਣ, ਅਸੀਂ ਪੈਸੇ ਜਮ੍ਹਾਂ ਕਰਵਾ ਕੇ ਇਸ ਦਾ ਪ੍ਰਾਸੈਸ ਸ਼ੁਰੂ ਕਰ ਦਿਆਂਗੇ।

**ਸਰਦਾਰ ਅਮਰੀਕ ਸਿੰਘ ਢਿੱਲੋਂ:** ਸਪੀਕਰ ਸਾਹਿਬ, ਮੇਰੇ ਹਲਕੇ ਸਮਰਾਲੇ ਦੇ ਵਿੱਚ ਖੰਨਾ ਮਾਛੀਵਾੜੇ ਤੇ ਰਾਹੋਂ ਨੂੰ ਜਿਹੜੀ ਸੜਕ ਜਾਂਦੀ ਹੈ, ਉਸ ਵਿੱਚ ਵੀ ਬਹੁਤ ਵੱਡੇ ਵੱਡੇ ਟੋਏ ਪਏ ਹੋਏ ਹਨ। ਕੀ ਕਿਰਪਾ ਕਰਕੇ ਮੰਤਰੀ ਸਾਹਿਬ ਦੱਸਣਗੇ ਕਿ ਕਿੰਨੀ ਦੇਰ ਵਿੱਚ ਕੰਪਲੀਟ ਕਰ ਦੇਣਗੇ?

**ਰਾਜ ਮੰਤਰੀ :** ਸਪੀਕਰ ਸਾਹਿਬ, ਕੱਲ੍ਹ ਵੀ ਜਦੋਂ ਸਵੇਰੇ ਮੈਂਬਰ ਸਾਹਿਬਾਨ ਨਹੀਂ ਆਏ ਸੀ ਜਿਨ੍ਹਾਂ ਦੇ ਸਵਾਲ ਲੱਗੇ ਹੋਏ ਸਨ। ਫਿਰ ਦੁਬਾਰਾ ਚਾਰ-ਪੰਜ ਮੈਂਬਰ ਸਾਹਿਬਾਨ ਨੇ ਸਵਾਲ ਪੁੱਛੇ। ਇਹ

ਗਲਤ ਰਵਾਇਤ ਪਾਈ ਜਾ ਰਹੀ ਹੈ ਕਿ ਜਦੋਂ ਮੈਂਬਰ ਸਾਹਿਬਾਨ ਵਕਤ ਤੇ ਨਹੀਂ ਆਉਂਦੇ, ਆਪਣਾ ਸਵਾਲ ਨਹੀਂ ਪੁੱਛਦੇ। ਜਦੋਂ ਸਮਾਂ ਨਿਕਲ ਜਾਂਦਾ ਹੈ ਤਾਂ ਉਸ ਤੋਂ ਬਾਅਦ ਵਿੱਚ ਉਠ ਉਠ ਕੇ ਆਪਣਾ ਸਵਾਲ ਦੁਹਰਾਉਂਦੇ ਹਨ। ਇਹ ਗਲਤ ਹੈ। ਇਹ ਨਵੀਂ ਰਵਾਇਤ ਨਾ ਪਾਈ ਜਾਏ। ਮੈਂ ਕਹਿਣਾ ਚਾਹੁੰਦੀ ਹਾਂ ਕਿ ਮੈਂਬਰ ਸਾਹਿਬਾਨ ਆਪਣੇ ਸਮੇਂ ਤੇ ਆਪਣਾ ਸਵਾਲ ਪੁੱਛਣ। ਜਿਹੜਾ ਹੁਣ ਇਹ ਸਵਾਲ ਕਰ ਰਹੇ ਹਨ, ਇਹ ਵੱਖਰਾ ਸਵਾਲ ਬਣਦਾ ਹੈ।

---------

## ਪੱਟੀ ਹਲਕੇ ਦੇ ਹਸਪਤਾਲਾਂ ਵਿਖੇ ਖਾਲੀ ਅਸਾਮੀਆਂ ਦੀ ਗਿਣਤੀ

*1026. **ਸਰਦਾਰ ਹਰਮਿੰਦਰ ਸਿੰਘ ਗਿੱਲ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪੱਟੀ ਵਿਧਾਨ ਸਭਾ ਹਲਕੇ ਵਿੱਚ ਸਿਵਲ ਹਸਪਤਾਲ ਪੱਟੀ, ਪੀ.ਐਚ.ਸੀ.ਕੈਰੋਂ, ਸਰਹਾਲੀ, ਹਰੀਕੇ ਅਤੇ ਨੌਸ਼ਹਿਰਾ ਪੰਨੂਆ ਵਿਖੇ ਸ਼੍ਰੇਣੀਵਾਰ ਖਾਲੀ ਅਸਾਮੀਆਂ ਦੀ ਵੱਖ-ਵੱਖ ਗਿਣਤੀ ਕੀ ਹੈ ਅਤੇ ਸਰਕਾਰ ਵੱਲੋਂ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਕੀ ਕਦਮ ਚੁੱਕੇ ਗਏ/ਚੁੱਕੇ ਜਾ ਰਹੇ ਹਨ ;

(ਅ) ਜੇਕਰ ਸਰਕਾਰ ਉਪਰੋਕਤ ਦਰਸਾਈਆਂ ਖਾਲੀ ਅਸਾਮੀਆਂ ਉੱਤੇ ਨਿਯਮਿਤ ਅਮਲਾ ਨਹੀਂ ਰੱਖਦੀ ਹੈ ਤਾਂ ਕੀ ਸਰਕਾਰ ਇਸ ਮੰਤਵ ਲਈ ਆਰਜ਼ੀ/ਐਡਹਾਕ ਅਮਲਾ ਭਰਤੀ ਕਰੇਗੀ ;

(ੲ) ਕੀ ਸਰਕਾਰ ਦੁਰਘਟਨਾ ਗ੍ਰਸਤਾਂ ਨੂੰ ਡਾਕਟਰੀ ਇਲਾਜ ਮੁਹੱਈਆ ਕਰਾਉਣ ਲਈ ਪੀ.ਐਚ.ਸੀ.ਸਰਹਾਲੀ ਵਿਖੇ ਮੁੱਖ ਸੜਕ ਉੱਤੇ ਟਰੋਮਾ ਸੈਂਟਰ ਅਤੇ ਐਮਰਜੈਂਸੀ ਸਿਹਤ ਸੇਵਾਵਾਂ ਸ਼ੁਰੂ ਕਰਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਪੱਟੀ ਵਿਧਾਨ ਸਭਾ ਹਲਕੇ ਵਿੱਚ ਸਿਵਲ ਹਸਪਤਾਲ ਪੱਟੀ, ਪੀ.ਐਚ.ਸੀ.ਕੈਰੋਂ, ਸਰਹਾਲੀ, ਹਰੀਕੇ ਅਤੇ ਨੌਸ਼ਹਿਰਾ ਪੰਨੂਆ ਵਿਖੇ ਸ਼੍ਰੇਣੀਵਾਰ ਖਾਲੀ ਅਸਾਮੀਆਂ ਦੀ ਸੂਚੀ ਅਨੁਲੱਗ-ੳ ਤੇ ਰੱਖੀ ਜਾਂਦੀ ਹੈ। ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਵਿਭਾਗ ਵੱਲੋਂ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ ਇਸ਼ਤਿਹਾਰ ਦੇ ਦਿੱਤਾ ਗਿਆ ਹੈ। ਸਟਾਫ ਨਰਸਾਂ ਦੀਆਂ ਖਾਲੀ ਅਸਾਮੀਆਂ ਨੂੰ ਸਿੱਧੀ ਭਰਤੀ ਰਾਹੀਂ ਭਰਨ ਲਈ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ। ਬਾਕੀ ਦੀਆਂ ਕੈਟਾਗਰੀ ਦੀਆਂ ਖਾਲੀ ਅਸਾਮੀਆਂ ਨੂੰ ਆਮ ਬਦਲੀਆਂ ਦੌਰਾਨ ਭਰਨ ਲਈ ਉਪਰਾਲੇ ਕੀਤੇ ਜਾਣਗੇ।

(ਅ) ਡਾਇਰੈਕਟੋਰੇਟ ਅਧੀਨ ਖਾਲੀ ਅਸਾਮੀਆਂ ਨੂੰ ਆਰਜ਼ੀ/ਐਡਹਾਕ ਆਧਾਰ ਤੇ ਭਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਪਰ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਅਧੀਨ ਆਉਂਦੀਆਂ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕ੍ਰਿਆ ਜਾਰੀ ਹੈ। ਇਨ੍ਹਾਂ ਸਿਹਤ ਸੰਸਥਾਵਾਂ ਵਿੱਚ ਮਰੀਜ਼ਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਮੈਡੀਕਲ/ਪੈਰਾ-ਮੈਡੀਕਲ ਸਟਾਫ ਦੀ ਪੂਰਤੀ ਲੋਕਲ ਐਡਜਸਟਮੈਂਟਾਂ ਕਰਕੇ ਵੀ ਕਰ ਲਈ ਜਾਂਦੀ ਹੈ।

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ੲ) ਪੀ.ਐਚ.ਸੀ.ਸਰਹਾਲੀ ਵਿਖੇ ਟਰੋਮਾ ਸੈਂਟਰ ਅਤੇ ਐਮਰਜੈਂਸੀ ਸਿਹਤ ਸੇਵਾਵਾਂ ਸ਼ੁਰੂ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਪਰ ਇਹ ਸਿਹਤ ਸੰਸਥਾ ਸਿਵਲ ਹਸਪਤਾਲ, ਤਰਨਤਾਰਨ ਤੋਂ 19 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ ਅਤੇ ਸਿਵਲ ਹਸਪਤਾਲ, ਤਰਨਤਾਰਨ ਵਿਖੇ ਟਰੋਮਾ ਸੈਂਟਰ ਅਤੇ ਐਮਰਜੈਂਸੀ ਸਿਹਤ ਸੇਵਾਵਾਂ ਆਮ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਇਲਾਕੇ ਦੇ ਲੋਕ ਸਿਵਲ ਹਸਪਤਾਲ, ਤਰਨਤਾਰਨ ਵਿਖੇ ਟਰੋਮਾ ਸੈਂਟਰ ਅਤੇ ਐਮਰਜੈਂਸੀ ਸਿਹਤ ਸੇਵਾਵਾਂ ਲੈ ਰਹੇ ਹਨ।

ਅਨੁਲੱਗ-ੳ

| ਕੈਟਾਗਰੀ ਦਾ ਨਾਮ | ਖਾਲੀ ਅਸਾਮੀਆਂ ਦਾ ਵੇਰਵਾ | | | |
|---|---|---|---|---|
| | ਸਿਵਲ ਹਸ: ਪੱਟੀ | ਸੀ.ਐਚ.ਸੀ. ਕੈਰੋਂ/ ਸੀ.ਐਚ.ਸੀ. ਨੌਸ਼ਹਿਰਾ ਪੰਨੂਆ | ਸੀ.ਐਚ.ਸੀ. ਹਰੀਕੇ | ਸੀ.ਐਚ.ਸੀ. ਸਰਹਾਲੀ |
| ਸੀਨੀਅਰ ਮੈਡੀਕਲ ਅਫਸਰ | 0 | 0 | 0 | 1 |
| ਮੈਡੀਕਲ ਅਫਸਰ | 12 | 6 | 2 | 0 |
| ਸਟਾਫ ਨਰਸ | 5 | 1 | 1 | 1 |
| ਮ.ਪ.ਹ.ਵ (ਮੇਲ) | 1 | 8 | 1 | 9 |
| ਮ.ਪ.ਹ.ਵ (ਫੀਮੇਲ) | 0 | 2 | 0 | 2 |
| ਫਾਰਮਾਸਿਸਟ | 0 | 2 | 0 | 0 |
| ਸਟੈਨੋ | 0 | 1 | 0 | 1 |
| ਕਲਰਕ | 0 | 1 | 0 | 2 |

**ਸਰਦਾਰ ਹਰਮਿੰਦਰ ਸਿੰਘ ਗਿੱਲ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਜਵਾਬ ਮੈਨੂੰ ਦਿੱਤਾ ਗਿਆ ਹੈ, ਉਸ ਦੇ ਮੁਤਾਬਕ ਸਾਡੇ ਪੱਟੀ ਹਸਪਤਾਲ ਵਿੱਚ ਡਾਕਟਰਾਂ ਦੀਆਂ 12 ਅਸਾਮੀਆਂ ਖਾਲੀ ਹਨ, ਕੈਰੋਂ ਅਤੇ ਨੌਸ਼ਹਿਰਾ ਪੰਨੂਆ ਵਿੱਚ 6 ਆਸਾਮੀਆਂ ਖਾਲੀ ਹਨ ਅਤੇ ਹਰੀਕੇ ਵਿੱਚ 2 ਅਸਾਮੀਆਂ ਖਾਲੀ ਹਨ। 12 ਡਾਕਟਰ ਹੀ ਨਹੀਂ ਹਨ ਅਤੇ ਜਿਹੜੇ ਸਾਡੇ ਮਲਟੀਪਰਪਜ਼ ਹੈਲਥ ਵਰਕਰਜ਼ ਹਨ, ਕਿਤੇ 8 ਖਾਲੀ ਹਨ ਅਤੇ ਕਿਤੇ 9 ਖਾਲੀ ਹਨ। ਵੇਖੋ, ਅਸੀਂ ਹਸਪਤਾਲ ਵਿੱਚ ਇੱਕ ਰਸੋਈ ਚਲਾਈ ਹੈ, ਉੱਥੇ ਸਵੇਰੇ ਦੁਪਹਿਰੇ ਸ਼ਾਮ ਨੂੰ 10 ਰੁਪਏ ਦੀ ਰੋਟੀ ਦਿੰਦੇ ਹਾਂ। ਇਸ ਤਰ੍ਹਾਂ ਤਾਂ ਅਸੀਂ ਸਟਾਫ ਦੀ ਘਾਟ ਕਰਕੇ ਹਸਪਤਾਲ ਬੰਦ ਕਰ ਦੇਈਏ ਅਤੇ ਅਸੀਂ ਮਰੀਜ਼ਾਂ ਨੂੰ ਪਰਸ਼ਾਦਾ ਛਕਾਉਂਦੇ ਰਹਾਂਗੇ? ਉੱਥੇ ਜਿਹੜਾ ਐਸ.ਐਮ.ਓ. ਹੈ, ਉਹ ਬਸ ਆਪਣਾ ਦਫ਼ਤਰੀ ਕੰਮ ਕਰਦਾ ਹੈ। ਬਾਕੀ ਜਿਹੜੀ 500-600 ਦੀ ਓ.ਪੀ.ਡੀ. ਹੈ, ਉਹ ਬਿਲਕੁਲ ਬੰਦ ਹੋ ਗਈ ਹੈ।

ਦੂਸਰੀ ਗੱਲ ਸਾਡੇ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਟਰੌਮਾ ਸੈਂਟਰ ਦੀ ਕੋਈ ਲੋੜ ਨਹੀਂ ਹੈ। ਸਰਹਾਲੀ ਦਾ ਜਿਹੜਾ ਹਸਪਤਾਲ ਹੈ, ਇਹ ਬਿਲਕੁਲ ਨੈਸ਼ਨਲ ਹਾਈਵੇਅ ਤੇ ਹੈ। ਇਹ ਬਿਲਕੁਲ ਪੁਲਿਸ ਸਟੇਸ਼ਨ ਦੇ ਸਾਹਮਣੇ ਹਨ। ਜਿਹੜਾ ਇਹ ਤਰਨਤਾਰਨ ਦੱਸਦੇ ਹਨ ਕਿ ਟਰੌਮਾ ਸੈਂਟਰ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਤਰਨਤਾਰਨ ਕੋਈ ਟਰੌਮਾ ਸੈਂਟਰ ਨਹੀਂ ਚਲਦਾ ਅਤੇ ਨਾ ਹੀ ਕੋਈ

ਐਮਰਜੈਂਸੀ ਹੈ। ਜਿਹੜਾ ਤਰਨਤਾਰਨ ਹਸਪਤਾਲ ਹੈ, ਉਹ ਸ਼ਹਿਰ ਦੇ ਵਿੱਚ ਹੈ। ਇਨ੍ਹਾਂ ਨੇ ਦੱਸਿਆ ਹੈ ਕਿ ਇਹ ਸਰਹਾਲੀ ਤੋਂ 19 ਕਿਲੋਮੀਟਰ ਪੈਂਦਾ ਹੈ। ਉੱਥੇ ਹਰ ਰੋਜ਼ ਬਹੁਤ ਵੱਡੇ ਵੱਡੇ ਐਕਸੀਡੈਂਟ ਹੁੰਦੇ ਹਨ, ਲੋਕ ਖ਼ੂਨ ਨਾਲ ਨੁੱਚੜਦੇ ਨੁੱਚੜਦੇ ਹੋਏ ਅੰਮ੍ਰਿਤਸਰ ਤੱਕ ਪਹੁੰਚਦੇ ਹਨ, ਕਈ ਰਸਤੇ ਵਿੱਚ ਹੀ ਦਮ ਤੋੜ ਦਿੰਦੇ ਹਨ। ਮੈਂ ਸੈਂਕੜੇ ਹੀ ਕੇਸ ਐਸੇ ਗਿਣਾ ਸਕਦਾ ਹਾਂ ਜਿੱਥੇ ਲੋਕਾਂ ਦੀਆਂ ਜਾਨਾਂ ਖਤਰੇ ਵਿੱਚ ਹਨ, ਮੈਂ ਬੇਨਤੀ ਕਰਦਾ ਹਾਂ ਕਿ.....

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸਰਦਾਰ ਹਰਮਿੰਦਰ ਸਿੰਘ ਗਿੱਲ** : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਸਰਹਾਲੀ ਦਾ ਹਸਪਤਾਲ ਹੈ, ਇਹ ਬਿਲਕੁਲ ਨੈਸ਼ਨਲ ਹਾਈਵੇਅ ਤੇ ਹੈ। ਮੰਤਰੀ ਸਾਹਿਬ ਕਿਰਪਾ ਕਰਕੇ ਦੱਸਣ ਕਿ ਜਿੱਥੇ ਇੰਨੇ ਟਰੌਮਾ ਸੈਂਟਰ ਖੋਲ੍ਹ ਰਹੇ ਹਨ ਤਾਂ ਸਰਹਾਲੀ ਵੀ ਇੱਕ ਟਰੌਮਾ ਸੈਂਟਰ ਖੋਲ੍ਹ ਦੇਣ ਇਸ ਨਾਲ ਸਾਡੇ ਲੋਕਾਂ ਦੀਆਂ ਜਾਨਾਂ ਬਚ ਜਾਣਗੀਆਂ।

**ਮੰਤਰੀ** : ਸਪੀਕਰ ਸਾਹਿਬ, ਮੈਂ ਆਪਣੇ ਜਵਾਬ ਵਿੱਚ ਇਹ ਕਿਹਾ ਹੈ ਕਿ ਤਜਵੀਜ਼ ਨਹੀਂ ਹੈ। ਮੈਂ ਇਹ ਨਹੀਂ ਕਿਹਾ ਕਿ ਲੋੜ ਨਹੀਂ ਹੈ। ਇਨ੍ਹਾਂ ਦੀਆਂ ਜਿਹੜੀਆਂ ਭਾਵਨਾਵਾਂ ਹਨ, ਮੈਂ ਉਨ੍ਹਾਂ ਨਾਲ ਪੂਰਾ ਸਹਿਮਤ ਹਾਂ। ਮੇਰੀ ਵੀ ਕੋਸ਼ਿਸ਼ ਹੈ ਕਿ ਇਨ੍ਹਾਂ ਦਾ ਸਰਹਾਲੀ ਹਸਪਤਾਲ ਸਟੇਟ ਹਾਈਵੇਅ ਤੇ ਪੈਂਦਾ ਹੈ, ਇਸ ਨੂੰ ਇੱਕ ਅੱਛਾ ਟਰੌਮਾ ਸੈਂਟਰ ਬਣਾਇਆ ਜਾਵੇ। ਅਸੀਂ ਆਉਣ ਵਾਲੇ ਦਿਨਾਂ ਵਿੱਚ ਜਿਸ ਵੇਲੇ ਸਾਰੀ ਰਿਕਰੂਟਮੈਂਟ ਕਰ ਲਵਾਂਗੇ ਅਤੇ ਜਦੋਂ ਸਾਰੇ ਪਾਸੇ ਸਟਾਫ ਪੂਰਾ ਹੋ ਜਾਵੇਗਾ, ਉਦੋਂ ਮੈਂ ਇਸ ਨੂੰ ਪਹਿਲ ਦੇ ਅਧਾਰ ਤੇ ਠੀਕ ਕਰਵਾਉਣ ਦੀ ਕੋਸ਼ਿਸ਼ ਕਰਾਂਗਾ।

**ਸਰਦਾਰ ਹਰਮਿੰਦਰ ਸਿੰਘ ਗਿੱਲ** : ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ ਕਿ ਜਿੱਥੇ 12 ਆਸਾਮੀਆਂ ਖਾਲੀ ਹਨ, ਉੱਥੇ ਸਾਨੂੰ ਕਿਸੇ ਹੋਰ ਹਸਪਤਾਲ ਤੋਂ ਕੋਈ ਦੋ ਚਾਰ ਡਾਕਟਰ ਭੇਜ ਦੇਣ ਤਾਂ ਕਿ ਸਾਡਾ ਕੰਮ ਤਾਂ ਚੱਲ ਜਾਵੇ। ਸਾਡਾ ਤਾਂ ਕੰਮ ਹੀ ਬੰਦ ਹੋ ਗਿਆ ਹੈ। ਲੋਕੀਂ ਸਾਡੇ ਗਲ ਪੈਂਦੇ ਹਨ।

**ਮਾਨਯੋਗ ਸਪੀਕਰ** : ਉਨ੍ਹਾਂ ਨੇ ਐਸ਼ਿਓਰ ਕੀਤਾ ਹੈ ਕਿ ਜਲਦੀ ਕਰ ਦਿਆਂਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਸਭ ਤੋਂ ਜ਼ਿਆਦਾ ਸਵਾਲ ਜਾਂ ਤਾਂ ਐਜੂਕੇਸ਼ਨ ਨਾਲ ਸਬੰਧਿਤ ਆਏ ਹਨ ਜਾਂ ਹੈਲਥ ਨਾਲ ਸਬੰਧਿਤ ਆਏ ਹਨ। ਪੰਜਾਬ ਦੇ ਸਾਰੇ ਕੋਨਿਆਂ ਤੋਂ ਰਿਪੀਟੀਲੀ ਇਹੋ ਆਇਆ ਹੈ ਕਿ ਡਾਕਟਰਜ਼ ਦੀ ਬਹੁਤ ਭਾਰੀ ਸ਼ਾਰਟੇਜ ਹੈ। ਇਹ ਕਹਿੰਦੇ ਹਨ ਕਿ ਅਸੀਂ ਅੱਗੇ ਡਾਕਟਰਜ਼ ਭਰਤੀ ਕਰਨ ਜਾ ਰਹੇ ਹਾਂ। ਸਪੀਕਰ ਸਾਹਿਬ, ਮੇਰਾ ਤੁਹਾਡੇ ਜ਼ਰੀਏ ਇੱਕ ਸੁਝਾਅ ਹੈ ਕਿ ਨਵੇਂ ਪ੍ਰਾਪਤ ਹੋ ਰਹੇ ਡਾਟਾ ਅਨੁਸਾਰ ਜਿਹੜੇ ਪੇਂਡੂ ਇਲਾਕੇ ਹਨ, ਉਨ੍ਹਾਂ ਵਿੱਚ ਸਭ ਤੋਂ ਜ਼ਿਆਦਾ ਮੌਤਾਂ ਐਕਸੀਡੈਂਟਾਂ ਦੇ ਨਾਲ, ਹਾਰਟ ਫੇਲ੍ਹ ਹੋਣ ਕਾਰਨ ਹੋ ਰਹੀਆਂ ਹਨ। ਜਿਸ ਤਰ੍ਹਾਂ ਮਿਸਾਲ ਦੇ ਤੌਰ ਤੇ ਭੁਲੱਥ ਵਿੱਚ 50 ਕਰੋੜ ਰੁਪਏ ਤੋਂ ਜ਼ਿਆਦਾ ਦੀ ਬਿਲਡਿੰਗ ਹੈ ਅਤੇ ਉੱਥੇ ਕੋਈ ਹਾਰਟ ਸਪੈਸ਼ੇਲਿਸਟ ਨਹੀਂ ਹੈ। ਜਲੰਧਰ ਸਾਨੂੰ ਕੋਈ 35-40 ਕਿਲੋਮੀਟਰ ਹੈ, ਜਦੋਂ ਤੱਕ ਮਰੀਜ਼ ਉੱਥੇ ਪਹੁੰਚਦਾ ਹੈ ਤਾਂ ਉਹ ਦਮ ਤੋੜ ਜਾਂਦਾ ਹੈ। ਮੈਂ ਅਫਸੋਸ ਕਰਨ ਜਾਂਦਾ ਹਾਂ ਤਾਂ ਲੋਕੀਂ ਕਹਿੰਦੇ ਹਨ ਕਿ ਅਸੀਂ ਕੋਸ਼ਿਸ਼ ਕੀਤੀ, ਐਂਬੂਲੈਂਸ ਆਈ by the time ਜਿਹੜੇ ਪੇਸ਼ੈਂਟ ਹੁੰਦੇ ਹਨ, majority of them die before they reach the city Hosptial. ਪਿੰਡਾਂ ਵਿੱਚ ਅੱਜ ਵੀ 70% ਲੋਕ ਰਹਿੰਦੇ ਹਨ, ਇਸ ਲਈ ਕੁਝ ਨਾ ਕੁਝ ਕੀਤਾ ਜਾਵੇ ਭਾਵੇਂ ਉਥੇ ਉਨ੍ਹਾਂ ਨੂੰ ਹਾਰਟ ਪ੍ਰਾਬਲਮ ਲਈ ਫਸਟ ਏਡ ਹੀ ਮਿਲ ਜਾਵੇ ਜਿਵੇਂ ਕਿ ਉਸ ਨੂੰ ਕੋਈ ਗੋਲੀ ਦੇ ਦਿਉ, I don't know what it is called; you keep it under the tongue or some injection. Something has to be done otherwise people are dying.

**ਮਾਨਯੋਗ ਸਪੀਕਰ** : ਧੰਨਵਾਦ। ਹਾਂ ਜੀ, ਨਵਤੇਜ ਸਿੰਘ ਚੀਮਾ ਜੀ।

**ਸਰਦਾਰ ਨਵਤੇਜ ਸਿੰਘ ਚੀਮਾ** : ਧੰਨਵਾਦ, ਸਪੀਕਰ ਸਾਹਿਬ। ਇਸ ਸਵਾਲ ਦੇ ਨਾਲ ਹੀ ਜੁੜਿਆ ਮੇਰਾ ਵੀ ਇੱਕ ਪ੍ਰਸ਼ਨ ਹੈ। ਸਾਡੇ ਸੁਲਤਾਨਪੁਰ ਲੋਧੀ ਵਿੱਚ ਦੋ ਐਂਬੂਲੈਂਸਾਂ ਖੜ੍ਹੀਆਂ ਹਨ ਪਰ ਡਰਾਈਵਰ ਕੋਈ ਨਹੀਂ ਹੈ। ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੇਕਰ ਅਸੀਂ ਡੀ.ਸੀ. ਜਾਂ ਕੁਲੈਕਟਰ ਰੇਟ ਤੇ ਡਰਾਈਵਰ ਰੱਖ ਸਕੀਏ ਤਾਂ ਚੰਗਾ ਹੋਵੇਗਾ। ਇਸ ਲਈ ਸਾਨੂੰ ਪਰਮਿਸ਼ਨ ਦਿੱਤੀ ਜਾਵੇ। ਸਾਨੂੰ ਜਲੰਧਰ 40 ਕਿਲੋਮੀਟਰ ਦੂਰ ਪੈਂਦਾ ਹੈ। ਖਹਿਰਾ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਰਾਹ ਵਿੱਚ ਜਾਂਦਿਆਂ ਹੀ ਮਰੀਜ਼ ਦਮ ਤੋੜ ਜਾਂਦੇ ਹਨ। ਇਸ ਵੱਲ ਜ਼ਰੂਰ ਧਿਆਨ ਦਿੱਤਾ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਗੱਲ ਤੇ ਲੀਡਰ ਆਫ ਦਿ ਆਪੋਜ਼ੀਸ਼ਨ ਨਾਲ ਸਹਿਮਤ ਹਾਂ ਕਿ ਪਿੰਡਾਂ ਵਿੱਚ ਇੱਕਦਮ First Aid ਮਿਲਣੀ ਬਹੁਤ ਜ਼ਰੂਰੀ ਹੈ । ਮੈਂ ਸਾਰੇ ਸਤਿਕਾਰਯੋਗ ਮੈਂਬਰਾਂ ਨਾਲ ਇਹ ਗੱਲ ਸਾਂਝੀ ਕਰਨਾ ਚਾਹੁੰਦਾ ਹਾਂ ਕਿ ਉਹ ਇਸ ਗੱਲ ਤੇ ਮੈਨੂੰ ਫੀਡਬੈਕ ਵੀ ਦੇਣ, ਮੈਨੂੰ educate ਵੀ ਕਰਨ। ਜ਼ਿਲ੍ਹਾ ਪ੍ਰੀਸ਼ਦ ਦੇ ਕਰੀਬ 1100 ਰੂਰਲ ਡਾਕਟਰਜ਼ ਪਿੰਡਾਂ ਵਿੱਚ ਹਨ, ਉਨ੍ਹਾਂ ਬਾਰੇ ਮੇਰੇ ਕੋਲ ਇਹ ਖਬਰ ਆਉਂਦੀ ਰਹਿੰਦੀ ਹੈ ਕਿ ਨਾ ਤਾਂ ਉਹ ਡਿਪਟੀ ਕਮਿਸ਼ਨਰ ਨਾਲ ਲੱਗ ਕੇ ਕਿਸੇ ਨੈਸ਼ਨਲ ਪ੍ਰੋਗਰਾਮ ਵਿੱਚ ਹਿੱਸਾ ਪਾਉਂਦੇ ਹਨ ਤੇ ਨਾ ਹੀ ਉਹ ਸਾਡੇ ਸਿਵਲ ਸਰਜਨ ਨਾਲ ਟਾਈ-ਅੱਪ ਕਰਦੇ ਹਨ ਤੇ ਨਾ ਹੀ ਉੱਥੇ ਦੇ ਏ.ਡੀ.ਸੀ. ਡਿਵੈਲਪਮੈਂਟ ਨੂੰ ਪਤਾ ਹੁੰਦਾ ਹੈ ਕਿ ਉਹ ਡਾਕਟਰ ਕਿੱਥੇ ਹਨ ਤੇ ਨਾ ਹੀ ਉੱਥੇ ਦੇ ਬੀ.ਡੀ.ਓ. ਅਤੇ ਬੀ.ਡੀ.ਪੀ.ਓ. ਨੂੰ ਪਤਾ ਹੁੰਦਾ ਹੈ ਕਿ ਉਹ ਡਾਕਟਰ ਕਿੱਥੇ ਹਨ। ਜੇ ਮੈਂਬਰ ਸਾਹਿਬ ਆਪਣੇ ਪਿੰਡਾਂ ਵਿੱਚ ਕੋਈ ਰੂਰਲ ਡਾਕਟਰ ਦੇਖਦੇ ਹੋਣ ਤਾਂ ਮੈਨੂੰ ਜ਼ਰੂਰ ਦੱਸ ਦੇਣ। ਮੇਰੀ ਬੜੀ ਕੋਸ਼ਿਸ਼ ਹੈ ਕਿ ਜਿਹੜੇ ਉਹ 1100 ਡਾਕਟਰ ਹਨ ਉਨ੍ਹਾਂ ਵਿੱਚੋਂ ਕਾਫੀ ਡਾਕਟਰਾਂ ਨੇ ਪੀ.ਜੀ. ਕੀਤੀ ਹੋਈ ਹੈ ਤੇ ਉਹ ਸਪੈਸ਼ਲਿਸਟ ਹਨ, ਇੱਕ ਪਾਸੇ ਤਾਂ ਇਹ ਲੱਗਦਾ ਹੈ ਕਿ ਉਹ ਆਪਣੇ ਆਪ ਨੂੰ ਵੇਸਟ ਕਰ ਰਹੇ ਹਨ ਪਰ ਦੂਜੇ ਪਾਸੇ ਇਹ ਵੀ ਲੱਗਦਾ ਹੈ ਕਿ ਜਦੋਂ ਉਹ ਡਾਕਟਰ ਕਿਸੇ ਨੂੰ answerable ਹੀ ਨਹੀਂ ਹਨ, ਨਾ ਹੀ ਉਹ ਸਰਪੰਚ ਨੂੰ answerable ਹਨ । ਇਹ ਖਬਰ ਵੀ ਆ ਰਹੀ ਹੈ ਕਿ ਇਹ ਡਾਕਟਰ ਸ਼ਾਇਦ ਪ੍ਰਾਈਵੇਟ ਪ੍ਰੈਕਟਿਸ ਜ਼ਿਆਦਾ ਕਰਦੇ ਹਨ। ਜੇ ਮੇਰੇ ਨਾਲ ਹਾਊਸ ਇਸ ਗੱਲ ਤੇ ਸਾਥ ਦੇਵੇ ਤਾਂ ਕਿਉਂ ਨਾ ਅਸੀਂ ਰੂਰਲ ਡਾਕਟਰਾਂ ਨੂੰ ਆਪਣੇ ਹੈਲਥ ਡਿਪਾਰਟਮੈਂਟ ਨਾਲ ਮਰਜ ਕਰ ਲਈਏ, ਜਿਸ ਨਾਲ 1100 ਡਾਕਟਰਾਂ ਦੀ ਕਮੀ ਪੂਰੀ ਹੋ ਸਕਦੀ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਕੰਵਰ ਸੰਧੂ, ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਅਤੇ ਡਾਕਟਰ ਸੁਖਵਿੰਦਰ ਕੁਮਾਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਰਹੇ ਸਨ।)

**ਮਾਨਯੋਗ ਸਪੀਕਰ** : ਡਾਕਟਰ ਸੁਖਵਿੰਦਰ ਕੁਮਾਰ ਜੀ, ਪਹਿਲਾਂ ਦੇ ਖੜ੍ਹੇ ਹਨ, ਪਹਿਲਾਂ ਤੁਸੀਂ ਪੁੱਛ ਲਵੋ। ਬਾਕੀ ਤੁਸੀਂ ਬਾਅਦ ਵਿੱਚ ਸਪਲੀਮੈਂਟਰੀ ਪੁੱਛ ਲੈਣਾ।

**ਡਾਕਟਰ ਸੁਖਵਿੰਦਰ ਕੁਮਾਰ** : ਸਪੀਕਰ ਸਾਹਿਬ, ਮੈਂ ਹੈਲਥ ਮਨਿਸਟਰ ਸਾਹਿਬ ਨਾਲ ਸਹਿਮਤ ਹਾਂ ਕਿ ਜਿਹੜੇ ਉਹ ਰੂਰਲ ਡਾਕਟਰ ਲਗਾਏ ਗਏ ਹਨ, ਉਹ ਇਸ ਵੇਲੇ ਆਪਣੀਆਂ ਸਰਵਿਸਿਜ਼ ਜ਼ਿਆਦਾ ਅਸਰਦਾਰ ਤਰੀਕੇ ਨਾਲ ਨਹੀਂ ਦੇ ਰਹੇ ਹਨ। ਜਿਸ ਤਰ੍ਹਾਂ ਇਹ ਰੂਰਲ ਡਾਕਟਰ ਰੱਖੇ ਗਏ ਹਨ, ਉਸੇ ਤਰ੍ਹਾਂ ਹੀ ਪਹਿਲਾਂ ਟੀਚਰਜ਼ ਵੀ ਰੱਖੇ ਗਏ ਸਨ। ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ

ਇਨ੍ਹਾਂ ਡਾਕਟਰਾਂ ਨੂੰ ਮੇਨ ਡਿਪਾਰਟਮੈਂਟ ਵਿੱਚ ਮਰਜ਼ ਕਰ ਲਿਆ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅੱਗੇ ਇੱਕ ਪਰੰਪਰਾ ਚਲਦੀ ਰਹੀ ਹੈ ਕਿ ਜਦੋਂ ਮੈਡੀਕਲ ਡਾਕਟਰਾਂ ਦੀ ਪੋਸਟਾਂ ਖਾਲੀ ਰਹਿੰਦੀਆਂ ਸਨ ਤਾਂ ਅਸੀਂ ਉਨ੍ਹਾਂ ਨੂੰ ਐਡਹਾਕ ਬੇਸ ਤੇ ਭਰ ਲੈਂਦੇ ਸੀ।

**ਮਾਨਯੋਗ ਸਪੀਕਰ :** ਤੁਸੀਂ ਪ੍ਰਸ਼ਨ ਪੁੱਛੋ।

**ਡਾਕਟਰ ਸੁਖਵਿੰਦਰ ਕੁਮਾਰ :** ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪਰੰਪਰਾ ਦੁਬਾਰਾ ਸ਼ੁਰੂ ਕੀਤੀ ਜਾ ਸਕਦੀ ਹੈ ਕਿ ਜਿੰਨਾ ਚਿਰ ਮੈਡੀਕਲ ਅਫਸਰਾਂ ਨੂੰ ਪਰਮਾਨੈਂਟ ਨਹੀਂ ਰੱਖ ਲਿਆ ਜਾਂਦਾ ਉਤਨਾ ਸਮਾਂ ਐਡਹਾਕ ਬੇਸ ਤੇ ਰੱਖ ਲਿਆ ਜਾਵੇ ?

**ਮੰਤਰੀ :** ਸਰ, ਮੈਂ ਇਸ ਵਿੱਚ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਮਰਜ਼ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਵਿੱਚ majority of them unionist ਬਣ ਚੁੱਕੇ ਹਨ ਕਿਉਂਕਿ ਇੱਕ ਤਾਂ ਉਨ੍ਹਾਂ ਨੇ ਕੰਮ ਕਰਨ ਦੀ ਆਦਤ ਨਹੀਂ ਪਾਈ ਹੋਈ ਹੈ । ਦੂਜਾ ਜਿਸ ਵੇਲੇ ਉਹ unionist ਬਣ ਜਾਂਦੇ ਹਨ ਤਾਂ ਪਬਲਿਕ ਵੀ ਤੇ ਕੁਝ ਨੁਮਾਇੰਦੇ ਵੀ ਉਨ੍ਹਾਂ ਦਾ ਸਾਥ ਦੇ ਜਾਂਦੇ ਹਨ ਪਰ ਮੈਂ ਇਸ ਵਿੱਚ ਇੱਕ ਫੈਸਲਾ ਕਰਕੇ ਆਪਣੇ ਸਤਿਕਾਰਯੋਗ ਰੂਰਲ ਡਿਵੈਲਪਮੈਂਟ ਮਨਿਸਟਰ ਸਾਹਿਬ ਨਾਲ ਵੀ ਗੱਲ ਕੀਤੀ ਸੀ ਤੇ ਅਸੀਂ ਉਨ੍ਹਾਂ ਡਾਕਟਰਾਂ ਨੂੰ ਆਪਸ਼ਨਜ਼ ਦਿਵਾਈਆਂ ਹਨ, ਉਸ ਵਿੱਚੋਂ 142 ਆਪਸ਼ਨਜ਼ ਆ ਚੁੱਕੀਆਂ ਹਨ ਜਿਸ ਵਿੱਚ ਰੂਰਲ ਡਾਕਟਰਾਂ ਨੇ ਕਿਹਾ ਹੈ ਕਿ ਅਸੀਂ ਹੈਲਥ ਡਿਪਾਰਟਮੈਂਟ ਦੇ ਨਾਲ ਆਉਣ ਨੂੰ ਤਿਆਰ ਹਾਂ। ਉਸ ਵਿੱਚ ਉਨ੍ਹਾਂ ਨੇ ਬੜਾ ਠੀਕ ਕਾਰਨ ਦੱਸਿਆ ਹੈ ਕਿ ਜਿਹੜਾ ਪੀ.ਸੀ.ਐਮ.ਐਸ ਦਾ ਮੇਨ ਕਾਡਰ ਹੈ ਉਹ ਉਸ ਦਾ ਮੇਨ ਸਟਰੀਮ ਦਾ ਹਿੱਸਾ ਬਣਨਗੇ ਔਰ 140 ਡਾਕਟਰਾਂ ਨੇ ਆਪਸ਼ਨ ਦਿੱਤੀ ਹੈ। ਅਸੀਂ ਇਨ੍ਹਾਂ ਨੂੰ ਬਹੁਤ ਜਲਦੀ ਮਰਜ਼ ਕਰ ਰਹੇ ਹਾਂ । ਮੈਂ ਇਨ੍ਹਾਂ ਮੈਂਬਰ ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ ਜਿਨ੍ਹਾਂ ਨੇ ਮੇਰੀ ਇਸ ਪ੍ਰਪੋਜ਼ਲ ਦਾ ਸਾਥ ਦਿੱਤਾ ਹੈ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਅਸੀਂ ਇਨ੍ਹਾਂ ਦੀ ਇਸ ਪ੍ਰਪੋਜ਼ਲ ਨਾਲ ਸਹਿਮਤ ਹਾਂ ਪਰ ਉਸ ਵਿੱਚ ਇੱਕ ਦਿੱਕਤ ਆ ਰਹੀ ਹੈ ਕਿ ਜਿਹੜੀ ਇਨ੍ਹਾਂ ਨੇ ਪ੍ਰਪੋਜ਼ਲ ਦਿੱਤੀ ਹੈ ਔਰ ਉਨ੍ਹਾਂ ਤੋਂ ਆਪਸ਼ਨ ਮੰਗੀ ਹੈ, ਉਸ ਵਿੱਚ ਇਹ ਉਨ੍ਹਾਂ ਦੀ ਸੀਨੀਆਰਟੀ ਬਰਕਰਾਰ ਨਹੀਂ ਰੱਖੀ ਜਾ ਰਹੀ, ਜਿਹੜੇ ਡਾਕਟਰ ਆਉਣਾ ਨਹੀਂ ਚਾਹੁੰਦੇ ਉਹ ਇਸ ਕਰਕੇ ਨਹੀਂ ਆਉਣਾ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੀ ਬਣਦੀ ਸੀਨੀਆਰਟੀ ਨਹੀਂ ਦਿੱਤੀ ਜਾ ਰਹੀ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਡਾਕਟਰਾਂ ਨੂੰ ਮਰਜ਼ ਜ਼ਰੂਰ ਕਰੋ ਪਰ ਜੇ ਕੋਈ ਡਾਕਟਰ ਪੰਜ, ਦਸ ਜਾਂ ਪੰਦਰਾਂ ਸਾਲ ਕੰਮ ਕਰਦਾ ਰਿਹਾ ਹੈ ਤਾਂ ਉਸ ਨੂੰ ਉਸ ਦੀ ਬਣਦੀ ਸੀਨੀਆਰਟੀ ਤਾਂ ਜ਼ਰੂਰ ਦੇਣੀ ਚਾਹੀਦੀ ਹੈ ਜੀ।

**ਮੰਤਰੀ :** ਸਪੀਕਰ ਸਾਹਿਬ, ਇਹ ਬੜੀ ਹੀ academic ਡਿਸਕਸ਼ਨ ਸ਼ੁਰੂ ਹੋ ਗਈ ਹੈ ਤੇ ਇਹ ਬੜੀ ਚੰਗੀ ਗੱਲ ਹੈ। ਇਸ ਵਿੱਚ ਗੱਲ ਇਹ ਹੈ ਕਿ ਜਿਹੜਾ ਪੀ.ਸੀ.ਐਮ.ਐਸ. ਕਾਡਰ ਹੈ ਉਹ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਆਉਂਦੇ ਹਨ ਪਰ ਜਿਹੜੇ ਰੂਰਲ ਡਾਕਟਰ ਹਨ ਉਹ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਰਾਹੀਂ ਨਹੀਂ ਆਉਂਦੇ। ਜੇ ਅਸੀਂ ਉਨ੍ਹਾਂ ਦੀ ਸੀਨੀਆਰਟੀ ਬਰਕਰਾਰ ਰੱਖਣ ਦੀ ਗੱਲ ਕਰਾਂਗੇ ਤਾਂ we would be doing injustice to those Doctors ਜਿਹੜੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਆਏ ਹਨ। ਸੋ, ਸਰਦਾਰ ਕੰਵਰ ਸੰਧੂ ਸਾਹਿਬ ਤੁਸੀਂ ਬੜੀ ਇੰਟੈਲੀਜੈਂਟ ਗੱਲ ਕੀਤੀ ਹੈ ਪਰ ਇਹ ਦੇਖੋ ਕਿ ਉਨ੍ਹਾਂ ਨੂੰ ਇਹ ਬੈਨੀਫਿਟ ਵੀ ਤਾਂ ਮਿਲਣਾ ਹੈ ਕਿ ਉਹ ਪੀ.ਸੀ.ਐਮ.ਐਸ. ਕਾਡਰ ਦਾ ਹਿੱਸਾ ਹੋਣਗੇ। ਉਹ ਉਸ ਕਾਡਰ ਦਾ ਹਿੱਸਾ ਹੋਣਗੇ ਜਿਹੜੇ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਰਾਹੀਂ ਆਉਂਦੇ ਹਨ। ਦੂਜੀ ਗੱਲ ਇਹ ਹੈ ਕਿ ਜਿਹੜਾ ਸਰਵਿਸ ਦੌਰਾਨ ਉਨ੍ਹਾਂ ਨੂੰ ਪੀ.ਜੀ. ਕਰਨ ਦਾ ਬੈਨੀਫਿਟ ਮਿਲਦਾ ਹੈ ਉਸ intern ਵਿੱਚ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]
ਸਰਕਾਰ ਨੂੰ ਕੀ ਫਾਇਦਾ ਮਿਲਦਾ ਹੈ? ਉਹ ਤਾਂ ਸਪੈਸ਼ਲਿਸਟ ਬਣ ਕੇ ਆ ਜਾਂਦੇ ਹਨ। ਮੰਨ ਲਓ ਉਨ੍ਹਾਂ ਵਿੱਚੋਂ 40-50% ਸਪੈਸ਼ਲਿਸਟ ਹਨ ਪਰ they are being wasted ਕਿਉਂਕਿ ਪਿੰਡਾਂ ਵਿੱਚ ਨਾ ਤਾਂ ਸਰਜਰੀ ਹੋ ਰਹੀ ਹੈ ਨਾ ਹੀ ਕੋਈ ਹੋਰ ਐਡਵਾਸਮੈਂਟ ਹੋ ਰਹੀ ਹੈ। ਸੋ , ਉਹ ਵੇਸਟ ਹੋ ਰਹੇ ਹਨ, ਇਸ ਲਈ ਆਪਾਂ ਸਾਰਿਆਂ ਨੂੰ ਕਿਸੇ ਪਾਪੂਲਰ ਗੱਲ ਤੋਂ ਉੱਚੇ ਉਠ ਕੇ ਇਸ ਪਾਸੇ ਵੱਲ ਲੱਗਣਾ ਚਾਹੀਦਾ ਹੈ ਕਿ ਅਸੀਂ ਕਿਸ ਤਰ੍ਹਾਂ 1100 ਡਾਕਟਰਾਂ ਨੂੰ ਹੈਲਥ ਡਿਪਾਰਟਮੈਂਟ ਵਿੱਚ ਮਰਜ਼ ਕਰ ਸਕੀਏ। ਉਸ ਦੇ ਨਾਲ ਮੈਂ ਸਮਝਦਾ ਹਾਂ ਕਿ ਜਿੰਨੇ ਪਿਛਲੇ ਸੈਸ਼ਨ ਤੋਂ ਹੁਣ ਤੱਕ 50-60 ਸਵਾਲ ਆ ਰਹੇ ਹਨ, ਉਹ ਵੈਕੰਸੀ ਪੁਜ਼ੀਸ਼ਨ ਦੇ ਹੀ ਆ ਰਹੇ ਹਨ। ਵੈਕੰਸੀ ਪੁਜ਼ੀਸ਼ਨ ਪੂਰੀ ਕਰਨ ਦਾ ਇੱਕ ਤਰੀਕਾ ਹੈ ਕਿ ਅਸੀਂ 306 ਪੋਸਟਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ ਭਰਨ ਵਾਸਤੇ ਦੇ ਦਿੱਤੀਆਂ ਹਨ। ਪਰੰਤੂ ਸਟੇਟ ਵਿੱਚ ਕਿੰਨੀ ਰਿਕੁਆਇਰਮੈਂਟ ਹੈ, ਹੈਲਥ ਕੇਅਰ ਸਿਸਟਮ ਵਿੱਚ ਕਿੰਨੀ ਜ਼ਿਆਦਾ ਰਿਕੁਆਇਰਮੈਂਟ ਹੈ, ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ। ਇਸ ਰਿਕੁਆਇਰਮੈਂਟ ਨੂੰ ਪੂਰਾ ਤਾਂ ਹੀ ਕੀਤਾ ਜਾ ਸਕਦਾ ਹੈ, ਜੇ ਘੱਟੋ ਘੱਟ ਸਪੈਸ਼ਲਿਸਟ ਡਾਕਟਰ ਹੋਣ। ਸ਼ਾਇਦ ਉਹ ਡਾਕਟਰ ਪ੍ਰਾਈਵੇਟ ਪ੍ਰੈਕਟਿਸ ਕਰ ਰਹੇ ਹਨ ਜਾਂ ਨਹੀਂ ਕਰ ਰਹੇ, ਇਸ ਬਾਰੇ ਮੈਨੂੰ ਨਹੀਂ ਪਤਾ। ਸੋ, ਮੈਂ ਚਾਹੁੰਦਾ ਹਾਂ ਕਿ ਰੈਸ਼ਨੇਲਾਈਜ਼ੇਸ਼ਨ ਕਰਕੇ ਇਸ ਦਾ ਕੋਈ ਐਸਾ ਸਮਾਧਾਨ ਨਿਕਲੇ ਤਾਂ ਕਿ ਉਹ ਸਾਡੇ ਕਾਡਰ ਦੇ ਵਿੱਚ ਆ ਸਕਣ ਤਾਂ ਇਸ ਨਾਲ ਉਨ੍ਹਾਂ ਦਾ ਵੀ ਬੈਨੀਫਿਟ ਹੋਵੇਗਾ।

**Mr. Speaker:** Thank you, ਸੰਧੂ ਸਾਹਿਬ ਹੋ ਗਿਆ ਹੈ ਜੀ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, This is only the half truth. ਸਾਰੇ ਡਾਕਟਰ ਹੈਲਥ ਡਿਪਾਰਟਮੈਂਟ ਦੇ ਵਿੱਚ ਪੀ.ਪੀ.ਐੱਸ.ਸੀ. ਦੇ ਥਰੂ ਨਹੀਂ ਆਏ। ਕੀ ਮਨਿਸਟਰ ਸਾਹਿਬ ਹੈਲਥ ਡਿਪਾਰਟਮੈਂਟ ਨੇ ਆਪਣੀ ਭਰਤੀ ਨਹੀਂ ਕੀਤੀ ? ਜਿਹੜੇ ਪੀ.ਪੀ.ਐੱਸ.ਸੀ. ਤੋਂ ਬਗੈਰ ਆਏ ਹਨ? ਜੇ ਕੀਤੀ ਹੈ ਤਾਂ ਫਿਰ ਅਸੀਂ ਇਨ੍ਹਾਂ ਵਾਸਤੇ ਇਹ ਕੰਡੀਸ਼ਨ ਕਿਉਂ ਰੱਖ ਰਹੇ ਹਾਂ ਕਿ ਤੁਸੀਂ ਪੀ.ਪੀ.ਐੱਸ.ਸੀ. ਦੇ ਥਰੂ ਨਹੀਂ ਆਏ। ਮੈਂ ਸਿਰਫ ਇਹ ਕਹਿ ਰਿਹਾ ਹਾਂ ਕਿ ਇਸ ਵਾਸਤੇ ਇੱਕ ਕਮੇਟੀ ਬਣਾ ਦਿੱਤੀ ਜਾਵੇ ਅਤੇ ਜੋ ਉਨ੍ਹਾਂ ਦੀ ਬਣਦੀ ਸੀਨੀਆਰਟੀ ਹੈ, ਉਹ ਉਨ੍ਹਾਂ ਨੂੰ ਦੇ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਤੁਸੀਂ ਆਪਣੀ ਗੱਲ ਕਹਿ ਦਿੱਤੀ otherwise there will be no end.

**ਮੰਤਰੀ :** ਸਪੀਕਰ ਸਾਹਿਬ, ਮੈਨੂੰ ਕਹਿ ਲੈਣ ਦਿਉ, ਅੱਛੀ ਡਿਬੇਟ ਚੱਲ ਰਹੀ ਹੈ। ਜਿਹੜੇ ਡਾਕਟਰਾਂ ਬਾਰੇ ਇਹ ਗੱਲ ਕਰਦੇ ਹਨ ਕਿ ਜਿਹੜੇ ਪੀ.ਪੀ.ਐੱਸ.ਸੀ. ਦੇ ਥਰੂ ਨਹੀਂ ਆਏ, ਉਹ ਸਾਡੇ ਐਨ.ਐਚ.ਐਮ. ਦੀ ਭਰਤੀ ਹੈ, ਉਨ੍ਹਾਂ ਨੂੰ ਅਸੀਂ ਪੀ.ਪੀ.ਐੱਸ.ਸੀ. ਕਾਡਰ ਵਿੱਚ ਨਹੀਂ ਲੈ ਰਹੇ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਐਨ.ਐਚ.ਐਮ. ਵਿੱਚ ਵਾਕ-ਇਨ ਇੰਟਰਵਿਊ ਦੇ ਰਾਹੀਂ ਭਰਤੀ ਹੋ ਰਹੀ ਹੈ। ਉਹ ਪੀ.ਪੀ.ਐੱਸ.ਸੀ. ਦਾ ਹਿੱਸਾ ਨਹੀਂ ਹੈ।

**ਮਾਨਯੋਗ ਸਪੀਕਰ :** ਅਗਲਾ ਸਵਾਲ ।

---------

## ਪਿੰਡ ਛਾਜਲੀ ਅਤੇ ਮਹਿਲਾਂ, ਜ਼ਿਲ੍ਹਾ ਸੰਗਰੂਰ ਨੂੰ ਨੋਟੀਫਾਈਡ ਏਰੀਆ ਕਮੇਟੀ ਬਣਾਉਣਾ

*850. **ਸਰਦਾਰ ਹਰਪਾਲ ਸਿੰਘ ਚੀਮਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਛਾਜਲੀ ਅਤੇ ਪਿੰਡ ਮਹਿਲਾਂ/ਮਹਿਲਾਂ ਚੌਂਕ, ਹਲਕਾ ਦਿੜ੍ਹਬਾ, ਜ਼ਿਲ੍ਹਾ ਸੰਗਰੂਰ ਨੂੰ ਨੋਟੀਫਾਈਡ ਏਰੀਆ ਕਮੇਟੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਨਵਜੋਤ ਸਿੰਘ ਸਿੱਧੂ**: ਹਾਂ ਜੀ, ਤਜਵੀਜ਼ ਵਿਚਾਰ ਅਧੀਨ ਹੈ। ਇਸ ਸਬੰਧ ਵਿੱਚ ਪੂਰੇ ਦਸਤਾਵੇਜ਼ ਮੁਕੰਮਲ ਹੋਣ ਤੇ 6 ਮਹੀਨੇ ਦੇ ਅੰਦਰ ਫੈਸਲਾ ਕਰ ਲਿਆ ਜਾਵੇਗਾ।

**ਸਰਦਾਰ ਹਰਪਾਲ ਸਿੰਘ ਚੀਮਾ** : ਸਰ, ਦੋਵੇਂ ਪਿੰਡਾਂ ਦੀ ਆਬਾਦੀ 15 ਹਜ਼ਾਰ ਤੋਂ ਉੱਪਰ ਹੈ ਅਤੇ ਉੱਥੇ ਕੋਈ ਸਹੂਲਤ ਨਹੀਂ ਹੈ। ਇੱਕ ਨੈਸ਼ਨਲ ਹਾਈਵੇਅ ਨੰ:71 ਤਾਂ ਪੈਂਦਾ ਹੈ, ਉੱਥੇ ਕੋਈ ਸਹੂਲਤ ਨਹੀਂ ਹੈ।ਇਸ ਲਈ ਉੱਥੇ ਨੋਟੀਫਾਈਡ ਏਰੀਆ ਕਮੇਟੀ ਜਲਦੀ ਤੋਂ ਜਲਦੀ ਬਣਾ ਦਿੱਤੀ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਇਸ ਦਾ ਇੱਕ ਪ੍ਰੋਸੀਜਰ ਹੈ। ਇਸ ਨੂੰ ਬਣਾਉਣ ਲਈ ਪੰਜਾਬ ਮਿਉਂਸਿਪਲ ਐਕਟ, 1911 ਦੀ ਧਾਰਾ 4 ਦੇ ਤਹਿਤ ਕਾਰਵਾਈ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਕਈ ਤਰ੍ਹਾਂ ਦੇ ਨੁਕਤੇ ਜਿਵੇਂ ਕਿ ਆਬਾਦੀ ਦਾ ਸੰਘਣਾਪਣ, ਆਮਦਨ, ਰੁਜ਼ਗਾਰ ਆਦਿ ਦਾ ਧਿਆਨ ਰੱਖਦੇ ਹੋਏ ਨਗਰ ਕੌਂਸਲ ਨੂੰ ਦਰਜਾ ਦੇਣ ਦੇ ਹੱਦਾਂ ਤੇ ਵਾਧਾ ਕਰਨ ਸਬੰਧੀ ਖੇਤਰ ਦੇ ਵਸਨੀਕਾਂ ਤੋਂ ਇਤਰਾਜ਼ (Objection) ਪ੍ਰਾਪਤ ਕਰਨ ਲਈ ਮੁੱਢਲਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਂਦਾ ਹੈ। ਨਗਰ ਕੌਂਸਲ ਨੂੰ ਦਰਜਾ ਦੇਣ ਜਾਂ ਹੱਦਾਂ ਦੇ ਵਿੱਚ ਵਾਧਾ ਕਰਨ ਲਈ ਪਹਿਲਾ ਜਿਹੜਾ ਇਤਰਾਜ਼ ਹੈ, ਉਸ ਦੀ ਨਿੱਜੀ ਸੁਣਵਾਈ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਕਿਤੇ ਜਾ ਕੇ ਨਿਰਣਾ ਕੀਤਾ ਜਾਂਦਾ ਹੈ। ਜਦੋਂ ਹੀ ਇਹ ਪ੍ਰੋਸੀਜਰ ਅਤੇ ਫਾਰਮੈਲਟੀਜ਼ ਪੂਰੀਆਂ ਹੋ ਜਾਂਦੀਆਂ ਹਨ ਤਾਂ ਅਗਲੀ ਕਾਰਵਾਈ ਕੀਤੀ ਜਾਂਦੀ ਹੈ।ਸਪੀਕਰ ਸਾਹਿਬ, ਦੂਜੀ ਗੱਲ ਅੱਜ ਤੋਂ 20 ਸਾਲ ਪਹਿਲਾਂ 2% ਲੋਕ ਸ਼ਹਿਰਾਂ ਵੱਲ ਆਉਂਦੇ ਸੀ ਪਰ ਹੁਣ 12% ਲੋਕ ਸ਼ਹਿਰਾਂ ਵੱਲ ਆਉਂਦੇ ਹਨ। ਮਿਉਂਸਿਪਲ ਕਮੇਟੀਆਂ ਨੂੰ ਇਹ ਦੇਖਣਾ ਪੈਂਦਾ ਹੈ ਕਿ ਉਹ ਕਿੰਨਾ ਮੇਂਟੀਨੈਂਸ ਕਰ ਸਕਦੇ ਹਨ ।ਲੇਕਿਨ ਫਿਰ ਵੀ ਅਸੀਂ ਪ੍ਰਾਇਰਟੀ ਦੇ ਉੱਤੇ ਜਿਨ੍ਹਾਂ ਪਿੰਡਾਂ ਨੂੰ ਵੀ ਸ਼ਹਿਰਾਂ ਦੀਆਂ ਹੱਦਾਂ ਵਿੱਚ ਲੈ ਸਕਦੇ ਹਾਂ ਉਨ੍ਹਾਂ ਨੂੰ ਲੈਣ ਦੀ ਕੋਸ਼ਿਸ਼ ਕਰ ਰਹੇ ਹਾਂ।

**ਸਰਦਾਰ ਹਰਪਾਲ ਸਿੰਘ ਚੀਮਾ** : ਇਸ ਦਾ ਪ੍ਰੋਸੀਜਰ ਕਿੱਥੇ ਤੱਕ ਪਹੁੰਚ ਚੁੱਕਾ ਹੈ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪਹਿਲਾਂ ਹੀ ਕਹਿ ਚੁੱਕਿਆ ਹਾਂ ਕਿ ਇਸ ਦੇ ਵਿੱਚ ਛੇ ਮਹੀਨੇ ਲੱਗਦੇ ਹਨ। ਇਸ ਨੂੰ ਵੈਰੀਫਾਈ ਕਰਨ ਤੋਂ ਬਾਅਦ ਆਬਜੈਕਸ਼ਨਜ਼ ਲੈਂਦੇ ਹਾਂ । ਇਸ ਵਿਚ ਵੈਰੀਫਿਕੇਸ਼ਨ ਵੀ ਚੱਲ ਰਹੀ ਹੈ, ਅਸੀਂ ਵੈਰੀਫਿਕੇਸ਼ਨ ਦੇ ਖਤਮ ਹੁੰਦੇ ਸਾਰ ਹੀ ਆਬਜੈਕਸ਼ਨਜ਼ ਲੈ ਲਵਾਂਗੇ। ਅਸੀਂ ਇਸ ਨੂੰ 6 ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕਰ ਦਿਆਂਗੇ।

**ਮਾਨਯੋਗ ਸਪੀਕਰ**: ਛੇ ਮਹੀਨੇ ਦਾ ਪ੍ਰੋਸੈਸ ਹੈ ਜੀ। ਹਾਂ ਜੀ, ਸਰਦਾਰ ਸੁਰਜੀਤ ਸਿੰਘ ਧੀਮਾਨ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਗੱਲ ਚੀਮਾ ਜੀ ਨੇ ਕਹੀ ਹੈ ਕਿ ਇਸ ਦਾ ਪ੍ਰੋਸੀਜਰ ਪੂਰਾ ਹੋਵੇ। ਆਬਜੈਕਸ਼ਨਜ਼ ਠੀਕ ਕਰਕੇ ਮੰਤਰੀ ਸਾਹਿਬ ਦੇ ਦਫਤਰ ਵਿੱਚ ਫਾਈਲ ਪਹੁੰਚ ਜਾਵੇਗੀ। ਕਿਰਪਾ ਕਰਕੇ ਉਸ ਦਾ ਨੋਟੀਫਿਕੇਸ਼ਨ ਜਾਰੀ ਕਰ ਦਿਉ ਜੀ।

**ਮੰਤਰੀ:** ਕਿਰਪਾ ਵਾਲੀ ਗੱਲ ਹੀ ਨਹੀਂ ਜੀ। The best way to discharge a duty is to dispense with it.

**ਮਾਨਯੋਗ ਸਪੀਕਰ:** ਅਗਲਾ ਸਵਾਲ, ਸਰਦਾਰ ਪਿਰਮਲ ਸਿੰਘ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਅਮਰਜੀਤ ਸਿੰਘ ਸੰਦੋਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ :** ਇਸ ਦੇ ਨਾਲ ਤਾਅਲੁੱਕ ਨਹੀਂ। ਇਹ ਪਰੰਪਰਾ ਗਲਤ ਹੈ। ਇਹ ਖਾਸ ਕਮੇਟੀ ਦੀ ਗੱਲ ਚਲਦੀ ਸੀ ਅਤੇ ਖਾਸ ਕਮੇਟੀ ਦਾ ਜਵਾਬ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਮੈਨੂੰ ਇੱਕ ਮਿੰਟ ਦੇ ਦਿਉ।** **

**ਮਾਨਯੋਗ ਸਪੀਕਰ:** ਇਹ ** ਐਕਸਪੰਜ ਕਰ ਦਿੱਤਾ ਜਾਵੇ ਜੀ। ਚਲੋ, ਦੱਸੋ ਤੁਸੀਂ ਕੀ ਕਹਿੰਦੇ ਹੋ?

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਨੂੰ ਆਪਣੇ ਮੰਤਰੀ ਸਾਹਿਬ ਤੇ ਬਹੁਤ ਮਾਣ ਹੈ ਅਤੇ ਮੈਨੂੰ ਇਨ੍ਹਾਂ ਤੋਂ ਬਹੁਤ ਆਸਾਂ ਹਨ। ਮੈਂ ਪਿਛਲੀ 17 ਜੂਨ ਨੂੰ ਇਨ੍ਹਾਂ ਦੇ ਕੋਲ ਇੱਕ ਫਾਈਲ ਦੇ ਕੇ ਆਇਆ ਸੀ ਕਿ ਸਾਡੇ ਨਗਰ ਕੌਂਸਲ, ਰੋਪੜ ਵਿੱਚ ਬਹੁਤ ਵੱਡਾ ਭ੍ਰਿਸ਼ਟਾਚਾਰ ਹੋ ਚੁੱਕਿਆ ਹੈ, ਇਨ੍ਹਾਂ ਨੇ ਮੈਨੂੰ ਦੋ-ਤਿੰਨ ਵਾਰ ਬੁਲਾਇਆ, ਫਾਈਲ ਵੀ ਦਿੱਤੀ ਪਰ ਹਾਲੇ ਤੱਕ ਮੈਨੂੰ ਉਸ ਦਾ ਕੋਈ ਰਿਜ਼ਲਟ ਨਹੀਂ ਮਿਲਿਆ।ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਮੈਨੂੰ ਇਸ ਦਾ ਰਿਜ਼ਲਟ ਦੇ ਦੇਵੋਗੇ ? ਇਹ ਦੋ ਮਹੀਨੇ, ਛੇ ਮਹੀਨੇ ਕਹੀ ਜਾਂਦੇ ਹਨ ਪਰ ਰਿਜ਼ਲਟ ਨਹੀਂ ਮਿਲ ਰਿਹਾ। ਸਾਡੇ ਮੰਤਰੀ ਸਾਹਿਬ ਬਹੁਤ ਮਹਾਨ ਹਨ, ਸਾਨੂੰ ਆਸ ਵੀ ਬਹੁਤ ਵੱਡੀ ਹੈ। ਕ੍ਰਿਪਾ ਕਰਕੇ ਮੰਤਰੀ ਜੀ ਦੱਸ ਦੇਣ ਕਿ ਕਦੋਂ ਤੱਕ ਸਾਡਾ ਰਿਜ਼ਲਟ ਆਵੇਗਾ?

**ਮਾਨਯੋਗ ਸਪੀਕਰ :** ਤੁਸੀਂ ਵੱਖਰਾ ਸਵਾਲ ਦੇ ਦਿਉ। ਹਾਂ ਜੀ, ਅਗਲਾ ਸਵਾਲ, ਸਰਦਾਰ ਪਿਰਮਲ ਸਿੰਘ ਧੌਲਾ।

----------

## ਪਿੰਡ ਨੈਣੇਵਾਲ, ਜ਼ਿਲ੍ਹਾ ਬਰਨਾਲਾ ਵਿੱਚ ਛੱਪੜ ਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨਾ

*844. **ਸਰਦਾਰ ਪਿਰਮਲ ਸਿੰਘ ਧੌਲਾ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਨੈਣੇਵਾਲ, ਜ਼ਿਲ੍ਹਾ ਬਰਨਾਲਾ ਵਿਚ ਛੱਪੜ ਦਾ ਪਾਣੀ ਬਰਸਾਤਾਂ ਦੌਰਾਨ ਓਵਰਫਲੋਅ ਕਰਕੇ ਲੋਕਾਂ ਦੇ ਘਰਾਂ ਵਿਚ ਵੜ ਜਾਂਦਾ ਹੈ ਜਿਸ ਨਾਲ ਗਰੀਬ ਲੋਕਾਂ ਦਾ ਕਾਫੀ ਨੁਕਸਾਨ ਹੁੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਛੱਪੜ ਦੇ ਪਾਣੀ ਦੇ ਨਿਕਾਸ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ?

** Expunged as ordered by the Chair.

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਗਰਾਮ ਪੰਚਾਇਤ ਨੈਣੇਵਾਲ ਨੂੰ ਸਾਲ 2016-17 ਵਿੱਚ ਮੁੱਖ ਮੰਤਰੀ ਪੇਂਡੂ ਵਿਕਾਸ ਯੋਜਨਾ (ਰੂਰਲ ਮਿਸ਼ਨ) ਤਹਿਤ ਛੱਪੜ ਦੇ ਪਾਣੀ ਦੇ ਨਿਕਾਸ ਲਈ 24.00 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਸੀ। ਛੱਪੜ ਦੇ ਪਾਣੀ ਦਾ ਨਿਕਾਸ ਅੰਡਰਗਰਾਊਂਡ ਪਾਈਪਾਂ ਪਾ ਕੇ ਕੀਤਾ ਜਾ ਰਿਹਾ ਹੈ। ਇਹ ਕੰਮ ਪ੍ਰਗਤੀ ਅਧੀਨ ਹੈ, ਜਲਦੀ ਹੀ ਮੁਕੰਮਲ ਹੋ ਜਾਵੇਗਾ।

ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਪਿੰਡ ਵਿੱਚ ਛੱਪੜ ਦੇ ਪਾਣੀ ਦੀ ਸਮੱਸਿਆ ਹੈ।ਇਸ ਪਿੰਡ ਦੇ ਛੱਪੜ ਲਈ 24 ਲੱਖ ਰੁਪਿਆ ਇਨ੍ਹਾਂ ਕੋਲ ਗਿਆ ਹੋਇਆ ਹੈ, ਹਾਲੇ ਤੱਕ ਇਨ੍ਹਾਂ ਨੇ 8 ਲੱਖ ਰੁਪਿਆ ਵਰਤਿਆ ਹੈ। ਕੰਮ ਚੱਲ ਰਿਹਾ ਹੈ, ਜੇ ਕੋਈ ਕਸਰ ਰਹਿ ਜਾਵੇਗੀ ਤਾਂ ਫਿਰ ਉਹ ਕਸਰ ਪੂਰੀ ਕਰ ਦਿੱਤੀ ਜਾਵੇਗੀ।

**ਸਰਦਾਰ ਪਿਰਮਲ ਸਿੰਘ ਧੌਲਾ :** ਸਪੀਕਰ ਸਾਹਿਬ, ਮੰਤਰੀ ਸਾਹਿਬ ਵੱਲੋਂ ਜਿਹੜਾ ਜਵਾਬ ਆਇਆ ਹੈ ਕਿ ਸਾਲ 2016-17 ਵਿੱਚ 24 ਲੱਖ ਰੁਪਿਆ ਜਾਰੀ ਕੀਤਾ ਗਿਆ ਸੀ ਪਰੰਤੂ ਹੁਣ ਸਾਲ 2018 ਚੱਲ ਰਿਹਾ ਹੈ। ਮੈਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਰਸਾਤਾਂ ਦੇ ਸਮੇਂ ਇਸ ਪਿੰਡ ਦੇ ਨੇੜੇ ਜਿਹੜੇ ਘਰ ਹਨ, ਉਹ ਗਰੀਬ ਲੋਕਾਂ ਦੇ ਹਨ। ਕਰੀਬ ਦੋ ਸਾਲ ਦਾ ਸਮਾਂ ਨਿਕਲ ਗਿਆ ਹੈ ਅਤੇ ਹਰ ਵਾਰ ਬਰਸਾਤਾਂ ਦਾ ਪਾਣੀ ਉਨ੍ਹਾਂ ਦੇ ਘਰਾਂ ਵਿੱਚ ਵੜ ਜਾਂਦਾ ਹੈ। ਸੋ, ਇਸ ਵਿੱਚ ਜਲਦੀ ਸ਼ਬਦ ਲਿਖਿਆ ਗਿਆ ਹੈ।ਜਲਦੀ ਮੁਕੰਮਲ ਹੋ ਜਾਣ ਤੇ ਦੋ ਸਾਲ ਹੋ ਗਏ, ਕਿਤੇ ਜਾ ਕੇ ਰੋਕ ਨਹੀਂ ਲੱਗ ਰਹੀ ਹੈ। ਸੋ, ਇਸ ਦਾ ਜਿਹੜਾ ਸਮਾਂ ਤਹਿਤ ਹੈ, ਦੱਸਿਆ ਜਾਵੇ ਕਿ 15 ਦਿਨ, ਮਹੀਨਾ ਕਦੋਂ ਤੱਕ ਮੁਕੰਮਲ ਹੋ ਜਾਵੇਗਾ ਕਿਉਂਕਿ ਇਸ ਦੇ ਨਾਲ ਪਿੰਡ ਪੰਧੇਰ ਔਰ ਪੱਖੋਕਲਾਂ ਵਿੱਚ ਵੀ ਇਹੀ ਸਮੱਸਿਆ ਹੈ, ਉਥੇ ਵੀ ਗ੍ਰਾਂਟ ਆ ਗਈ ਹੈ, ਪਰ ਕੰਮ ਪੂਰਾ ਨਹੀਂ ਹੋਇਆ। ਇਹ ਕਦੋਂ ਤੱਕ ਕੰਪਲੀਟ ਹੋ ਜਾਵੇਗਾ?

**ਮਾਨਯੋਗ ਸਪੀਕਰ :** ਮੰਤਰੀ ਜੀ, ਕੁਝ ਟਾਈਮ ਲਿਮਟ ਦੱਸ ਸਕਦੇ ਹੋ?

**ਮੰਤਰੀ :** ਸਪੀਕਰ ਸਾਹਿਬ, ਪੈਸੇ ਪੰਚਾਇਤ ਕੋਲ ਗਏ ਹਨ। ਇਹ ਕੰਮ ਪੰਚਾਇਤਾਂ ਨੇ ਕਰਨਾ ਹੈ। ਉਨ੍ਹਾਂ ਦੇ ਦੁਆਲੇ ਹੋਵੋ, ਉਨ੍ਹਾਂ ਨੇ ਕੰਮ ਕਰਨਾ ਹੈ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਹੈ।

**ਸਰਦਾਰ ਪਿਰਮਲ ਸਿੰਘ ਧੌਲਾ:** ਧੰਨਵਾਦ ਜੀ।

---------

## ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਪ੍ਰਾਇਮਰੀ, ਮਿਡਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਬਾਰੇ

*853. **ਡਾਕਟਰ ਸੁਖਵਿੰਦਰ ਕੁਮਾਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਪ੍ਰਾਇਮਰੀ, ਮਿਡਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਤੇ ਇਨ੍ਹਾਂ ਵਿਚੋਂ ਕਿੰਨੀਆਂ ਅਸਾਮੀਆਂ ਖਾਲੀ ਹਨ, ਖਾਲੀ ਅਸਾਮੀਆਂ ਜੇਕਰ ਹੋਣ ਤਾਂ ਇਨ੍ਹਾਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ ?

**ਸ਼੍ਰੀਮਤੀ ਅਰੁਨਾ ਚੌਧਰੀ :** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਪ੍ਰਾਇਮਰੀ, ਮਿਡਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਖਾਲੀ ਅਸਾਮੀਆਂ ਦਾ ਵੇਰਵਾ ਅਨੁਲੱਗ 'ੳ' ਤੇ ਹੈ। ਇਹ ਅਸਾਮੀਆਂ ਰਿਟਾਇਰਮੈਂਟਾਂ, ਬਦਲੀਆਂ ਅਤੇ ਪਦ-ਉੱਨਤੀਆਂ ਹੋਣ ਕਾਰਨ ਖਾਲੀ ਹਨ। ਇਹ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਅਨੁਲੱਗ 'ੳ'

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦਾ ਵੇਰਵਾ:-

| ਲੜੀ ਨੰਬਰ | ਕਾਡਰ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|
| 1. | ਪ੍ਰਾਇਮਰੀ | 1412 | 859 | 553 |
| 2. | ਮਿਡਲ | 632 | 330 | 302 |
| 3. | ਸੀਨੀਅਰ ਸੈਕੰਡਰੀ | 1662 | 1040 | 622 |

**ਡਾਕਟਰ ਸੁਖਵਿੰਦਰ ਕੁਮਾਰ :** ਸਪਲੀਮੈਂਟਰੀ ਸਰ। ਸਪੀਕਰ ਸਾਹਿਬ, ਇਹ ਕੋਰਾ ਸੱਚ ਹੈ ਕਿ ਜਿਹੜੇ ਗੌਰਮਿੰਟ ਸਕੂਲ ਹਨ, ਉਨ੍ਹਾਂ ਵਿੱਚ ਸਿਰਫ ਐਸ.ਸੀ. ਤੇ ਕਮਜ਼ੋਰ ਵਰਗ ਦੇ ਬੱਚੇ ਹੀ ਪੜ੍ਹਦੇ ਹਨ।ਮੰਤਰੀ ਸਾਹਿਬਾ ਨੇ ਦੱਸਿਆ ਹੈ ਕਿ ਪ੍ਰਾਇਮਰੀ ਸਕੂਲ ਵਿੱਚ 553, ਮਿਡਲ ਵਿੱਚ 302 ਅਤੇ ਸੀਨੀਅਰ ਸੈਕੰਡਰੀ ਵਿੱਚ 622 ਪੋਸਟਾਂ ਖਾਲੀ ਪਈਆਂ ਹਨ। ਜਿੱਥੋਂ ਤੱਕ ਮੇਰੀ ਨਾਲੇਜ ਹੈ ਕਿ ਅੱਜ ਬਲਾਕ ਮਾਸਟਰ ਟ੍ਰੇਨਰ, ਕਲੱਸਟਰ ਮਾਸਟਰ ਟ੍ਰੇਨਰ ਔਰ ਡਿਸਟ੍ਰਿਕਟ ਕੋਆਰਡੀਨੇਟਰ ਬਲਾਕ ਮੈਂਟਲ ਦੇ ਤੌਰ ਤੇ ਸ਼ਹੀਦ ਭਗਤ ਸਿੰਘ ਨਗਰ ਦੇ ਵਿੱਚ ਕੋਈ 55 ਤੋਂ 60 ਜਿਹੜੇ ਟੀਚਰ ਹਨ, ਉਹ ਮਾਸਟਰ ਹੀ ਮਾਸਟਰਾਂ ਨੂੰ ਟ੍ਰੇਨਿੰਗ ਦੇ ਰਹੇ ਹਨ, ਉਨ੍ਹਾਂ ਦੇ ਵਿੱਚ ਕੁਝ ਅਜਿਹੇ ਮਾਸਟਰ ਹਨ, ਜੋ ਆਪਣੇ ਸੀਨੀਅਰਜ਼ ਨੂੰ ਟ੍ਰੇਨਿੰਗ ਦੇ ਰਹੇ ਹਨ। ਮੈਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਰਿਟਾਇਰ ਹੋ ਚੁੱਕੇ ਟੀਚਰ ਹਨ, ਉਹ ਸੀਨੀਅਰ ਵੀ ਹਨ ਤੇ ਉਨ੍ਹਾਂ ਦਾ ਐਕਸਪੀਰੀਐਂਸ ਵੀ ਬਹੁਤ ਜ਼ਿਆਦਾ ਹੈ।ਕੀ ਅਸੀਂ ਉਨ੍ਹਾਂ ਨੂੰ ਇਸ ਕੰਮ ਲਈ ਯੂਜ਼ ਨਹੀਂ ਕਰ ਸਕਦੇ ਤਾਂ ਕਿ ਘੱਟ ਤੋਂ ਘੱਟ ਜਿੰਨਾ ਚਿਰ ਨਵੀਂ ਭਰਤੀ ਨਹੀਂ ਹੁੰਦੀ, ਜਿਹੜੇ 60-70 ਸਾਰੇ ਪੰਜਾਬ ਦੇ ਵਿੱਚ ਲਗਾਏ ਗਏ ਹਨ। ਇਸ ਤਰ੍ਹਾਂ 1500 ਦੇ ਕਰੀਬ ਮਾਸਟਰ ਹੀ ਮਾਸਟਰ ਨੂੰ ਟ੍ਰੇਨਿੰਗ ਦੇ ਰਹੇ ਹਨ। ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਕੋਈ ਪਰਪੋਜ਼ਲ ਇਨ੍ਹਾਂ ਕੋਲ ਹੈ ਕਿ ਜਿਹੜੇ ਇਹ ਰਿਟਾਇਰ ਟੀਚਰ ਹਨ, ਉਨ੍ਹਾਂ ਨੂੰ ਇਸ ਕੰਮ ਲਈ ਵਰਤਿਆ ਜਾਵੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦੀ ਹਾਂ ਕਿ ਪਿਛਲੇ ਸਾਲਾਂ ਦੇ ਵਿਚ ਕਈ ਬਹੁਤ ਹੀ ਉਲਟ ਰਿਵਾਜ ਚੱਲ ਰਹੇ ਸੀ, ਕਿਸੇ ਵੀ ਕਾਡਰ ਵਿਚ ਕੋਈ ਵੀ ਪ੍ਰਮੋਸ਼ਨ ਨਹੀਂ ਸੀ ਹੋ ਰਹੀ ਔਰ ਉਹ ਸਮਾਂ ਹੀ ਇਸ ਤਰ੍ਹਾਂ ਦਾ ਸੀ ਕਿ ਕਾਫੀ left out cases ਵੀ ਰਹਿ ਜਾਂਦੇ ਸਨ। ਮੈਂ ਇਸ ਗੱਲ ਨੂੰ ਆਪਣੇ ਡਿਪਾਰਟਮੈਂਟ ਦੀ achievement ਸਮਝਦੀ ਹਾਂ ਕਿ ਅਸੀਂ ਕਾਫੀ large ਸਕੇਲ ਦੇ ਉੱਤੇ ਪ੍ਰਮੋਸ਼ਨਜ਼ ਆਨਲਾਈਨ ਕੀਤੀਆਂ ਹਨ, ਇਨ੍ਹਾਂ ਕੋਲੋਂ ਆਨਲਾਈਨ ਹੀ ਮੰਗੇ ਹਨ ਤਾਂ ਕਿ ਕੋਈ ਪ੍ਰਮੋਸ਼ਨ ਤੋਂ ਵਾਂਝਾ ਨਾ ਰਹਿ ਸਕੇ । ਮੈਂ ਇਹ ਗੱਲ ਬਹੁਤ ਹੀ ਅਥਾਰਿਟੀ ਦੇ ਨਾਲ ਕਹਿ ਰਹੀ ਹਾਂ ਕਿ ਪੰਜਾਬ ਵਿਚ ਪਹਿਲੀ ਵਾਰੀ 3-3 ਵਾਰੀ ਡੀ.ਪੀ.ਸੀ. ਕਰਕੇ ਪਰਮੋਸ਼ਨਾਂ ਕੀਤੀਆਂ ਹਨ ਅਤੇ ਇਸ ਵੇਲੇ ਕੋਈ ਵੀ ਸਕੂਲ ਅਜਿਹਾ ਨਹੀਂ ਹੈ ਜਿਸ ਵਿਚ ਪ੍ਰਿੰਸੀਪਲ ਨਾ ਹੋਵੇ। ਪ੍ਰਿੰਸੀਪਲਾਂ ਦੀਆਂ ਤਰੱਕੀਆਂ ਦੇ ਉਪਰੰਤ ਤਾਇਨਾਤੀ ਦੇ ਜਿਹੜੇ

ਸਟੇਸ਼ਨ ਸੀ ਉਹ ਵੀ open counselling ਰਾਹੀਂ ਦਿੱਤੇ ਗਏ ਸੀ। ਦੂਸਰੀ ਗੱਲ, ਜਿਹੜੀ ਹੈੱਡ ਮਾਸਟਰਾਂ ਅਤੇ ਲੈਕਚਰਾਰਾਂ ਦੀ ਸੀਨੀਆਰਤਾ ਸੂਚੀ ਹੈ, ਇਸ ਦੇ ਅਨੁਸਾਰ ਅਸੀਂ ਉਹ ਵੀ ਪ੍ਰਮੋਟ ਕੀਤੇ ਸਨ ਲੇਕਿਨ ਮਾਨਯੋਗ ਹਾਈ ਕੋਰਟ ਵਲੋਂ ਸਟੇਅ ਕੀਤੀ ਗਈ ਹੈ। ਇਸ ਦੀ ਸੁਣਵਾਈ ਅਗਲੇ ਕੁਝ ਦਿਨਾਂ ਦੇ ਵਿਚ ਨਿਸ਼ਚਿਤ ਹੈ। ਜਦੋਂ 15 ਦਿਨਾਂ ਦੇ ਅੰਦਰ ਅੰਦਰ ਸਾਨੂੰ ਹਾਈ ਕੋਰਟ ਦੇ ਆਰਡਰ ਮਿਲ ਜਾਣਗੇ ਤਾਂ ਜਿੱਥੇ-ਜਿੱਥੇ ਸਟੇਸ਼ਨ ਖਾਲੀ ਹਨ ਉੱਥੇ ਹੈੱਡ ਮਾਸਟਰ ਅਤੇ ਲੈਕਚਰਾਰ ਭੇਜ ਦਿੱਤੇ ਜਾਣਗੇ। ਬਾਕੀ ਅਧਿਆਪਕਾਂ ਦੀ ਕਮੀ ਤਾਂ ਹਰ ਜਗ੍ਹਾ ਹੀ ਹੈ। ਲੇਕਿਨ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ। 3582 ਨਵੇਂ ਟੀਚਰ ਲਗਾਉਣ ਦੀ ਪ੍ਰਕਿਰਿਆ ਸ਼ੁਰੂ ਹੈ। ਇਹ ਵੀ ਜਲਦੀ ਹੀ ਭਰਤੀ ਕੀਤੀ ਜਾਵੇਗੀ ਅਤੇ ਜਿੱਥੇ ਜਿੱਥੇ ਬਹੁਤ ਜ਼ਿਆਦਾ ਜ਼ਰੂਰਤ ਹੈ ਉਥੇ ਅਸੀਂ ਪ੍ਰਾਇਰਟੀ ਦੇਵਾਂਗੇ। ਬਾਕੀ ਤੁਸੀਂ ਗੱਲ ਕੀਤੀ ਹੈ ਕਿ ਜਿਹੜੇ ਟੀਚਰ ਹੀ ਟੀਚਰਾਂ ਨੂੰ ਪੜ੍ਹਾ ਰਹੇ ਹਨ ਇਸ ਦੇ ਬਾਰੇ ਵੀ ਅਸੀਂ ਵਿਚਾਰ ਕੀਤਾ ਹੈ। ਲੇਕਿਨ ਉੱਥੇ ਜਿਹੜੇ in DIET, in service ਵਿਚ ਟੀਚਰ ਪੜ੍ਹਾ ਰਹੇ ਸੀ ਉਨ੍ਹਾਂ ਨੂੰ ਵੀ ਫੀਲਡ ਦੇ ਵਿਚ ਭੇਜਿਆ ਹੈ ਤਾਂ ਕਿ ਜਿਹੜੇ ਟੀਚਰਜ਼ ਦੀ ਕਮੀ ਹੈ ਉਸ ਨੂੰ ਦੂਰ ਕੀਤਾ ਜਾ ਸਕੇ। ਬਾਕੀ ਜਿਹੜੀ ਤੁਸੀਂ ਟ੍ਰੇਨਰਜ਼ ਦੀ ਗੱਲ ਕੀਤੀ ਹੈ ਇਸ ਦੇ ਬਾਰੇ ਵੀ ਅਸੀਂ ਵਿਚਾਰ ਕਰਾਂਗੇ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿੱਥੇ ਜਿੱਥੇ ਪ੍ਰਮੋਸ਼ਨ ਬਣਦੀ ਸੀ ਉਹ ਉਨ੍ਹਾਂ ਨੇ ਪ੍ਰਮੋਟ ਕਰ ਦਿੱਤੇ। ਮੇਰਾ ਜਿਹੜਾ ਮੇਨ ਕੁਐਸਚਨ ਸੀ ਕਿ ਜਿਹੜੇ ਉਹ ਟ੍ਰੇਨਰ ਲਗਾਏ ਹਨ, ਉਨ੍ਹਾਂ ਨੂੰ ਵਾਪਸ ਬੁਲਾਉਣ ਦੀ ਕੋਈ ਇਸ ਤਰ੍ਹਾਂ ਦੀ ਤਜਵੀਜ਼ ਹੈ ਕਿ ਜਿਹੜੇ ਰਿਟਾਇਰ ਟੀਚਰ ਹੈ ਉਹੀ ਟ੍ਰੇਨਿੰਗ ਦੇ ਸਕਦੇ ਹਨ। ਇਨ੍ਹਾਂ ਨੇ ਇਸ ਬਾਰੇ ਨਹੀਂ ਦੱਸਿਆ। ਸਰ, ਦੂਜੀ ਗੱਲ, ਜੋ ਇਸ ਵਾਰ ਸਰਕਾਰ ਨੇ ਕੀਤਾ ਹੈ ਕਿ ਜਿਹੜੀਆਂ ਪ੍ਰੀ-ਪ੍ਰਾਇਮਰੀ ਕਲਾਸਾਂ ਸ਼ੁਰੂ ਕੀਤੀਆਂ ਹਨ, ਜਿੱਥੇ ਪ੍ਰਾਇਮਰੀ ਦੇ ਵਿਚ 5 ਕਲਾਸਾਂ ਹੁੰਦੀਆਂ ਸੀ ਹੁਣ ਉੱਥੇ 8 ਕਲਾਸਾਂ ਹੋ ਗਈਆਂ ਅਤੇ 8 ਕਲਾਸਾਂ ਲਈ ਇੱਕ ਟੀਚਰ ਹੈ। ਇਹ ਜਿਹੜੇ ਛੋਟੇ ਛੋਟੇ ਬੱਚੇ ਹਨ ਉਨ੍ਹਾਂ ਨੂੰ ਤਾਂ ਹਰ ਕਲਾਸ ਦੇ ਲਈ ਇੱਕ ਟੀਚਰ ਚਾਹੀਦਾ ਹੈ। ਮੈਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੋਈ ਇਸ ਤਰ੍ਹਾਂ ਦਾ ਵੀ ਸਿਸਟਮ ਹੈ ਜਿਸ ਵਿਚ One class-One teacher ਜਾਂ Right to Education Act, 2009 ਦੇ ਤਹਿਤ ਜਿੱਥੇ ਬੱਚੇ ਘੱਟ ਹਨ ਕੀ ਉੱਥੇ ਸਕੂਲ ਬੰਦ ਕਰਨ ਦੀ ਬਜਾਏ ਅਸੀਂ ਫਰੀ ਟ੍ਰਾਂਸਪੋਰਟੇਸ਼ਨ ਦੇ ਕੇ ਜਾਂ ਉਹ ਬੱਚੇ ਦੂਸਰੇ ਸਕੂਲ ਵਿਚ ਲਿਜਾ ਕੇ ਉਨ੍ਹਾਂ ਨੂੰ ਐਜੂਕੇਸ਼ਨ ਦੇ ਸਕੀਏ। ਕੀ ਅਸੀਂ ਇਸ ਤਰ੍ਹਾਂ ਦੀ ਪ੍ਰੋਵੀਜ਼ਨ ਕਰ ਰਹੇ ਹਾਂ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਕਿ ਇਸ ਤਰ੍ਹਾਂ ਦੀ ਜਿਹੜੀ ਸਕੀਮ ਹੈ, ਉਹ ਵਿਚਾਰ ਅਧੀਨ ਹੈ। ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ ਕਿ ਪਿਛਲੇ ਸਮੇਂ ਵਿਚ ਇਸ ਤਰ੍ਹਾਂ ਦੇ ਕਾਫੀ ਸਕੂਲ ਅਪਗ੍ਰੇਡ ਕੀਤੇ ਗਏ ਕਿ ਉੱਥੇ ਜਿੱਥੇ ਵਾਇਬਿਲਟੀ ਵੀ ਨਹੀਂ ਸੀ। ਸੋ, ਕਈ ਸਕੂਲਾਂ ਵਿਚ 2 ਟੀਚਰ ਹਨ ਤੇ ਇੱਕ ਬੱਚਾ ਪੜ੍ਹ ਰਿਹਾ ਹੈ, ਕਿਤੇ 6 ਬੱਚੇ ਹਨ ਉੱਥੇ 6 ਟੀਚਰ ਮੌਜੂਦ ਹਨ। ਸੋ, ਅਸੀਂ ਇਸ ਚੀਜ਼ ਨੂੰ ਧਿਆਨ ਵਿਚ ਰੱਖਦੇ ਹੋਏ ਪੂਰਾ ਰੈਸ਼ਨੇਲਾਈਜ਼ ਕਰਾਂਗੇ ਔਰ ਜਿੱਥੇ ਜ਼ਰੂਰਤ ਹੈ ਉਥੇ ਟੀਚਰ ਦਿੱਤੇ ਜਾਣਗੇ। ਜਿੱਥੇ ਸਕੂਲ ਵਿਚ 20 ਬੱਚਿਆਂ ਤੋਂ ਘੱਟ ਬੱਚੇ ਹਨ ਉਨ੍ਹਾਂ ਨੂੰ ਅਸੀਂ ਨਾਲ ਦੇ ਸਕੂਲ ਵਿਚ ਭੇਜਾਂਗੇ ਤਾਂ ਕਿ ਉਨ੍ਹਾਂ ਦੀ ਪੜ੍ਹਾਈ ਸੁਚਾਰੂ ਢੰਗ ਦੇ ਨਾਲ ਚੱਲ ਸਕੇ ਅਤੇ ਟੀਚਰਜ਼ ਦੀ ਘਾਟ ਵੀ ਪੂਰੀ ਹੋ ਸਕੇ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਬੜਾ ਵਧੀਆ ਸਵਾਲ ਮੈਂਬਰ ਸਾਹਿਬ ਨੇ ਕੀਤਾ ਹੈ। ਜਿਹੜੀ ਟੀਚਰਾਂ ਨੂੰ ਟ੍ਰੇਨਿੰਗ ਦੇਣ ਦੀ ਗੱਲ ਹੈ day by day ਸਿਲੇਬਸ ਚੇਂਜ ਹੁੰਦੇ ਰਹਿੰਦੇ ਹਨ ਅਤੇ ਅੱਪਡੇਟ ਕਰਨ ਲਈ ਬੱਚੇ ਸਾਡੇ ਤੋਂ ਬਹੁਤ ਜ਼ਿਆਦਾ ਅੱਗੇ ਹਨ। ਇਹ ਪ੍ਰਾਇਮਰੀ ਟੀਚਰਾਂ ਦੀ ਗੱਲ ਕਰਦੇ ਹਨ। ਪਿੱਛੇ ਜਿਹੇ ਪੇਪਰਾਂ ਦੇ ਦਿਨਾਂ ਵਿਚ ਪੇਪਰ ਚੈੱਕ ਕਰਨ ਲਈ ਟੀਚਰਾਂ

[ਸਰਦਾਰ ਬਲਬੀਰ ਸਿੰਘ ਸਿੱਧੂ]

ਦੀਆਂ ਆਨਲਾਈਨ ਡਿਊਟੀਆਂ ਲੱਗੀਆਂ ਹਨ। ਮੈਂ ਤਾਂ ਕਦੇ ਕੰਪਿਊਟਰ ਚਲਾਇਆ ਹੀ ਨਹੀਂ। ਸਾਨੂੰ ਜ਼ਰੂਰਤ ਇਸ ਗੱਲ ਦੀ ਹੈ ਕਿ ਜਿਹੜੇ well qualified ਬੱਚੇ ਹਨ ਜਾਂ ਜਿਹੜੇ ਆਈ ਏ ਐਸ ਅਫਸਰ ਹਨ, ਉਹ ਟ੍ਰੇਨਿੰਗ ਲਈ ਬਾਹਰ ਜਾਂਦੇ ਹਨ, ਸਾਨੂੰ ਆਪਣੇ ਟੀਚਰਾਂ ਵਾਸਤੇ ਇਸ ਤਰ੍ਹਾਂ ਦਾ ਇੰਸਟੀਚਿਊਟ ਹੋਣਾ ਚਾਹੀਦਾ ਹੈ ਕਿ ਸਾਲ ਜਾਂ 6 ਮਹੀਨੇ ਵਿੱਚ, 15-20 ਦਿਨਾਂ ਦੀ ਟ੍ਰੇਨਿੰਗ ਹੋਵੇ ਅਤੇ ਉਹ ਨਵੇਂ ਸਿਲੇਬਸ ਮੁਤਾਬਕ ਬੱਚਿਆਂ ਨੂੰ ਪੜ੍ਹਾਉਣ। ਇਹ ਮੇਰੀ ਇਨ੍ਹਾਂ ਨੂੰ ਇੱਕ ਸੁਜੈਸ਼ਨ ਹੈ।

--------

## Apheresis ਮਸ਼ੀਨ ਲਈ ਬਜਟ ਰਲੀਜ਼ ਕਰਨਾ

***1254. ਸ਼੍ਰੀ ਅਮਿਤ ਵਿੱਜ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡੇਂਗੂ ਰੋਗੀਆਂ ਲਈ ਲੋੜੀਂਦੀ ਬਲੱਡ ਬੈਂਕ ਦੀ Apheresis ਮਸ਼ੀਨ ਲਈ ਲਗਭਗ 25 ਲੱਖ ਰੁਪਏ ਦੀ ਰਕਮ ਕਦੋਂ ਤੱਕ ਜਾਰੀ ਕੀਤੀ ਜਾਵੇਗੀ?

**Shri Brahm Mohindra:** Sir, presently, there is no proposal to release an amount of Rs. 25 lacs for Apheresis Machine in Blood Bank required for Dengue patients.

**Shri Amit Vij :** Speaker Sahib, I just want to request through you to the Hon'ble Minister. The amount is very less. ਇਹ ਸਿਰਫ 25 ਲੱਖ ਰੁਪਏ ਹੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕਿਸੇ ਦੇ ਪਲੈਟਲੈੱਟਸ ਬਿਲਕੁਲ ਘੱਟ ਜਾਂਦੇ ਹਨ ਤਾਂ ਲੋਕ panic ਸਿਚੂਏਸ਼ਨ ਵਿੱਚ ਆ ਜਾਂਦੇ ਹਨ।ਉਨ੍ਹਾਂ ਲਈ ਨੈਕਸਟ ਡੈਸਟੀਨੇਸ਼ਨ ਜਿਹੜਾ ਹੈ, ਉਹ ਹਸਪਤਾਲ ਹੈ ਪਰ ਉਹ ਅੰਮ੍ਰਿਤਸਰ ਵਿਖੇ ਹੈ ਉਥੇ ਵੀ ਪੇਸ਼ੈਂਟਸ ਨੂੰ ਅਵੇਲੇਬਿਲਟੀ ਨਹੀਂ ਮਿਲਦੀ । I again request him ਕਿ 25 ਲੱਖ ਰੁਪਏ ਦੀ ਪ੍ਰੋਵੀਜ਼ਨ ਕਰ ਦਿੱਤੀ ਜਾਵੇ । It is a humble submission. Thanks.

**ਮਾਨਯੋਗ ਸਪੀਕਰ** : ਉਨ੍ਹਾਂ ਦੀ ਰਿਕੁਐਸਟ ਹੈ ਕਿ ਪੈਸੇ ਦੀ ਕੋਈ ਪ੍ਰੋਵੀਜ਼ਨ ਕਰ ਸਕਦੇ ਹੋ?

**ਮੰਤਰੀ** : ਸਪੀਕਰ ਸਾਹਿਬ, ਆਪਣੇ ਕੋਲ ਸਟੇਟ ਵਿੱਚ ਆਲਰੇਡੀ 13 Apheresis ਮਸ਼ੀਨਾਂ ਹਨ ਪਰ ਜੇ ਇਨ੍ਹਾਂ ਮਸ਼ੀਨਾਂ ਨੂੰ ਵਧਾਉਣ ਦੀ ਕੋਈ ਪਰਪੋਜ਼ਲ ਬਣਾਈ ਤਾਂ ਮੈਂ ਆਨਰੇਬਲ ਮੈਂਬਰ ਸਾਹਿਬ ਦੇ ਹਸਪਤਾਲ ਨੂੰ ਵੀ ਕੰਸਿਡਰ ਕਰ ਲਵਾਂਗਾ ।

**ਮਾਨਯੋਗ ਸਪੀਕਰ** : ਅਗਲਾ ਸਵਾਲ ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਪਲੀਮੈਂਟਰੀਜ਼ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ :** ਇਸ ਤੇ ਬਹੁਤ ਸਵਾਲ ਆ ਗਏ । ਜਿੰਨੇ ਸਵਾਲ ਹੈਲਥ ਤੇ ਆਏ ਹਨ, ਉਸ ਬਾਰੇ ਤੁਸੀਂ ਸਾਰੇ ਜਾਣਦੇ ਹੀ ਹੋ, ਕੋਈ ਚੀਜ਼ ਰਹੀ ਨਹੀਂ । ਹਾਂ ਜੀ, ਸ਼੍ਰੀ ਰਾਕੇਸ਼ ਪਾਂਡੇ ਜੀ। (ਵਿਘਨ) ਤੁਸੀਂ ਪਿਛਲੇ ਦਸ ਦਿਨਾਂ ਵਿੱਚ ਬਹੁਤ ਕੁਝ ਕਹਿ ਲਿਆ ।

-----------

## ਡਾਕਟਰ ਬੀ. ਆਰ. ਅੰਬੇਦਕਰ ਭਵਨ-ਕਮ-ਟ੍ਰੇਨਿੰਗ ਅਤੇ ਰਿਸਰਚ ਸੈਂਟਰ ਦੀ ਮੌਜੂਦਾ ਸਥਿਤੀ

*1354. **ਸ੍ਰੀ ਰਾਕੇਸ਼ ਪਾਂਡੇ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2011 ਵਿੱਚ ਲੁਧਿਆਣਾ ਵਿਖੇ ਸ਼ੁਰੂ ਕੀਤੇ ਗਏ ਡਾਕਟਰ ਬੀ. ਆਰ. ਅੰਬੇਦਕਰ ਭਵਨ-ਕਮ-ਟ੍ਰੇਨਿੰਗ ਅਤੇ ਰਿਸਰਚ ਸੈਂਟਰ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਇਸ ਭਵਨ ਨੂੰ ਪੂਰਾ ਕਰਨ ਸਬੰਧੀ ਫੰਡਾਂ ਦੇ ਕੀ ਇੰਤਜ਼ਾਮ ਕੀਤੇ ਗਏ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ਸ਼੍ਰੀਮਾਨ ਜੀ, (ੳ) ਡਾ. ਬੀ.ਆਰ. ਅੰਬੇਦਕਰ ਭਵਨ-ਕਮ-ਟਰੇਨਿੰਗ ਅਤੇ ਰਿਸਰਚ ਸੈਂਟਰ ਦੀ ਬਿਲਡਿੰਗ ਦਾ ਸਟਰੱਕਚਰਲ ਵਰਕ ਮੁਕੰਮਲ ਹੋ ਚੁੱਕਾ ਹੈ।

(ਅ) ਇਸ ਭਵਨ ਨੂੰ ਪੂਰਾ ਕਰਨ ਲਈ 5.23 ਕਰੋੜ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਮਿਤੀ 25-11-2016 ਨੂੰ ਪ੍ਰਮੁੱਖ ਸਕੱਤਰ/ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਇਸ ਕੰਮ ਲਈ ਹੇਠ ਲਿਖੇ ਅਨੁਸਾਰ ਫੰਡ ਮੁਹੱਈਆ ਕਰਵਾਏ ਜਾਣੇ ਹਨ:-

| | | |
|---|---|---|
| 1. | ਨਗਰ ਨਿਗਮ, ਲੁਧਿਆਣਾ | 1.00 ਕਰੋੜ |
| 2. | ਨਗਰ ਸੁਧਾਰ ਟਰੱਸਟ, ਲੁਧਿਆਣਾ | 1.00 ਕਰੋੜ |
| 3. | ਗਲਾਡਾ ਲੁਧਿਆਣਾ | 1.00 ਕਰੋੜ |
| 4. | ਵੈਲਫੇਅਰ ਵਿਭਾਗ, ਪੰਜਾਬ | 2.23 ਕਰੋੜ |

ਇਸ ਸਬੰਧੀ ਨਗਰ ਨਿਗਮ, ਲੁਧਿਆਣਾ ਵੱਲੋਂ ਆਪਣੇ ਹਿੱਸੇ ਦੀ 1.00 ਕਰੋੜ ਰੁਪਏ ਦੀ ਰਾਸ਼ੀ ਦੇਣ ਲਈ ਮਤਾ ਨੰ: 5228 ਮਿਤੀ 24-08-2017 ਰਾਹੀਂ ਪ੍ਰਵਾਨ ਕੀਤਾ ਜਾ ਚੁੱਕਾ ਹੈ ਅਤੇ ਨਗਰ ਸੁਧਾਰ ਟਰੱਸਟ, ਲੁਧਿਆਣਾ ਵੱਲੋਂ ਆਪਣੇ ਹਿੱਸੇ ਵਿੱਚੋਂ 35.00 ਲੱਖ ਰੁਪਏ ਮੁਹੱਈਆ ਕਰਵਾ ਦਿੱਤੇ ਗਏ ਹਨ ਅਤੇ ਬਾਕੀ ਦੀ ਰਕਮ ਅਗਲੇ 2 ਮਹੀਨੇ ਦੇ ਅੰਦਰ ਮੁਹੱਈਆ ਕਰਵਾ ਦਿੱਤੀ ਜਾਵੇਗੀ ਜਦ ਕਿ ਬਾਕੀ ਵਿਭਾਗਾਂ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਵੀ ਜਵਾਬ ਪ੍ਰਾਪਤ ਨਹੀਂ ਹੋਇਆ ਹੈ। ਬਾਕੀ ਵਿਭਾਗਾਂ ਵੱਲੋਂ ਫੰਡ ਪ੍ਰਾਪਤ ਹੋਣ ਤੇ ਹੀ ਅੰਬੇਦਕਰ ਭਵਨ ਦੇ ਦੂਜੇ ਫੇਜ਼ ਦੀ ਉਸਾਰੀ ਦਾ ਕੰਮ ਟੈਂਡਰ ਮੰਗਣ ਉਪਰੰਤ ਸ਼ੁਰੂ ਕੀਤਾ ਜਾ ਸਕੇਗਾ।

**ਸ਼੍ਰੀ ਰਾਕੇਸ਼ ਪਾਂਡੇ** : ਸਪੀਕਰ ਸਾਹਿਬ, ਉੱਥੇ ਸਿਰਫ ਸਟਰੱਕਚਰ ਹੀ ਖੜ੍ਹਾ ਹੋਇਆ ਹੈ ਲੇਕਿਨ ਕੰਮ ਪੂਰਾ ਨਹੀਂ ਹੋਇਆ । ਇਨ੍ਹਾਂ ਨੇ ਸਿਰਫ 5.23 ਕਰੋੜ ਰੁਪਏ ਹੀ ਰੱਖੇ ਹਨ ਔਰ ਉਸ ਵਿੱਚੋਂ ਵੀ ਚਾਰ ਡਿਪਾਰਟਮੈਂਟਸ ਵਿੱਚ ਪੈਸੇ ਵੰਡੇ ਹੋਏ ਹਨ ਜਿਸ ਵਿੱਚੋਂ ਸਾਰਿਆਂ ਦੇ ਮਤੇ ਹੀ ਪਏ ਹਨ। ਦੋ ਡਿਪਾਰਟਮੈਂਟਸ ਨੇ ਤਾਂ ਪੈਸੇ ਹੀ ਨਹੀਂ ਦਿੱਤੇ। ਇਹ ਕੀ ਕਰ ਰਹੇ ਹਨ ? ਕੀ ਦੋ ਡਿਪਾਰਟਮੈਂਟਸ ਪੈਸੇ ਭੇਜ ਰਹੇ ਹਨ ਜਾਂ ਨਹੀਂ ਭੇਜ ਰਹੇ ? ਮੈਂ ਮੰਤਰੀ ਜੀ ਨੂੰ ਇਹੀ ਰਿਕੁਐਸਟ ਕਰਾਂਗਾ ਕਿ ਇੱਕ ਤਾਂ ਸਾਰੇ ਡਿਪਾਰਟਮੈਂਟਸ ਤੋਂ ਪੈਸੇ ਮੰਗਵਾ ਕੇ ਇਸ ਕੰਮ ਨੂੰ ਸ਼ੁਰੂ ਕੀਤਾ ਜਾਵੇ । ਪਿਛਲੀ ਸਰਕਾਰ ਨੇ ਵੀ ਇਸ ਪ੍ਰਾਜੈਕਟ ਤੇ ਇੱਕ ਵੀ ਪੈਸਾ ਨਹੀਂ ਲਗਾਇਆ । ਇੱਕ ਰੋੜਾ ਤੱਕ ਉੱਥੇ ਨਹੀਂ ਲੱਗਿਆ । ਬਿਲਡਿੰਗ ਉਸੇ ਤਰ੍ਹਾਂ ਹੀ ਉਥੇ ਖੜ੍ਹੀ ਹੈ ਤੇ ਇਹੀ ਬਿਲਡਿੰਗ ਫਿਰ ਮੁੜ ਕੇ ਖਰਾਬ ਵੀ ਹੋ ਜਾਵੇਗੀ । ਕੀ ਮੰਤਰੀ ਜੀ ਇਹ ਐਸ਼ਿਓਰ ਕਰਨਗੇ ਕਿ ਇਸ ਕੰਮ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਥੋੜ੍ਹੀ ਕੋਆਰਡੀਨੇਸ਼ਨ ਦੀ ਲੋੜ ਹੈ । ਆਨਰੇਬਲ ਮੈਂਬਰ ਸਾਹਿਬ ਬਿਲਕੁਲ ਠੀਕ ਕਹਿ ਰਹੇ ਹਨ । 5.23 ਕਰੋੜ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਸੀ । 25.11.2016 ਨੂੰ ਪ੍ਰਮੁੱਖ ਸਕੱਤਰ, ਮਾਨਯੋਗ ਮੁੱਖ ਮੰਤਰੀ, ਪੰਜਾਬ ਸਰਕਾਰ ਵੱਲੋਂ ਕੀਤੀ ਗਈ ਮੀਟਿੰਗ ਵਿਖੇ ਫੈਸਲੇ ਅਨੁਸਾਰ ਮੈਂ ਤੁਹਾਨੂੰ ਦੱਸ ਰਿਹਾ ਹਾਂ ਕਿ ਕਿੰਨੇ ਫੰਡਜ਼ ਮੁਹੱਈਆ ਕਰਵਾਏ ਗਏ ਹਨ । ਨਗਰ ਕੌਂਸਲ, ਲੁਧਿਆਣਾ ਨੇ ਇੱਕ ਕਰੋੜ ਰੁਪਿਆ ਰਿਲੀਜ਼ ਕਰ ਦਿੱਤਾ । ਨਗਰ ਸੁਧਾਰ ਟਰੱਸਟ, ਲੁਧਿਆਣਾ ਵੱਲੋਂ ਵੀ ਇੱਕ ਕਰੋੜ ਰੁਪਿਆ ਰਿਲੀਜ਼ ਹੋਇਆ । ਗਲਾਡਾ ਅਤੇ ਵੈਲਫੇਅਰ ਵਿਭਾਗ, ਪੰਜਾਬ ਵੱਲੋਂ ਕ੍ਰਮਵਾਰ ਇੱਕ ਕਰੋੜ ਅਤੇ 2 ਕਰੋੜ 23 ਲੱਖ ਰੁਪਏ ਦੀ ਰਾਸ਼ੀ ਆਉਣੀ ਬਾਕੀ ਹੈ । ਅਸੀਂ ਚਿੱਠੀਆਂ ਲਿਖ ਚੁੱਕੇ ਹਾਂ, ਜਿਸ ਤਰ੍ਹਾਂ ਹੀ ਇਹ ਰਾਸ਼ੀ ਆ ਜਾਂਦੀ ਹੈ, ਇਹ ਮੁਕੰਮਲ ਕਰਵਾ ਦਿੱਤਾ ਜਾਵੇਗਾ ।

**ਸ਼੍ਰੀ ਰਾਕੇਸ਼ ਪਾਂਡੇ** : ਸਪੀਕਰ ਸਾਹਿਬ, ਗੱਲ ਮੰਤਰੀ ਜੀ ਦੀ ਫਿਰ ਅਧੂਰੀ ਰਹਿ ਗਈ । ਇਨ੍ਹਾਂ ਨੇ ਕਿਹਾ ਹੈ ਕਿ ਜਦੋਂ ਵੀ ਰਾਸ਼ੀ ਆ ਜਾਂਦੀ ਹੈ, ਕੀ ਇਹ ਉਪਰਾਲਾ ਕਰਨਗੇ ਕਿ ਰਾਸ਼ੀ ਜਲਦੀ ਤੋਂ ਜਲਦੀ ਮੰਗਵਾ ਕੇ ਇਸ ਕੰਮ ਨੂੰ ਮੁਕੰਮਲ ਕੀਤਾ ਜਾਵੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਚਿੱਠੀਆਂ ਵੀ ਲਿਖ ਚੁੱਕੇ ਹਾਂ, ਫੋਨ ਤੇ ਪਰਸਨਲੀ ਗੱਲ ਵੀ ਕਰ ਚੁੱਕੇ ਹਾਂ, ਫੰਡਜ਼ ਜਿਸ ਤਰ੍ਹਾਂ ਹੀ ਆਉਂਦੇ ਹਨ, ਮੁਕੰਮਲ ਕਰਵਾ ਦਿੱਤਾ ਜਾਵੇਗਾ ।

-----------

## ਸ਼ੁਤਰਾਣਾ ਹਲਕੇ ਨੂੰ ਨਹਿਰੀ ਪਾਣੀ ਨਾਲ ਜੋੜਨ ਦੀ ਤਜਵੀਜ਼ ਤਿਆਰ ਕਰਨਾ

*919. **ਸਰਦਾਰ ਨਿਰਮਲ ਸਿੰਘ** : ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸ਼ੁਤਰਾਣਾ ਹਲਕੇ ਨੂੰ ਨਹਿਰੀ ਪਾਣੀ ਨਾਲ ਜੋੜਨ ਦੀ ਤਜਵੀਜ਼ ਤਿਆਰ ਕਰੇਗੀ ਕਿਉਂਕਿ ਉਥੇ ਪੀਣ ਵਾਲੇ ਪਾਣੀ ਦੀ ਬਹੁਤ ਵੱਡੀ ਕਿੱਲਤ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਵਾਸਤੇ ਸਾਲ 2018-19 ਦੇ ਵਿੱਤੀ ਸਾਲ ਵਿੱਚ ਫੰਡਾਂ ਦਾ ਉਪਬੰਧ ਕਰੇਗੀ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ** : ਹਲਕਾ ਸ਼ੁਤਰਾਣਾ ਅਧੀਨ ਨਹਿਰੀ ਪਾਣੀ ਦੀ ਹਾਲ ਦੀ ਘੜੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਹਲਕੇ ਵਿੱਚ ਜਿਹੜਾ ਇਹ ਨਹਿਰੀ ਪਾਣੀ ਮੰਗਦੇ ਹਨ, ਉਸ ਦੀ ਲੋੜ ਨਹੀਂ । ਦੂਜੇ ਤਰੀਕਿਆਂ ਨਾਲ ਪਿੰਡਾਂ ਵਿੱਚ ਪਾਣੀ ਬਹੁਤ ਵਧੀਆ ਤਰੀਕੇ ਨਾਲ ਪਹੁੰਚ ਰਿਹਾ ਹੈ । ਜੇ ਕਦੀ ਲੋੜ ਪਵੇਗੀ, ਫਿਰ ਨਹਿਰੀ ਪਾਣੀ ਦੀ ਸਕੀਮ ਬਣਾਈ ਜਾਵੇਗੀ ।

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਜਿਹੜਾ ਸ਼ੁਤਰਾਣਾ ਹਲਕਾ ਹੈ ਜਿਸ ਵਾਸਤੇ ਮੈਂ ਪੀਣ ਲਈ ਪਾਣੀ ਮੰਗ ਰਿਹਾ ਹਾਂ, ਉਥੇ ਘੱਗਰ ਦਰਿਆ ਵਗ ਰਿਹਾ ਹੈ । ਪਹਾੜਾਂ ਤੋਂ ਲੈ ਕੇ ਇੱਥੇ ਤੱਕ, ਜਿੰਨੀਆਂ ਪਹਾੜਾਂ ਵਿੱਚ ਫੈਕਟਰੀਆਂ ਲੱਗੀਆਂ ਹਨ, ਸਾਰਿਆਂ ਦਾ ਗੰਦਾ ਪਾਣੀ ਘੱਗਰ ਦਰਿਆ ਵਿਚ ਆ ਰਿਹਾ ਹੈ, ਉਸ ਘੱਗਰ ਦਰਿਆ ਦੀ ਮਾਰ, ਗੰਦੇ ਪਾਣੀ ਦੀ ਮਾਰ ਮੇਰੇ ਹਲਕੇ ਵਿੱਚ ਪੈ ਰਹੀ ਹੈ । ਸਾਰਾ ਪਾਣੀ ਗੰਧਲਾ ਹੋ ਚੁੱਕਾ ਹੈ । ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਪਿਛਲੀ ਵਾਰ ਕੈਪਟਨ ਮਹਾਰਾਜਾ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਇਹ ਘੱਗਰ ਦਰਿਆ ਜਿਹੜਾ ਇੱਕ ਬਹੁਤ ਵੱਡੇ ਦੈਂਤ ਦੇ ਰੂਪ ਵਿੱਚ ਬਾਰਸ਼ਾਂ ਦੇ ਦਿਨਾਂ ਵਿੱਚ ਮਾਰ ਕਰਦਾ ਸੀ, ਕਿਸਾਨਾਂ ਦੀ ਫਸਲਾਂ ਉਜਾੜਦਾ ਹੈ, ਬਹੁਤ ਸਾਰਾ ਨੁਕਸਾਨ ਹੁੰਦਾ ਸੀ, ਇਨ੍ਹਾਂ ਨੇ ਆਪਣੀ ਸਰਕਾਰ ਵੇਲੇ ਬਹੁਤ ਸਾਰਾ ਪੈਸਾ ਦੇ ਕੇ ਉਸ ਦੇ ਦੋਵੇਂ ਪਾਸੇ ਬੰਨ੍ਹ ਬਣਾ ਕੇ ਕਿਸਾਨਾਂ ਦੀਆਂ ਫਸਲਾਂ ਨੂੰ ਬਚਾਇਆ ਪਰ ਇਸ ਦੇ ਉਲਟ ਜਿਹੜਾ ਘੱਗਰ ਦਰਿਆ ਦਾ ਗੰਧਲਾ ਪਾਣੀ ਆ ਰਿਹਾ ਹੈ, ਉਸ ਕਾਰਨ ਧਰਤੀ ਹੇਠਲਾ ਪਾਣੀ ਇੰਨਾ ਗੰਧਲਾ ਹੋ ਗਿਆ ਹੈ ਕਿ ਉੱਥੇ ਬੱਚੇ ਅਪਾਹਜ ਜੰਮ ਰਹੇ ਹਨ, ਕੈਂਸਰ ਦੇ ਮਰੀਜ਼ਾਂ ਦੀ ਵੀ ਉੱਥੇ ਬਹੁਤ ਭਰਮਾਰ ਹੈ.....

------------

**ਮਾਨਯੋਗ ਸਪੀਕਰ** : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਸਰਕਾਰੀ ਸਕੂਲਾਂ/ ਕਾਲਜਾਂ ਵਿਚ ਦਰਜਾ IV ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨਾ

*1005. **ਡਾਕਟਰ ਰਾਜ ਕੁਮਾਰ ਚੱਬੇਵਾਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿੱਚ ਠੇਕੇ/ਅਸਥਾਈ ਤੌਰ ਤੇ ਕੰਮ ਕਰ ਰਹੇ ਦਰਜਾ ਚਾਰ ਕਰਮਚਾਰੀਆਂ ਦੀ ਵੱਖ-ਵੱਖ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਵਰਣਿਤ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਜਾਂ ਸਥਾਈ ਤੌਰ ਤੇ ਭਰਨ ਲਈ ਸਰਕਾਰ ਦੀ ਕੀ ਪਾਲਿਸੀ ਹੈ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਸਰਕਾਰੀ ਸਕੂਲਾਂ ਸਬੰਧੀ ਗਿਣਤੀ ਨਿੱਲ ਹੈ। ਸਰਕਾਰੀ ਕਾਲਜਾਂ ਵਿੱਚ ਠੇਕੇ ਤੇ 01 ਅਤੇ ਅਸਥਾਈ ਤੌਰ ਤੇ 317 ਦਰਜਾ-4 ਕਰਮਚਾਰੀ ਕੰਮ ਕਰ ਰਹੇ ਹਨ।

(ਅ) ਸਰਕਾਰੀ ਸਕੂਲਾਂ ਵਿੱਚ ਦਰਜਾ ਚਾਰ ਦੀਆਂ ਅਸਾਮੀਆਂ ਸਥਾਈ ਤੌਰ ਤੇ ਭਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਪਰ ਸਰਕਾਰੀ ਕਾਲਜਾਂ ਵਿੱਚ ਠੇਕੇ/ਅਸਥਾਈ ਤੌਰ ਤੇ ਕੰਮ ਕਰੇ ਰਹੇ ਦਰਜਾ-4 ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਲਈ ਇਸ ਸਮੇਂ ਕੋਈ ਪਾਲਿਸੀ ਨਹੀਂ ਹੈ।

-----------

## ਸਰਕਾਰੀ ਹਸਪਤਾਲ ਲਹਿਰਾ ਅਤੇ ਮੂਨਕ ਵਿੱਚ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ

***1276. ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਬ-ਡਵੀਜ਼ਨ ਪੱਧਰ ਦੇ ਸਰਕਾਰੀ ਹਸਪਤਾਲ ਲਹਿਰਾ ਅਤੇ ਮੂਨਕ ਵਿੱਚ ਡਾਕਟਰਾਂ ਦੀਆਂ ਕਿੰਨੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਇਨ੍ਹਾਂ ਵਿਚੋਂ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ, ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ਹਾਂ ਜੀ, ਸੀ.ਐਚ.ਸੀ ਲਹਿਰਾ ਗਾਗਾ, ਵਿਧਾਨ ਸਭਾ ਹਲਕਾ ਲਹਿਰਾ ਗਾਗਾ ਵਿਖੇ ਸੀਨੀਅਰ ਮੈਡੀਕਲ ਅਫਸਰ ਦੀ 01 ਅਸਾਮੀ ਮਨਜ਼ੂਰਸ਼ੁਦਾ ਹੈ ਜੋ ਕਿ ਖਾਲੀ ਹੈ। ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ 04 ਅਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿਰੁੱਧ 03 ਐਮ.ਬੀ.ਬੀ.ਐਸ ਡਾਕਟਰ ਤਾਇਨਾਤ ਹਨ ਅਤੇ 01 ਅਸਾਮੀ ਖਾਲੀ ਹੈ। ਮੈਡੀਕਲ ਅਫਸਰ (ਜਨਰਲ) ਦੀਆਂ ਕੁੱਲ 02 ਅਸਾਮੀਆਂ ਮਨਜ਼ੂਰਸ਼ੁਦਾ ਹਨ ਜੋ ਕਿ ਭਰੀਆਂ ਹੋਈਆਂ ਹਨ। ਮੈਡੀਕਲ ਅਫਸਰ ਡੈਂਟਲ ਦੀ 01 ਅਸਾਮੀ ਮਨਜ਼ੂਰਸ਼ੁਦਾ ਹੈ ਜੋ ਕਿ ਭਰੀ ਹੋਈ ਹੈ।

ਸਬ-ਡਵੀਜ਼ਨਲ ਹਸਪਤਾਲ, ਮੂਨਕ, ਵਿਧਾਨ ਸਭਾ ਹਲਕਾ ਮੂਨਕ ਵਿਖੇ ਸੀਨੀਅਰ ਮੈਡੀਕਲ ਅਫਸਰ ਦੀ 01 ਅਸਾਮੀ ਮਨਜੂਰਸ਼ੁਦਾ ਹੈ ਜੋ ਕਿ ਭਰੀ ਹੋਈ ਹੈ। ਮੈਡੀਕਲ ਅਫਸਰ ਸਪੈਸ਼ਲਿਸਟ ਦੀਆਂ 09 ਅਸਾਮੀਆਂ ਮਨਜ਼ੂਰਸ਼ੁਦਾ ਹਨ, 01 ਅਸਾਮੀ ਭਰੀ ਹੈ ਅਤੇ 08 ਅਸਾਮੀਆਂ ਖਾਲੀ ਹਨ। ਮੈਡੀਕਲ ਅਫਸਰ (ਜਨਰਲ) ਦੀਆਂ ਕੁੱਲ 07 ਅਸਾਮੀਆਂ ਮਨਜ਼ੂਰਸ਼ੁਦਾ ਹਨ ਜਿਨ੍ਹਾਂ ਵਿਚੋਂ 06 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 01 ਅਸਾਮੀ ਖਾਲੀ ਹੈ। ਮੈਡੀਕਲ ਅਫਸਰ ਡੈਂਟਲ ਦੀ 01 ਅਸਾਮੀ ਮਨਜ਼ੂਰਸ਼ੁਦਾ ਹੈ, ਜੋ ਕਿ ਭਰੀ ਹੋਈ ਹੈ। ਇੱਕ ਫੀਮੇਲ ਮੈਡੀਕਲ ਅਫਸਰ (ਐਨ.ਐਚ.ਐਮ) ਵਲੋਂ ਵੀ ਲਗਾਈ ਹੋਈ ਹੈ । ਮੈਡੀਕਲ ਅਫਸਰ (ਜਨਰਲ) ਦੀਆਂ 306 ਖਾਲੀ ਅਸਾਮੀਆਂ ਨੂੰ ਭਰਨ ਲਈ ਵਿਭਾਗ ਵਲੋਂ ਪੰਜਾਬ ਪਬਲਿਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ ਵਿਗਿਆਪਨ ਦੇ ਦਿੱਤਾ ਗਿਆ ਹੈ, ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਜਲਦ ਪੂਰੀ ਕਰ ਲਈ ਜਾਵੇਗੀ।

----------

## ਗੀਤਾਂ ਵਿੱਚ ਲੱਚਰਤਾ ਨੂੰ ਠੱਲ੍ਹ ਪਾਉਣਾ

*864. 1. **ਸਰਦਾਰ ਨਾਜਰ ਸਿੰਘ ਮਾਨਸ਼ਾਹੀਆ**
2. **ਸ਼੍ਰੀ ਅੰਗਦ ਸਿੰਘ**
3. **ਸਰਦਾਰ ਸੰਗਤ ਸਿੰਘ ਗਿਲਜੀਆਂ** : ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪੰਜਾਬੀ ਗਾਇਕਾਂ ਤੇ ਗੀਤਕਾਰਾਂ ਦੁਆਰਾ ਲਿਖੇ ਤੇ ਗਾਏ ਜਾ ਰਹੇ ਗੀਤਾਂ ਵਿੱਚ ਸ਼ਰਾਬ, ਲੜਾਈ ਝਗੜਾ ਹਥਿਆਰਾਂ ਅਤੇ ਲੱਚਰਤਾ ਨੂੰ ਫੈਲਾਉਣ ਵਾਲੇ ਗੀਤ ਗਾਏ ਜਾ ਰਹੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਸਰਕਾਰ ਇਨ੍ਹਾਂ ਨੂੰ ਰੋਕਣ ਲਈ ਜਾਂ ਨਿਰਉਤਸ਼ਾਹਿਤ ਕਰਨ ਲਈ ਕੀ ਉਪਰਾਲਾ ਕਰ ਰਹੀ ਹੈ ਜਾਂ ਕੀ ਕੋਈ ਇਸ ਸਬੰਧੀ ਪਾਲਿਸੀ ਬਣਾਈ ਜਾ ਰਹੀ ਹੈ ?

**ਸਰਦਾਰ ਨਵਜੋਤ ਸਿੰਘ ਸਿੱਧੂ :** (ੳ) ਹਾਂ ਜੀ, ਪੰਜਾਬੀ ਗਾਇਕਾਂ ਅਤੇ ਗੀਤਕਾਰਾਂ ਦੁਆਰਾ ਲਿਖੇ ਤੇ ਗਾਏ ਜਾ ਰਹੇ ਕੁਝ ਗੀਤਾਂ ਵਿੱਚ ਸ਼ਰਾਬ, ਲੜਾਈ ਝਗੜਾ, ਹਥਿਆਰਾਂ ਅਤੇ ਲੱਚਰਤਾ ਨੂੰ ਫੈਲਾਉਣ ਵਾਲੇ ਗੀਤ ਗਾਏ ਜਾ ਰਹੇ ਹਨ।

(ਅ) ਪੰਜਾਬ ਸਰਕਾਰ ਵਲੋਂ ਕਲਾ, ਸਾਹਿਤ, ਸੰਗੀਤ, ਲਲਿਤ ਕਲਾ, ਨਾਟਕ, ਲੇਖ ਆਦਿ ਦੇ ਖੇਤਰ ਨਾਲ ਜੁੜੇ ਬੁੱਧੀਜੀਵੀਆਂ ਅਤੇ ਉੱਘੀਆਂ ਸ਼ਖਸੀਅਤਾਂ ਦੇ ਸੁਝਾਅ ਪ੍ਰਾਪਤ ਕਰਕੇ ਸਭਿਆਚਾਰਕ ਨੀਤੀ ਨੋਟੀਫਾਈ ਕੀਤੀ ਜਾ ਚੁੱਕੀ ਹੈ। ਪਾਲਿਸੀ ਅਨੁਸਾਰ ਲੱਚਰਤਾ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਨਿਰੰਤਰ ਜਾਰੀ ਹੈ। ਇਸ ਬਾਰੇ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰਕੇ ਜਾਗਰੂਕਤਾ ਲਿਆਉਣ ਦੀ ਤਜਵੀਜ਼ ਹੈ।

-----------

## ਨਰੇਗਾ ਵਰਕਰਾਂ ਨੂੰ ਮਜ਼ਦੂਰੀ ਭੱਤਾ ਹਰ ਮਹੀਨੇ ਦੇਣਾ

*1158. **ਸ਼੍ਰੀ ਅੰਗਦ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਨਰੇਗਾ ਵਰਕਰਾਂ (ਦਫ਼ਤਰੀ ਕਰਮਚਾਰੀ) ਦਾ ਮਜ਼ਦੂਰੀ ਭੱਤਾ ਹਰ 3 ਜਾਂ 6 ਮਹੀਨੇ ਬਾਅਦ ਦੇਰੀ ਨਾਲ ਮਿਲਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹ ਮਜ਼ਦੂਰੀ ਭੱਤਾ ਹਰ ਮਹੀਨੇ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

(ਅ) ਜੇਕਰ ਹਾਂ ਤਾਂ ਇਹ ਕਦੋਂ ਤੋਂ ਨਿਰੰਤਰ ਹਰ ਮਹੀਨੇ ਆਉਣਾ ਸ਼ੁਰੂ ਹੋ ਜਾਵੇਗਾ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, (ੳ) ਇਹ ਠੀਕ ਹੈ ਕਿ ਨਰੇਗਾ ਵਰਕਰਾਂ (ਦਫਤਰੀ ਕਰਮਚਾਰੀ) ਨੂੰ ਮਜ਼ਦੂਰੀ ਭੱਤਾ ਕੁਝ ਦੇਰੀ ਨਾਲ ਮਿਲਦਾ ਹੈ।ਨਰੇਗਾ ਕਰਮਚਾਰੀਆਂ ਨੂੰ ਮਜ਼ਦੂਰੀ ਭੱਤਾ ਸਰਕਾਰ ਵੱਲੋਂ ਜਾਰੀ ਕੀਤੀ ਜਾਂਦੀ ਮੈਟੀਰੀਅਲ ਕੰਪੋਨੈਂਟ ਦੀ ਗ੍ਰਾਂਟ ਤਹਿਤ ਪ੍ਰਬੰਧਕੀ ਖਰਚੇ ਵਿਚੋਂ ਜਾਰੀ ਕੀਤਾ ਜਾਂਦਾ ਹੈ ਅਤੇ ਇਹ ਜ਼ਿਲ੍ਹਿਆਂ ਵੱਲੋਂ ਕੀਤੇ ਗਏ ਖਰਚੇ ਦੇ 5.25% ਅਨੁਪਾਤ ਅਨੁਸਾਰ ਜਾਰੀ ਕੀਤਾ ਜਾਂਦਾ ਹੈ।

(ਅ) ਮੈਟੀਰੀਅਲ ਕੰਪੋਨੈਂਟ ਦੀ ਗ੍ਰਾਂਟ ਸਮੇਂ ਸਿਰ ਰਲੀਜ਼ ਕਰਾਉਣ ਲਈ ਵਿੱਤ ਵਿਭਾਗ ਨਾਲ ਇਹ ਮਾਮਲਾ ਵਾਰ-ਵਾਰ ਵਿਚਾਰਿਆ ਜਾ ਰਿਹਾ ਹੈ।

-----------

## ਸਕੂਲਾਂ ਵਿਚ ਵਿਦਿਆਰਥੀਆਂ ਨੂੰ ਨੌਵੀਂ ਜਮਾਤ ਤੱਕ ਫੇਲ੍ਹ ਨਾ ਕਰਨ ਦੀ ਪਾਲਿਸੀ

***1146. ਸ਼੍ਰੀ ਪਵਨ ਕੁਮਾਰ ਟੀਨੂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਨੌਵੀਂ ਜਮਾਤ ਤੱਕ ਫੇਲ੍ਹ ਨਾ ਕਰਨ ਵਾਲੀ ਪਾਲਿਸੀ ਬੰਦ ਹੋ ਚੁੱਕੀ ਹੈ ਜਾਂ ਅਜੇ ਤੱਕ ਜਾਰੀ ਹੈ; ਜੇਕਰ ਨਹੀਂ ਤਾਂ ਕੀ ਇਸ ਪਾਲਿਸੀ ਨੂੰ ਬੰਦ ਕਰਨ ਤੇ ਕੋਈ ਵਿਚਾਰ ਹੋ ਰਿਹਾ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀਮਤੀ ਅਰੁਨਾ ਚੌਧਰੀ :** ਨਹੀਂ ਜੀ, ਅਜੇ ਤੱਕ "No Detention Policy" ਜਾਰੀ ਹੈ। ਸਿੱਖਿਆ ਦਾ ਅਧਿਕਾਰ ਐਕਟ, 2009 ਦੇ "No Detention Provision" ਵਿੱਚ ਸੋਧ ਕਰਨ ਦਾ ਮੁੱਦਾ ਭਾਰਤ ਸਰਕਾਰ ਦੇ ਵਿਚਾਰ ਅਧੀਨ ਹੈ।

------------

# UNSTARRED QUESTIONS AND ANSWERS

## ਸਰਕਾਰੀ ਗਊਸ਼ਾਲਾਵਾਂ ਵਿੱਚ ਗਊਬੰਸ਼ ਦੀ ਸਾਂਭ ਸੰਭਾਲ

171. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵੱਲੋਂ 45 ਕਰੋੜ ਰੁਪਏ ਦੀ ਲਾਗਤ ਨਾਲ 21 ਜ਼ਿਲ੍ਹਿਆਂ ਵਿੱਚ ਸਰਕਾਰੀ ਗਊਸ਼ਾਲਾਵਾਂ 2 ਲੱਖ ਗਊਬੰਸ਼ ਦੀ ਸਾਂਭ-ਸੰਭਾਲ ਲਈ ਤਿਆਰ ਕੀਤੀਆਂ ਗਈਆਂ ਹਨ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਖੋਲ੍ਹੀਆਂ 21 ਗਊਸ਼ਾਲਾਵਾਂ ਵਿੱਚ ਸਿਰਫ਼ 45,000 ਗਊਬੰਸ਼ ਹੀ ਰੱਖਿਆ ਹੋਇਆ ਹੈ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਗਊਸ਼ਾਲਾ ਵਿੱਚ ਇੱਕ ਵੀ ਗਊਬੰਸ਼ ਨਹੀਂ ਰੱਖਿਆ ਗਿਆ;

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਪੂਰੀ ਕੇਪੈਸਿਟੀ ਵਿੱਚ ਗਊਬੰਸ਼ ਦੀ ਸਾਂਭ ਸੰਭਾਲ ਇਨ੍ਹਾਂ 21 ਗਊਸ਼ਾਲਾਵਾਂ ਵਿੱਚ ਕਿਉਂ ਨਹੀਂ ਕੀਤੀ ਜਾ ਰਹੀ ਅਤੇ ਇਸ ਦੇ ਲਈ ਕੌਣ ਜ਼ਿੰਮੇਵਾਰ ਹੈ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ।

(ਅ) ਨਹੀਂ ਜੀ। ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਛੱਡ ਕੇ 21 ਗਊਸ਼ਾਲਾਵਾਂ ਵਿੱਚ 8,519 ਗਊਬੰਸ਼ ਰੱਖਿਆ ਹੋਇਆ ਹੈ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਠੱਠੀ ਦੀ ਗਊਸ਼ਾਲਾ ਦੀ ਜ਼ਮੀਨ ਦਾ ਮਾਮਲਾ ਮਾਨਯੋਗ ਅਦਾਲਤ ਵਿੱਚ ਲੰਬਿਤ ਹੈ ਜਿਸ ਵਿੱਚ ਫੈਸਲੇ ਉਪਰੰਤ ਗਊਬੰਸ਼ ਰੱਖਣ ਦੀ ਕਾਰਵਾਈ ਆਰੰਭੀ ਜਾਵੇਗੀ।

(ੲ) ਰਾਜ ਦੀਆਂ 21 ਗਊਸ਼ਾਲਾਵਾਂ ਵਿੱਚ 54 ਕੈਟਲ ਸ਼ੈੱਡਜ਼ ਦੀ ਉਸਾਰੀ ਕੀਤੀ ਜਾ ਚੁੱਕੀ ਹੈ ਅਤੇ ਜਾਨਵਰਾਂ ਨੂੰ ਰੱਖਣ ਲਈ ਬਾਕੀ ਰਹਿੰਦੇ 132 ਕੈਟਲ ਸ਼ੈੱਡਾਂ ਦੀ ਉਸਾਰੀ ਸ਼ੀਘਰ ਹੀ ਸ਼ੁਰੂ ਕਰ ਦਿੱਤੀ ਜਾਵੇਗੀ

----------

## ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 172**

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

----------

## ਟਿਊਬਵੈੱਲਾਂ ਤੇ ਬਿਜਲੀ ਘਟਾਉਣ ਲਈ ਵਰਲਡ ਬੈਂਕ ਟੀਮ ਤੋਂ ਸਟੱਡੀ ਕਰਵਾਉਣਾ

**173. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਦਿੱਤੀ ਜਾ ਰਹੀ ਟਿਊਬਵੈੱਲਾਂ ਤੇ ਬਿਜਲੀ ਘਟਾਉਣ ਲਈ ਵਰਲਡ ਬੈਂਕ ਦੀ ਟੀਮ ਪਾਸੋਂ ਸਟੱਡੀ ਕਰਵਾਈ ਹੈ; ਜੇਕਰ ਅਜਿਹਾ ਹੋਵੇ ਤਾਂ ਸਟੱਡੀ ਰਿਪੋਰਟ ਦੀ ਕਾਪੀ ਦਿੱਤੀ ਜਾਵੇ ਜੀ?

**ਕੈਪਟਨ ਅਮਰਿੰਦਰ ਸਿੰਘ :** ਨਹੀਂ ਜੀ। ਰਾਜ ਸਰਕਾਰ ਵੱਲੋਂ ਇਸ ਤਰ੍ਹਾਂ ਦੀ ਕੋਈ ਸਟੱਡੀ ਨਹੀਂ ਕਰਵਾਈ ਗਈ।

----------

**ਡਿਬੇਟ ਦੀ ਛਪਾਈ ਤੱਕ ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 172 ਦਾ ਜਵਾਬ ਪ੍ਰਾਪਤ ਨਹੀਂ ਹੋਇਆ।

## ਮਜ਼ਦੂਰਾਂ ਦੇ ਕੰਮਾਂ ਦੀ ਦਿਹਾੜੀਆਂ ਵਿੱਚ ਦੇਰੀ

174. **ਸਰਦਾਰ ਕੁਲਤਾਰ ਸਿੰਘ ਸੰਧਵਾਂ** : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਅਕਤੂਬਰ, 2017 ਦੌਰਾਨ ਮਜ਼ਦੂਰਾਂ ਦੇ ਕੰਮ ਦੀ ਦਿਹਾੜੀ ਵਿਚ ਪੰਦਰਾਂ ਦਿਨਾਂ ਤੋਂ ਵੱਧ ਦੇਰੀ ਹੋਣ ਕਾਰਨ ਪੰਜਾਬ ਸਰਕਾਰ ਨੂੰ ਕਰੀਬ 1 ਕਰੋੜ ਰੁਪਿਆ ਬਤੌਰ ਮੁਆਵਜ਼ਾ ਅਦਾ ਕਰਨ ਲਈ ਕੇਂਦਰ ਸਰਕਾਰ ਨੇ ਹਦਾਇਤ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਮਜ਼ਦੂਰੀ ਦੇਰੀ ਨਾਲ ਦੇਣ ਦੇ ਕੀ ਕਾਰਨ ਹਨ;

(ਅ) ਇਹ ਮੁਆਵਜ਼ੇ ਦੀ ਰਕਮ ਸਬੰਧਿਤ ਅਧਿਕਾਰੀਆਂ ਪਾਸੋਂ ਐਕਟ ਅਨੁਸਾਰ ਵਸੂਲ ਕੀਤੀ ਜਾਵੇਗੀ ਜਾਂ ਪੰਜਾਬ ਸਰਕਾਰ ਆਪਣੇ ਖਜ਼ਾਨੇ ਵਿਚੋਂ ਅਦਾ ਕਰੇਗੀ;

(ੲ) ਮਜ਼ਦੂਰਾਂ ਨੂੰ ਉਨ੍ਹਾਂ ਦੀ ਦਿਹਾੜੀ ਸਮੇਂ ਸਿਰ ਮਿਲੇ, ਇਸ ਨੂੰ ਪੰਜਾਬ ਸਰਕਾਰ ਕਿਸ ਤਰਾਂ ਯਕੀਨੀ ਬਣਾ ਰਹੀ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ** : ਸ਼੍ਰੀਮਾਨ ਜੀ, (ੳ) ਜੀ ਹਾਂ, ਅਕਤੂਬਰ, 2017 ਵਿੱਚ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਦੇਰੀ ਨਾਲ ਦਿਹਾੜੀਆਂ ਦੀ ਅਦਾਇਗੀ ਕਾਰਨ 80,92,459/- ਰੁਪਏ ਦਾ ਮੁਆਵਜ਼ਾ ਦੇਣਾ ਬਣਦਾ ਹੈ, ਇਸ ਤੋਂ ਇਲਾਵਾ 19,04,166/- ਰੁਪਏ ਵੈਰੀਫਿਕੇਸ਼ਨ ਲਈ ਬਕਾਇਆ ਹਨ।

ਅਦਾਇਗੀ ਵਿੱਚ ਦੇਰੀ ਹੋਣ ਦੇ ਪ੍ਰਮੁੱਖ ਕਾਰਨ ਫੰਡ ਟ੍ਰਾਂਸਫਰ ਆਰਡਰ (ਐਫ.ਟੀ.ੳ.) ਜੈਨਰੇਟ ਕਰਨ ਵਿੱਚ ਦੇਰੀ ਹੋਣਾ ਹੈ ਅਤੇ ਕੇਂਦਰ ਸਰਕਾਰ ਵੱਲੋਂ ਫੰਡ ਜਾਰੀ ਕਰਨ ਵਿੱਚ ਦੇਰੀ ਹੈ।

(ਅ) ਜਿੱਥੇ ਵੀ ਕਿਸੇ ਅਧਿਕਾਰੀ/ਕਰਮਚਾਰੀ ਵੱਲੋਂ ਫੰਡ ਟ੍ਰਾਂਸਫਰ ਆਰਡਰ ਜੈਨਰੇਟ ਕਰਨ ਵਿੱਚ ਦੇਰੀ ਕੀਤੀ ਹੈ ਮੁਆਵਜ਼ੇ ਦੀ ਵਸੂਲੀ ਉਸ ਤੋਂ ਕੀਤੀ ਜਾਵੇਗੀ।

(ੲ) ਮਜ਼ਦੂਰਾਂ ਨੂੰ ਉਨ੍ਹਾਂ ਦੀ ਦਿਹਾੜੀ ਸਮੇਂ ਸਿਰ ਮਿਲੇ ਇਸ ਲਈ ਪੰਜਾਬ ਸਰਕਾਰ ਵੱਲੋਂ Delay Compensation System ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਹਰ ਇੱਕ ਅਧਿਕਾਰੀ/ਕਰਮਚਾਰੀ ਦੇ ਕੰਮ ਕਰਨ ਦਾ ਸਮਾਂ ਅਵਧੀ ਨੂੰ ਨਿਸ਼ਚਿਤ ਕੀਤਾ ਗਿਆ ਹੈ। ਸਮੇਂ ਸਿਰ ਪੈਸੇ ਜਾਰੀ ਕਰਨ ਦਾ ਮਾਮਲਾ ਭਾਰਤ ਸਰਕਾਰ ਨਾਲ ਵੀ ਟੇਕ-ਅੱਪ ਕੀਤਾ ਜਾਂਦਾ ਰਿਹਾ ਹੈ।

--------

# MATTERS RAISED DURING ZERO HOUR AND STATEMENT BY THE CHIEF MINISTER THEREON

(ਇਸ ਸਮੇਂ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਕੀ ਸਾਰੇ ਹੀ ਬੋਲੋਂਗੇ? ਖਹਿਰਾ ਸਾਹਿਬ, ਤੁਸੀਂ ਬੋਲੋ ....(ਵਿਘਨ)... ਬਾਕੀ ਤੁਸੀਂ ਵੀ ਬੋਲੋਗੇ, ਬੋਲੋਗੇ। ਖਹਿਰਾ ਸਾਹਿਬ, ਤੁਸੀਂ ਬੋਲੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਸਰਕਾਰ ਦੇ ਧਿਆਨ ਵਿੱਚ ਬਠਿੰਡਾ ਥਰਮਲ ਪਲਾਂਟ ਔਰ ਰੋਪੜ ਥਰਮਲ ਪਲਾਂਟ ਦਾ ਮਾਮਲਾ ਲਿਆਉਣਾ ਚਾਹੁੰਦਾ ਹਾਂ। ਸਰਕਾਰ ਨੇ ਗੁਰੂ ਨਾਨਕ ਥਰਮਲ ਪਲਾਂਟ, ਬਠਿੰਡਾ ਦੇ ਚਾਰ ਯੂਨਿਟ ਸ਼ੱਟ-ਡਾਊਨ ਕਰਨ ਦਾ ਫੈਸਲਾ ਲੈ ਲਿਆ ਹੈ ਅਤੇ ਰੋਪੜ ਦੇ ਦੋ ਯੂਨਿਟਾਂ ਨੂੰ ਬੰਦ ਕਰਨ ਦਾ ਫੈਸਲਾ ਲਿਆ ਹੈ। ਮੈਂ ਬਠਿੰਡੇ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ ਕਿ ਉੱਥੇ ਯੂਨਿਟਾਂ ਦੀ ਹੁਣੇ ਰੈਨੋਵੇਸ਼ਨ ਕੀਤੀ ਹੈ ਜਿਸ ਉਤੇ ਗੌਰਮਿੰਟ ਆਫ ਇੰਡੀਆ ਨੇ 750 ਕਰੋੜ ਰੁਪਿਆ ਖਰਚ ਕੀਤਾ ਹੈ ਜੀ, ਇਹ ਬਠਿੰਡਾ ਦਾ ਥਰਮਲ ਪਲਾਂਟ 2025 ਤੱਕ ਚੱਲਣਯੋਗ ਹੈ। ਇਨ੍ਹਾਂ ਦੋਨਾਂ ਥਰਮਲ ਪਲਾਂਟਾਂ ਵਿੱਚ ਲਗਭਗ 2200 ਦੇ ਕਰੀਬ ਰੈਗੂਲਰ ਔਰ ਕੰਟਰੈਕਚੂਅਲ ਵਰਕਰਜ਼ ਕੰਮ ਕਰਦੇ ਹਨ। ਇਸ ਤਰ੍ਹਾਂ ਇੰਨੀ ਗਿਣਤੀ ਵਿੱਚ ਇਨ੍ਹਾਂ ਦੇ ਪਰਿਵਾਰ ਇਫੈਕਟ ਹੋਏ ਹਨ। ਉਹ ਅੱਜ ਤੱਕ ਧਰਨਿਆਂ ਤੇ ਬੈਠੇ ਹਨ । ਕਾਂਗਰਸ ਪਾਰਟੀ ਨੇ ਆਪਣੇ ਇਲੈਕਸ਼ਨ ਮੈਨੀਫੈਸਟੋ ਵਿੱਚ ਇਹ ਜ਼ਿਕਰ ਕੀਤਾ ਸੀ ਕਿ ਬਠਿੰਡੇ ਦਾ ਥਰਮਲ ਪਲਾਂਟ ਜਾਂ ਕੋਈ ਵੀ ਸਰਕਾਰੀ ਥਰਮਲ ਪਲਾਂਟ ਬੰਦ ਨਹੀਂ ਕੀਤਾ ਜਾਵੇਗਾ । ਜਦੋਂ ਪਿਛਲੀ ਸਰਕਾਰ ਨੇ ਪ੍ਰਾਈਵੇਟ ਸੈਕਟਰ ਵਿੱਚ ਪ੍ਰਾਈਵੇਟ ਪਲੇਅਰਜ਼ ਦੇ ਥਰਮਲ ਪਲਾਂਟ ਲਗਾਏ ਸੀ ਤਾਂ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਕੰਡੈਮ ਕੀਤਾ ਸੀ ਅਤੇ ਕਿਹਾ ਸੀ ਕਿ ਸਾਡੀ ਸਰਕਾਰ ਬਣਨ ਤੇ ਜਿਹੜੇ ਪਾਵਰ ਪਰਚੇਜ਼ ਐਗਰੀਮੈਂਟ ਕੀਤੇ ਹਨ, ਉਹ ਸਾਰੇ ਰਿਵਿਊ ਕਰਾਂਗੇ ਕਿਉਂਕਿ ਉਨ੍ਹਾਂ ਨੂੰ ਬਿਜਲੀ ....

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇੱਕ ਮਿੰਟ ਜੀ, ਹੱਦ ਹੋ ਗਈ। ਇਹ 2500 ਪਰਿਵਾਰਾਂ ਦਾ ਮਸਲਾ ਹੈ।

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਉਹ ਪ੍ਰਾਈਵੇਟ ਪਾਵਰ ਪਰਚੇਜ਼ ਦੇ ਜਿਹੜੇ ਐਗਰੀਮੈਂਟ ਸੀ ਉਨ੍ਹਾਂ ਮੁਤਾਬਿਕ ਪੰਜਾਬ ਸਰਕਾਰ ਉਨ੍ਹਾਂ ਨੂੰ ਖੜ੍ਹਿਆਂ ਨੂੰ ਵੀ ਬਹੁਤ ਪੈਸਾ ਦੇ ਰਹੀ ਹੈ .....

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਉਸ ਤੋਂ ਇਲਾਵਾ ਜਦੋਂ ਸਰਕਾਰ ਬਣ ਗਈ ਤਾਂ ਮੁੜ ਕੇ ਕਿਸੇ ਨੇ ਪੀ.ਪੀ.ਏ. ਰਿਵਿਊ ਤਾਂ ਕੀ ਕਰਨੀ ਸੀ ਬਲਕਿ ਸੈਟਿੰਗ ਹੀ ਹੋ ਗਈ ਜੀ .....

**ਮਾਨਯੋਗ ਸਪੀਕਰ** : ਹਾਂ ਜੀ, ਸਰਦਾਰ ਲਖਬੀਰ ਸਿੰਘ ਲੋਧੀਨੰਗਲ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਉਲਟਾ ਸਰਕਾਰੀ ਥਰਮਲ ਪਲਾਂਟ ਬੰਦ ਕਰ ਦਿੱਤੇ ....

**ਮਾਨਯੋਗ ਸਪੀਕਰ** : ਖਹਿਰਾ ਜੀ, ਤੁਸੀਂ ਬੈਠੋ, ਹਾਂ ਜੀ, ਲੋਧੀਨੰਗਲ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇਹ ਬਹੁਤ ਮੰਦਭਾਗਾ ਫੈਸਲਾ ਹੈ ....(ਵਿਘਨ)....

**ਮਾਨਯੋਗ ਸਪੀਕਰ** : ਬੋਲ ਲੈਣਾ, ਬੋਲ ਲੈਣਾ।ਪਹਿਲਾਂ ਜ਼ਰਾ ਲੋਧੀਨੰਗਲ ਸਾਹਿਬ ਨੂੰ ਬੋਲ ਲੈਣ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇਹ ਫਾਈਨਾਂਸ ਮਨਿਸਟਰ ਸਾਹਿਬ ਦਾ ਇਲਾਕਾ ਹੈ ....(ਵਿਘਨ)...

**ਮਾਨਯੋਗ ਸਪੀਕਰ** : ਲੋਧੀਨੰਗਲ ਸਾਹਿਬ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ** : ਜਨਾਬ, ਇਸ ਨੂੰ (ਮਾਈਕ) ਚਲਾ ਦਿਓ। ਸਪੀਕਰ ਸਾਹਿਬ, ਬਹੁਤ ਮਿਹਰਬਾਨੀ...

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ ....(ਵਿਘਨ)...

**ਮਾਨਯੋਗ ਸਪੀਕਰ** : ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ। It is not binding on the Government during Zero Hour to make a reply. You have raised an issue. ਹਾਂ ਜੀ, ਲੋਧੀਨੰਗਲ ਸਾਹਿਬ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ** : ਕਿਰਪਾ ਕਰਕੇ ਮੈਨੂੰ ਵੀ ਗੱਲ ਕਰ ਲੈਣ ਦਿਓ। ਸਾਰਾ ਸੈਸ਼ਨ ਉਸ ਤਰ੍ਹਾਂ ਹੀ ਲੰਘ ਗਿਆ, ਸਿਰਫ ਦੋ-ਚਾਰ ਬੰਦਿਆਂ ਦੇ ਬੋਲ-ਬੁਲਾਰੇ ਸੁਣ ਕੇ ਘਰ ਨੂੰ ਵਾਪਸ ਚੱਲੇ ਹਾਂ । ਇੱਕ ਬੜੀ ਵਧੀਆ ਫਾਈਲ ਐਫ.ਐਮ. ਸਾਹਿਬ ਨੇ ਦੇ ਦਿੱਤੀ ਹੈ, ਇਹ ਜਾ ਕੇ ਘਰ ਦਿਖਾਉਣੀ ਹੈ। ਮੈਂ, ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ 117 ਮੈਂਬਰ ਹਨ, ਇਹ ਚੈੱਕ ਕੀਤਾ ਜਾਵੇ ਕਿ ਕਿੰਨੇ ਮੈਂਬਰਾਂ ਨੂੰ ਵਾਰ-ਵਾਰ ਬੋਲਣ ਦਾ ਟਾਈਮ ਮਿਲਿਆ ਹੈ ਅਤੇ ਕਿੰਨੇ ਮੈਂਬਰ ਉਸੇ ਤਰ੍ਹਾਂ ਹੀ ਵਾਪਸ ਚੱਲੇ ਹਨ। (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਥੰਪਿੰਗ) ਜੇ ਉਨ੍ਹਾਂ ਨੂੰ ਟਾਈਮ ਨਹੀਂ ਦੇਣਾ ਤਾਂ ਉਹ ਮੈਂਬਰ ਸੱਦੇ ਨਾ ਜਾਣ, ਘੱਟੋ ਘੱਟ ਉਨ੍ਹਾਂ ਦੇ ਆਉਣ ਜਾਣ ਦਾ ਸਰਕਾਰ ਤੇ ਖਰਚਾ ਹੀ ਨਾ ਪਵੇ ਜਾਂ ਕੋਈ ਸਿਸਟਮ ਬਣਾਇਆ ਜਾਵੇ। ਅਸੀਂ ਵੀ ਆਪਣੇ ਹਲਕੇ ਵਿੱਚੋਂ ਆਏ ਹਾਂ। ਅਸੀਂ ਵੀ ਗੱਲ ਕਰਨੀ ਹੈ। ਕਿਸੇ ਕਿਸਮ ਦਾ ਕਿਸੇ ਬੰਦੇ ਨੂੰ ਬੋਲਣ ਲਈ ਟਾਈਮ ਹੀ ਨਹੀਂ ਮਿਲ ਰਿਹਾ।

**ਮਾਨਯੋਗ ਸਪੀਕਰ** : ਚਲੋ, ਪਲੀਜ਼, ਤੁਸੀਂ ਗੱਲ ਕਰੋ। ਪਲੀਜ਼ ਗੱਲ ਕਰੋ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ** : ਮੈਂ ਸਮਝਦਾ ਹਾਂ ਕਿ ਬਟਾਲਾ ਇੰਪਾਰਟੈਂਟ ਹਲਕਾ ਹੈ।

**ਮਾਨਯੋਗ ਸਪੀਕਰ** : ਤੁਸੀਂ ਕੋਈ ਗੱਲ ਕਰਨੀ ਹੈ ?

**ਸਰਦਾਰ ਲਖਬੀਰ ਸਿੰਘ ਲੋਧੀਨੰਗਲ** : ਸਾਡੀਆਂ ਇੰਨੀਆਂ ਵੱਡੀਆਂ ਸਮੱਸਿਆਵਾਂ ਹਨ ਜੀ। ਸ਼ਹਿਰ ਦੇ ਪੁਲ ਸਾਰੇ ਢੱਠ ਗਏ ਹਨ। ਉਥੇ ਕੁਰੱਪਸ਼ਨ ਇੰਨੀ ਹੈ, ਸਾਰੀ ਕਮੇਟੀ ਜਿਹੜੀ ਹੈ, ਉਹ ਇਸ ਵੇਲੇ ਪੰਜਾਬ ਸਰਕਾਰ ਅਤੇ ਹਿੰਦੁਸਤਾਨ ਦੀ ਰਲ ਕੇ ਬਣੀ ਹੈ । ਕਰੋੜਾਂ ਰੁਪਿਆ ਉਥੇ ਖਾਧਾ ਗਿਆ ਹੈ। ਜਿਹੜੀ ਵਿਜੀਲੈਂਸ ਇਨਕੁਆਇਰੀ ਚੱਲ ਰਹੀ ਸੀ, ਉਹ ਠੰਡੇ ਬਸਤੇ ਵਿੱਚ ਪੈ ਗਈ ਹੈ। ਲੋਕ ਤਰਾਹ ਤਰਾਹ ਕਰ ਰਹੇ ਹਨ। ਉੱਥੇ ਗੰਦ ਦੇ ਢੇਰ ਲੱਗੇ ਹੋਏ ਹਨ ਐਂਰ ਸਾਨੂੰ ਇੱਥੇ ਆ ਕੇ ਬੋਲਣ ਦਾ ਮੌਕਾ ਨਹੀਂ ਦਿੱਤਾ ਜਾਂਦਾ..

**ਮਾਨਯੋਗ ਸਪੀਕਰ** : ਚਲੋ, ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਜੀ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ** : ਮੈਂ ਬੇਨਤੀ ਕਰਦਾ ਹਾਂ ਕਿ ਇਸ ਉਤੇ ਸਪੈਸ਼ਲ ਧਿਆਨ ਦਿੱਤਾ ਜਾਵੇ (ਵਿਘਨ)(ਸ਼ੋਰ)

**ਮਾਨਯੋਗ ਸਪੀਕਰ** : ਤੁਹਾਡਾ ਇੱਕ ਮੈਂਬਰ ਬੋਲ ਲਿਆ ਹੈ (ਵਿਘਨ) ਹਾਂ ਜੀ, ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ। ਲੋਧੀਨੰਗਲ ਜੀ, ਤੁਸੀਂ ਜ਼ਰਾ ਬੈਠੋ।

**ਸ਼੍ਰੀ ਐਨ.ਕੇ. ਸ਼ਰਮਾ** : ਸਪੀਕਰ ਸਾਹਿਬ .....

**ਮਾਨਯੋਗ ਸਪੀਕਰ** : ਸ਼ਰਮਾ ਜੀ, ਆਹ ਦੇਖੋ, ਲੋਧੀਨੰਗਲ ਸਾਹਿਬ ਕੀ ਕਹਿੰਦੇ ਹਨ ਤੁਸੀਂ ਵਾਰ ਵਾਰ ਉਠੀ ਜਾਂਦੇ ਹੋ। (ਵਿਘਨ).... ਹਾਂ ਜੀ, ਸਰਦਾਰ ਹਰਪ੍ਰਤਾਪ ਸਿੰਘ ਜੀ।

**ਸਰਦਾਰ ਹਰਪ੍ਰਤਾਪ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਇੱਕ ਬਹੁਤ ਹੀ ਜ਼ਰੂਰੀ ਮਸਲਾ ਹੈ, ਜਿਸ ਬਾਰੇ ਮੈਂ ਬੇਨਤੀ ਕਰਨੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਦੇ ਅੱਗੇ ਇੱਕ ਸਵਾਲ ਵੀ ਪਾਉਣਾ ਹੈ ਅਤੇ ਇੱਕ ਬੇਨਤੀ ਵੀ ਕਰਨੀ ਹੈ। ਸਾਡੇ ਸ਼ੂਗਰ ਮਿੱਲ ਅਜਨਾਲਾ ਇਸ ਵੇਲੇ ਬਹੁਤ ਮੁਸ਼ਕਲ ਵਿੱਚ ਫਸੀ ਹੋਈ ਹੈ। ਪਹਿਲਾਂ ਮੈਂ, ਸਰਦਾਰ ਮਨਪ੍ਰੀਤ ਬਾਦਲ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ 7 ਕਰੋੜ 3 ਲੱਖ 9000 ਰੁਪਿਆ ਕੱਲ੍ਹ ਦੀ ਤਰੀਕ ਵਿੱਚ ਪਾਇਆ ਹੈ, ਉਸ ਨਾਲ ਸਾਲ 2016-17 ਦਾ ਸਾਡਾ ਜਿਹੜਾ ਸਾਰਾ ਬਕਾਇਆ ਸੀ, ਉਹ ਸਾਰਾ ਕਿਸਾਨਾਂ ਦੇ ਖਾਤਿਆਂ ਵਿੱਚ ਚਲਿਆ ਗਿਆ ਹੈ। ਇਸ ਲਈ ਤੁਹਾਡਾ ਧੰਨਵਾਦ ਹੈ ਲੇਕਿਨ ਸਾਰਿਆਂ ਨਾਲੋਂ ਵੱਡੀ ਗੱਲ ਹੈ...(ਵਿਘਨ).

**ਮਾਨਯੋਗ ਸਪੀਕਰ** : ਚਲੋ, ਬੈਠੋ, ਬੈਠੋ, ਬੈਠੋ।

**ਸਰਦਾਰ ਹਰਪ੍ਰਤਾਪ ਸਿੰਘ** : ਸਰ, ਸਵਾਲ ਹੈ, ਸਵਾਲ ਪਾ ਲੈਣ ਦਿਉ। ਸਪੀਕਰ ਸਾਹਿਬ, ਬਹੁਤ ਜ਼ਰੂਰੀ ਗੱਲ ਹੈ ਕਿ ਇਸ ਵੇਲੇ ਸਾਡਾ 2000 ਏਕੜ ਗੰਨਾ ਖੜ੍ਹਾ ਹੈ। ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਇਨ੍ਹਾਂ ਦੇ ਕੋਲ ਕੋਆਪਰੇਟਿਵ ਮਹਿਕਮਾ ਵੀ ਹੈ। ਸਾਨੂੰ 15 ਤਰੀਕ ਤੱਕ ਸ਼ੂਗਰ ਮਿੱਲ ਚਲਾਉਣ ਦਾ ਮੌਕਾ ਮਿਲਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਘੱਟੋ-ਘੱਟ 10 ਦਿਨ ਹੋਰ ਮਿਲਣ ਤਾਂ ਸਾਡਾ 2000 ਏਕੜ ਗੰਨਾ ਪੀੜਿਆ ਜਾ ਸਕੇਗਾ...

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਰਾਣਾ ਗੁਰਜੀਤ ਸਿੰਘ ਜੀ। ਪਲੀਜ਼, ਬਾਕੀ ਤੁਸੀਂ ਸਾਰੇ ਬੈਠੋ। ਹਾਂ ਜੀ, ਰਾਣਾ ਗੁਰਜੀਤ ਸਿੰਘ ਜੀ, ਬਾਕੀ ਤੁਸੀਂ ਸਾਰੇ ਬੈਠੋ। ਤੁਸੀਂ ਸਾਰੇ ਬਹੁਤ ਬੋਲ ਲਏ ਹੋ। ਪਲੀਜ਼ ਬੈਠੋ, ਰਾਣਾ ਗੁਰਜੀਤ ਸਿੰਘ ਜੀ, ਰਾਣਾ ਗੁਰਜੀਤ ਸਿੰਘ ਜੀ (ਵਿਘਨ)(ਸ਼ੋਰ)

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਕੱਲ੍ਹ ਮੈਨੂੰ ਹਾਊਸ ਵਿਚ ਵਾਅਦਾ ਕੀਤਾ ਸੀ ਕਿ ਤੁਹਾਨੂੰ ਬੋਲਣ ਦਾ ਮੌਕਾ ਦਿਆਂਗਾ। ਹੱਥ ਜੋੜ ਕੇ ਤੁਹਾਡਾ ਬਹੁਤ ਬਹੁਤ ਧੰਨਵਾਦ। ਦੇਖੋ ਗੱਲ ਇਹ ਹੈ ਕਿ ਮੇਰੇ ਤੇ ਐਲੀਗੇਸ਼ਨ ਲੱਗਿਆ ਤਾਂ ਮੈਂ ਸੱਤ-ਅੱਠ ਮਹੀਨੇ ਨਹੀਂ ਬੋਲਿਆ। ਮੈਂ ਬੜੀ ਲੰਮੀ ਰੱਸੀ (ਢਿੱਲ੍ਹ) ਦਿੱਤੀ। ਲੇਕਿਨ ਲੀਡਰ ਆਫ ਦਿ ਆਪੋਜ਼ੀਸ਼ਨ..

**ਮਾਨਯੋਗ ਸਪੀਕਰ :** ਤੁਸੀਂ ਇਨ੍ਹਾਂ ਦੀ ਗੱਲ ਛੱਡੋ, ਤੁਸੀਂ ਆਪਣੀ ਗੱਲ ਕਰੋ।

**ਰਾਣਾ ਗੁਰਜੀਤ ਸਿੰਘ :** ਚਲੋ, ਇਨ੍ਹਾਂ ਨੂੰ ਹੱਕ ਵੀ ਹੈ ਕਿ ਭਖਦੇ ਮਸਲਿਆਂ ਉਤੇ ਇਨ੍ਹਾਂ ਵੱਲੋਂ ਇੱਥੇ ਗੱਲ ਕੀਤੀ ਜਾਵੇ । ਲੇਕਿਨ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਕਿ ਜਦੋਂ ਵੀ ਇਹ ਉਠਦੇ ਹਨ ਤਾਂ ਕਹਿੰਦੇ ਹਨ ਲੈਂਡ ਮਾਫੀਆ, ਲੈਂਡ ਮਾਫੀਆ। ਬਈ, ਲੈਂਡ ਮਾਫੀਆ ਕਹਿੰਦੇ ਕਿਸ ਨੂੰ ਹਨ? ਜਿਹੜਾ ਕਿਸੇ ਦੀ ਜਾਇਦਾਦ, ਜ਼ਮੀਨ ਉਤੇ ਅੱਖ ਰੱਖੇ, ਜਿਹੜਾ ਕਿਸੇ ਦੀ ਕੋਠੀ ਤੇ ਅੱਖ ਰੱਖੇ । ਵੀਰੋ, ਮੇਰਿਉ, ਲੈਂਡ ਮਾਫੀਆ ਇਹ ਹਨ (ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ) ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਮੈਨੂੰ ਐਕਸਪਲੇਨ ਕਰ ਲੈਣ ਦਿਉ। ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਮੇਰੇ ਨਾਲ ਅੱਖ ਤਾਂ ਮਿਲਾ ਲਵੋ, ਇੰਨੇ ਗੁੱਸੇ ਹੋ?

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ ਬੈਠੇ) :** ਮੈਂ ਪੂਰਾ ਜਵਾਬ ਦਿਆਂਗਾ। ਤੁਸੀਂ ਬੋਲੋ, ਬੋਲੋ।

**ਰਾਣਾ ਗੁਰਜੀਤ ਸਿੰਘ :** ਦੇ ਲੈਣਾ। ਦੇਖੋ, ਲੈਂਡ ਮਾਫੀਆ ਉਸ ਨੂੰ ਕਹਿੰਦੇ ਹਨ ਜਿਹੜਾ ਸਰਕਾਰੀ ਜ਼ਮੀਨ ਉਤੇ ਕਬਜ਼ਾ ਕਰੇ । ਇਨ੍ਹਾਂ ਨੇ ਭੋਗਪੁਰ ਦੇ ਵਿਚ ਇਰੀਗੇਸ਼ਨ ਵਿਭਾਗ ਦੀ ਜ਼ਮੀਨ ਨਜਾਇਜ਼ ਤਰੀਕੇ ਨਾਲ ਘੁਮਾ ਕੇ ਆਪਣੇ ਨਾਂ ਕਰਵਾਈ ਹੈ ਲੇਕਿਨ ਅੱਜ ਉਹ ਪੱਕੀ ਹੋ ਗਈ ਕਿਉਂਕਿ ਕਰਵਾਇਆਂ ਪੰਦਰਾਂ ਵੀਹ ਸਾਲ ਹੋ ਗਏ ਹਨ।

(**ਇੱਕ ਅਵਾਜ਼**: ਆਦਮਪੁਰ )

**ਰਾਣਾ ਗੁਰਜੀਤ ਸਿੰਘ :** ਆਦਮਪੁਰ, ਕੁਰੈਕਸ਼ਨ ਕਰ ਦਿੱਤੀ। Thank you. ਇਸ ਦਾ ਮਤਲਬ ਹੈ ਕਿ ਗਵਾਹ ਨਾਲ ਤਿਆਰ ਹੋ ਗਿਆ ਹੈ।

**ਮਾਨਯੋਗ ਸਪੀਕਰ :** ਚਲੋ।

**ਰਾਣਾ ਗੁਰਜੀਤ ਸਿੰਘ :** ਇਸ ਸੱਜਣ ਨੇ 1995 ਵਿਚ ਮੈਨੂੰ ਇਕ ਕੋਠੀ ਵੇਚੀ, ਮੇਰੀ ਵਾਈਫ ਦੇ ਨਾਂ ਪਾਵਰ ਆਫ ਅਟਾਰਨੀ ਔਰ ਸੇਲ ਡੀਡ ਬਣਵਾਈ, ਮੇਰੇ ਸਕੇ ਭਰਾ ਨੂੰ ਪਾਵਰ ਆਫ ਅਟਾਰਨੀ ਦਿੱਤੀ, ਕੀ ਉਹ ਲੀਗਲ ਸੀ? ਕੀ ਉਹ ਕੇਸ ਲੜਨਗੇ? (ਵਿਘਨ) ਵਿਧਾਨ ਸਭਾ ਵਿੱਚ ਕਹਿਣ ਦੀ ਗੱਲ ਹੀ ਹੈ (ਵਿਘਨ) ਇਹ ਪੰਜਾਬ ਦਾ ਮਸਲਾ ਹੈ (ਵਿਘਨ)(ਸ਼ੋਰ) ਮੈਂ ਦੱਸਦਾ ਹਾਂ ਕਿ ਤੁਹਾਡਾ ਲੀਡਰ ਆਫ ਦਿ ਆਪੋਜ਼ੀਸ਼ਨ ਕਿਸ ਤਰ੍ਹਾਂ ਦਾ ਹੈ? ਸਪੀਕਰ ਸਾਹਿਬ, ਇਸੇ ਤਰ੍ਹਾਂ......

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ..

**ਮਾਨਯੋਗ ਸਪੀਕਰ :** ਕਾਹਦੇ ਬਾਰੇ, ਉਨ੍ਹਾਂ ਨੇ ਕਿਹਾ ਕੀ ਹੈ?

**ਰਾਣਾ ਗੁਰਜੀਤ ਸਿੰਘ :** ਸੁਣ ਲਵੋ। ਕੇਸ ਸੁਪਰੀਮ ਕੋਰਟ ਤੱਕ ਗਿਆ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇਹ ਕੇਸ ਹਾਈ ਕੋਰਟ ਵਿਚ ਹੈ, ਸਬ-ਜੁਡਿਸ ਹੈ ਜੀ। (ਵਿਘਨ)(ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਤੇ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਇਹ ਮਾਮਲਾ ਸਬ-ਜੁਡਿਸ ਹੈ ਜੀ। ਪਲੀਜ਼ ਕਿਸੇ ਅਦਾਲਤ ਦੇ ਮਸਲੇ ਦੀ ਗੱਲ ਨਾ ਕਰੋ। ਅਦਾਲਤਾਂ ਦੀ ਗੱਲ ਨਾ ਕਰੋ।

**ਰਾਣਾ ਗੁਰਜੀਤ ਸਿੰਘ :** ਮੈਂ ਅਦਾਲਤ ਤੱਕ ਨਹੀਂ ਪਹੁੰਚਾਗਾਂ। ਅਦਾਲਤ ਦਾ ਨਾਂ ਵੀ ਨਹੀਂ ਲਵਾਂਗਾ।(ਵਿਘਨ)

**ਮਾਨਯੋਗ ਸਪੀਕਰ :** ਤੁਹਾਡੀ ਗੱਲ ਹੋ ਗਈ ਹੈ। (ਵਿਘਨ)

**ਰਾਣਾ ਗੁਰਜੀਤ ਸਿੰਘ :** ਅਦਾਲਤ ਦਾ ਨਾਂ ਨਹੀਂ ਲਵਾਂਗਾ। ਸਾਡਾ ਐਗਰੀਮੈਂਟ ਹੋ ਗਿਆ। ਮੈਨੂੰ ..

**ਸਰਦਾਰ ਸੁਖਪਾਲ ਸਿੰਘ ਖਹਿਰਾ :** ਇਹ ਮਸਲਾ ਅਦਾਲਤ ਵਿਚ ਹੈ ਕਿ ਨਹੀਂ, ਤੁਸੀਂ ਇਹ ਦੱਸੋ? ਇਸ ਦੀ 25 ਮਈ ਤਰੀਕ ਲੱਗੀ ਹੋਈ ਹੈ...(ਵਿਘਨ)(ਸ਼ੋਰ)

**ਰਾਣਾ ਗੁਰਜੀਤ ਸਿੰਘ :** ਉਹ ਛੱਡ ਦਿਉ। (ਵਿਘਨ)(ਸ਼ੋਰ) ....ਪੈਸੇ ਲੈ ਕੇ ।

**ਮਾਨਯੋਗ ਸਪੀਕਰ :** ਬੈਠੋ ਹੁਣ, ਪਲੀਜ਼, ਬੈਠੋ। ਪਲੀਜ਼ ਬੈਠੋ। ਪਲੀਜ਼ ਬੈਠੋ। ਪਲੀਜ਼ ਬੈਠੋ। ਪਲੀਜ਼ ਬੈਠੋ। ਅੱਗੇ ਕਾਲ ਅਟੈਨਸ਼ਨ ਲੈਣੀ ਹੈ। ਕਾਲ ਅਟੈਨਸ਼ਨ ਸਰਦਾਰ ਅਮਰਜੀਤ ਸਿੰਘ ਸੰਦੋਆ। ਬੈਠੋ, ਬੈਠੋ। ਹੁਣ ਬੈਠੋ।

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਤੇ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਹੁਣ ਬੈਠੋ। ਹਾਂ ਜੀ, ਮਜੀਠੀਆ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ,

**Mr. Speaker:** Thank you, ਸਾਰੇ ਨਾ ਬੋਲੋ, ਸਾਰੇ ਨਾ ਬੋਲੋ। (ਵਿਘਨ)(ਸ਼ੋਰ) ਰਾਣਾ ਸਾਹਿਬ, ਕੁਝ ਰਹਿ ਗਿਆ? (ਵਿਘਨ) ਤੁਹਾਡੀ ਗੱਲ ਤਾਂ ਹੋ ਗਈ ਹੈ?

**ਰਾਣਾ ਗੁਰਜੀਤ ਸਿੰਘ :** ਮੈਂ ਕਹਿੰਦਾ ਹਾਂ ਕਿ ਨਹੀਂ ਹੋਈ..

**ਮਾਨਯੋਗ ਸਪੀਕਰ :** ਚਲੋ, ਕੀ ਕਹਿਣਾ ਹੈ, ਦੱਸੋ।ਦੱਸੋ, ਕੀ ਕਹਿਣਾ ਹੈ ਤੁਸੀਂ? ਦੱਸੋ, ਦੱਸੋ, ਦੱਸੋ ਜੀ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਹ ਬੰਦਾ ਆਕੜਦਾ ਹੈ ਔਰ ਪੈਰ੍ਹਾਂ ਵਿਚ ਪੈਂਦਿਆਂ ਦੋ ਮਿੰਟ ਲਗਾਉਂਦਾ ਹੈ (ਵਿਘਨ)(ਸ਼ੋਰ) ਮੈਂ ਕਹਿੰਦਾ ਹਾਂ ਕਿ ਸਾਲ 2006..

**ਮਾਨਯੋਗ ਸਪੀਕਰ :** ਇਹ ਪਰਸਨਲ ਗੱਲਾਂ ਹਨ, ਇਨ੍ਹਾਂ ਨੂੰ ਤੁਸੀਂ ਛੱਡੋ, ਇਹ ਨਿੱਜੀ ਗੱਲਾਂ ਹਨ।

**ਰਾਣਾ ਗੁਰਜੀਤ ਸਿੰਘ :** ਸਾਲ 2006 ਦੀ ਗੱਲ ਹੈ। ਸੁੱਖੀ ਰੰਧਾਵਾ ਜੀ ਉਹ ਦਾਸਤਾਨ ਦੱਸਣਗੇ। ਜ਼ਰਾ ਸੁੱਖੀ ਜੀ ਦਾ ਸਪੀਕਰ ਆਨ ਕਰੋ। ਉਠੋ, ਰੰਧਾਵਾ ਜੀ।(ਵਿਘਨ) ਸੁੱਖੀ ਜੀ, ਜਿਹੜਾ ਤੁਸੀਂ ਸਮਝੌਤਾ ਕਰਵਾਇਆ ਸੀ, ਉਸ ਬਾਰੇ ਦੱਸੋ, ਇਨ੍ਹਾਂ ਨੇ ਮਿੰਨਤਾਂ ਕੀਤੀਆਂ ਸੀ ਕਿ ਨਹੀਂ? (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਬੈਠੋ, ਬੈਠੋ। ਪਲੀਜ਼ ਬੈਠੋ।

**ਰਾਣਾ ਗੁਰਜੀਤ ਸਿੰਘ :** ਸੁੱਖੀ ਜੀ, ਹੁਣ ਬੋਲਦੇ ਹੀ ਨਹੀਂ। ਸਪੀਕਰ ਸਾਹਿਬ, ਇਨ੍ਹਾਂ ਨੇ ਮਿੰਨਤ ਕਰਕੇ (ਵਿਘਨ) ਸੁੱਖੀ ਦੇ ਘਰ ਸਹੁੰ ਖਾ ਕੇ ਕਿਹਾ .... (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਚਲੋ, ਬੈਠੋ ਜੀ। ਹਾਂ ਜੀ, ਮਜੀਠੀਆ ਸਾਹਿਬ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਇੰਨੇ ਸ਼ੋਰ ਵਿਚ ਕਿਸ ਤਰ੍ਹਾਂ ਬੋਲਾਂ?(ਵਿਘਨ)(ਸ਼ੋਰ) ਇਨ੍ਹਾਂ ਨੂੰ ਚੁੱਪ ਤਾਂ ਕਰਵਾਉ।

**ਮਾਨਯੋਗ ਸਪੀਕਰ :** ਤੁਸੀਂ ਬੋਲਣਾ ਸ਼ੁਰੂ ਕਰ ਦਿਉ, ਇਹ ਚੁੱਪ ਹੋ ਜਾਣੇ ਹਨ। ਪਲੀਜ਼ ਤੁਸੀਂ ਬੋਲਣਾ ਸ਼ੁਰੂ ਕਰੋ। ਮਜੀਠੀਆ ਸਾਹਿਬ, ਤੁਸੀਂ ਬੋਲਣਾ ਸ਼ੁਰੂ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਸ ਵਿੱਚ ਬਹਿਸ ਰਹੇ ਸਨ। ਹਾਊਸ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਇਹ ** ** ਕਢਾ ਲਓ, ਬਾਹਰ ਲਿਜਾ ਕੇ ਕੱਢਣ। ਇਹ ਤਰੀਕਾ ਕੀ ਹੈ? ਤੁਸੀਂ ਮੇਰੀ ਗੱਲ ਵੀ ਤਾਂ ਸੁਣ ਲਓ।(ਵਿਘਨ) (ਸ਼ੋਰ) ਸਪੀਕਰ ਸਾਹਿਬ, ਮੇਰੀ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ....

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ....

**ਮਾਨਯੋਗ ਸਪੀਕਰ** : ਹੁਣ ਰਹਿ ਕੀ ਗਿਆ? ਰਾਣਾ ਜੀ, ਬੈਠੋ। ਦੱਸੋ? ਰਾਣਾ ਜੀ, ਤੁਸੀਂ ਪਰਸਨਲ ਅਟੈਕ ਨੂੰ ਛੱਡੋ।

**ਰਾਣਾ ਗੁਰਜੀਤ ਸਿੰਘ** : ** **

**ਮਾਨਯੋਗ ਸਪੀਕਰ** : ਇਹ ਸਾਰਾ ਕੁਝ ਐਕਸਪੰਜ ਕਰ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਸ ਵਿੱਚ ਬਹਿਸ ਰਹੇ ਸਨ। ਹਾਊਸ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਮਾਂ ਦੇਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**Mr. Speaker :** This is too much. ਇਹ ਐਕਸਪੰਜ ਕਰ ਦਿਓ। ਬੈਠੋ....ਬੈਠੋ...ਪਲੀਜ਼ ਬੈਠੋ। (ਵਿਘਨ) (ਸ਼ੋਰ) ਕਾਲ ਅਟੈਂਸ਼ਨ ਨੋਟਿਸ, ਸਰਦਾਰ ਅਮਰਜੀਤ ਸਿੰਘ ਸੰਦੋਆ।(ਵਿਘਨ) (ਸ਼ੋਰ) ਫੂਲਕਾ ਜੀ ਬੋਲਣਗੇ।(ਵਿਘਨ)(ਸ਼ੋਰ) ਫੂਲਕਾ ਜੀ ਨੂੰ ਬੋਲ ਲੈਣ ਦਿਓ।

**ਸਰਦਾਰ ਹਰਵਿੰਦਰ ਸਿੰਘ ਫੂਲਕਾ** : ਸਪੀਕਰ ਸਾਹਿਬ, ਜਦੋਂ ਸੈਸ਼ਨ ਛੋਟਾ ਹੋਵੇ ਤਾਂ ਜ਼ੀਰੋ ਆਵਰ ਵਿੱਚ ਟਾਈਮ ਦੇਣਾ ਚਾਹੀਦਾ ਹੈ। ਜ਼ੀਰੋ ਆਵਰ ਲੋਕਾਂ ਦੇ ਮਸਲੇ ਉਠਾਉਣ ਲਈ ਹੁੰਦਾ ਹੈ, ਪਰਸਨਲ ਨਿੱਜੀ ਮਾਮਲੇ ਉਠਾਉਣ ਲਈ ਨਹੀਂ ਹੁੰਦਾ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਠੀਕ ਹੈ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ** : ਮੈਂ ਹੁਣ ਆਪਣੀ ਗੱਲ ਨੂੰ ਘੁੰਮਾ ਲਵਾਂ। ਮੈਂ ਉਸ ਦਿਨ ਇਕ low cost module ਬਾਰੇ...

---

** Expunged as ordered by the Chair.

(ਇਸ ਸਮੇਂ ਸਦਨ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ** : ਮਜੀਠੀਆ ਜੀ, ਪਲੀਜ਼ ਬੈਠੋ, ਫੂਲਕਾ ਜੀ ਨੂੰ ਸੁਣ ਲਈਏ। (ਵਿਘਨ) (ਸ਼ੋਰ) ਫੂਲਕਾ ਜੀ ਬੋਲਣਗੇ।

**ਸਰਦਾਰ ਹਰਵਿੰਦਰ ਸਿੰਘ ਫੂਲਕਾ** : ਮੈਂ ਥੋੜ੍ਹੀ ਜਿਹੀ ਸਾਂਝੀ ਗੱਲ ਕਰ ਲਵਾਂ।(ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਪੰਜਾਬ ਦੀ ਸਾਂਝੀ ਗੱਲ ਕਰਨੀ ਹੈ।

**ਮਾਨਯੋਗ ਸਪੀਕਰ** : ਹਾਂ ਜੀ, ਕਰੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ** : ਸਪੀਕਰ ਸਾਹਿਬ, ਪਰਸੋਂ ਮੈਂ ਇੱਕ Low Cost Module ਸਿੱਖਿਆ ਅਤੇ ਸਿਹਤ ਬਾਰੇ ਦੱਸਿਆ ਸੀ। ਉਸ ਦਾ ਨਤੀਜਾ ਕੀ ਹੋਇਆ? ਇਸ ਬਾਰੇ ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੱਲ੍ਹ ਹੈਲਥ ਡਿਪਾਰਟਮੈਂਟ ਦੇ ਬੰਦੇ ਸਾਡੀਆਂ ਮੋਬਾਇਲ ਡਿਸਪੈਂਸਰੀ ਦੀਆਂ ਪਰਮਿਸ਼ਨਾਂ ਚੈੱਕ ਕਰਨ ਪਹੁੰਚ ਗਏ। ਉਹ ਕਹਿੰਦੇ ਕਿ ਇਨ੍ਹਾਂ ਦੀਆਂ ਪਰਮਿਸ਼ਨਾਂ ਦਿਖਾਓ। ਮੈਂ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਕਰਦਾ ਹਾਂ ਕਿ ਇੱਕ ਐਮ.ਡੀ.ਡਾਕਟਰ ਜਾ ਕੇ ਪਿੰਡ ਵਿੱਚ ਬੈਠ ਕੇ ਮੁਫਤ ਦਵਾਈਆਂ ਵੰਡੇ, ਇੱਕ ਐਮ.ਬੀ.ਬੀ.ਐਸ. ਜਾ ਕੇ ਮੁਫਤ ਦਵਾਈਆਂ ਵੰਡੇ, ਇਸ ਵਾਸਤੇ ਕਿਹੜੀ ਪਰਮਿਸ਼ਨ ਚਾਹੀਦੀ ਹੈ? ਮੈਂ, ਇਸੇ ਕਰਕੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਵੀ ਬੇਨਤੀ ਕਰਾਂਗਾ ਕਿ ਮੈਂ ਜਿਹੜੇ Low Cost Module ਕਹਿ ਰਿਹਾ ਹਾਂ, ਕੁਝ ਅਫਸਰ ਬਿਊਰੋਕ੍ਰੇਸੀ ਵਿੱਚ ਬੈਠੇ ਹਨ, ਜਿਨ੍ਹਾਂ ਦੇ ਕਮਿਸ਼ਨ ਮਾਰੇ ਜਾਣਗੇ। ਉਨ੍ਹਾਂ ਤੋਂ ਚੌਕੰਨੇ ਰਹੋ। ਉਨ੍ਹਾਂ ਨੂੰ ਮੁਫਤ ਦਵਾਈਆਂ ਦੀਆਂ ਡਿਸਪੈਂਸਰੀਆਂ ਚਲਾਉਂਦੇ ਛੇ ਮਹੀਨੇ ਹੋ ਗਏ ਪਰ ਜਦੋਂ ਮੈਂ ਪਰਸੋਂ ਵਿਧਾਨ ਸਭਾ ਵਿੱਚ ਕਹਿ ਦਿੱਤਾ ਤਾਂ ਫੇਰ ਉਥੇ ਅਫਸਰ ਪੁੱਛਣ ਪਹੁੰਚ ਗਏ ਕਿ ਤੁਸੀਂ ਪਰਮਿਸ਼ਨ ਕਿਸ ਤੋਂ ਲਈ ਹੈ? ਇਹ ਮੁਫਤ ਦਵਾਈਆਂ ਵੰਡਣ ਦੀ ਪਰਮਿਸ਼ਨ ਕਿਸ ਤੋਂ ਲਈ ਹੈ? ਇਹ ਮੁਫਤ ਇਲਾਜ ਕਰਨ ਦੀ ਪਰਮਿਸ਼ਨ ਕਿਸ ਤੋਂ ਲਈ ਹੈ?(ਵਿਘਨ, ਸ਼ੋਰ) ਇੱਕ ਐਮ.ਡੀ. ਡਾਕਟਰ ਪਿੰਡ ਵਿੱਚ ਬੈਠ ਕੇ ਦਵਾਈਆਂ ਦਿੰਦਾ ਹੈ...(ਵਿਘਨ, ਸ਼ੋਰ)

(ਇਸ ਸਮੇਂ ਸਦਨ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹ ਕੇ ਬਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ** : ਸਰਦਾਰ ਬਲਵਿੰਦਰ ਸਿੰਘ ਜੀ ਨੂੰ ਬੋਲ ਲੈਣ ਦਿਓ। ਉਨ੍ਹਾਂ ਨੇ ਪਹਿਲੀ ਵਾਰ ਬੋਲਣਾ ਹੈ।(ਵਿਘਨ, ਸ਼ੋਰ) ਤੁਸੀਂ ਵੀ ਬੋਲ ਲੈਣਾ। ਹਾਂ ਜੀ, ਸਰਦਾਰ ਬਲਵਿੰਦਰ ਸਿੰਘ ਜੀ। (ਵਿਘਨ) (ਸ਼ੋਰ) ਇੱਕ ਮਿੰਟ...ਇਹ ਪਹਿਲੀ ਵਾਰ ਬੋਲਣ ਲੱਗੇ ਹਨ।(ਵਿਘਨ) (ਸ਼ੋਰ) ਤੁਸੀਂ ਬਾਅਦ ਵਿੱਚ ਬੋਲ ਲੈਣਾ, ਜ਼ਰੂਰ ਬੋਲ ਲੈਣਾ।

**ਸਰਦਾਰ ਬਲਵਿੰਦਰ ਸਿੰਘ** : ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਤੁਹਾਡੀ ਮਾਰਫਤ ਅੱਜ ਪਹਿਲੀ ਵਾਰ ਦਾਸ ਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਮਿਲਿਆ ਹੈ। ਮੈਂ ਸਿਰਫ ਆਪਣੇ ਹਲਕੇ ਸਬੰਧੀ ਗੱਲ ਕਰਨੀ ਹੈ। ਜਿਨ੍ਹਾਂ ਲੋਕਾਂ ਨੇ ਅੱਜ ਸਾਨੂੰ ਚੁਣ ਕੇ ਭੇਜਿਆ ਹੈ, ਅੱਜ ਅਸੀਂ ਉਨ੍ਹਾਂ ਦੀ ਗੱਲ ਕਰਨ ਆਏ ਹਾਂ ਪਰ ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਵੱਡੇ ਵੱਡੇ ਸੀਨੀਅਰ ਲੀਡਰ

ਆਪਣੀਆਂ ਨਿੱਜੀ ਗੱਲਾਂ ਕਰਕੇ, ਨਿੱਜੀ ਦੁਸ਼ਮਣੀਆਂ ਇੱਥੇ ਕੱਢ ਰਹੇ ਹਨ।(ਆਮ ਆਦਮੀ ਪਾਰਟੀ ਵੱਲੋਂ ਥੰਪਿੰਗ) ਅੱਜ ਇਸ ਪਵਿੱਤਰ ਸਦਨ ਵਿੱਚ ਇਹ ਨਿੱਜੀ ਦੁਸ਼ਮਣੀਆਂ ਇਕੱਲੇ ਆਪਾਂ ਨਹੀਂ, ਸਾਰਾ ਹਿੰਦੁਸਤਾਨ ਹੀ ਨਹੀਂ, ਸਗੋਂ ਪੂਰਾ ਵਰਲਡ ਦੇਖ ਰਿਹਾ ਹੈ। ਅੱਜ ਸਾਨੂੰ ਲੋੜ ਹੈ ਕਿ ਅਸੀਂ ਆਪਣੇ ਪੰਜਾਬ ਨੂੰ ਕਿਸ ਤਰ੍ਹਾਂ ਤਰੱਕੀ ਤੇ ਲੈ ਕੇ ਆਉਣਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਦੂਸਰਾ ਬਜਟ ਪਾਸ ਕੀਤਾ ਹੈ, ਇਸ ਬਜਟ ਵਿਚ ਹਰ ਵਰਗ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅਸੀਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦੇ ਹਾਂ (ਵਿਘਨ)(ਸ਼ੋਰ) ਮੇਰੀ ਗੱਲ ਪੂਰੀ ਹੋ ਲੈਣ ਦਿਉ ਜੀ।

**ਮਾਨਯੋਗ ਸਪੀਕਰ :** ਤੁਸੀਂ ਆਪਣਾ ਇਸ਼ੂ ਉਠਾਉ ਜੀ। ਤੁਸੀਂ ਕੁਝ ਜ਼ੀਰੋ ਆਵਰ ਤੇ ਕਹਿਣਾ ਹੈ?

**ਸਰਦਾਰ ਬਲਵਿੰਦਰ ਸਿੰਘ :** ਹਾਂ ਜੀ, ਕਹਿਣ ਲੱਗਾ ਹਾਂ।

**ਮਾਨਯੋਗ ਸਪੀਕਰ :** ਫਿਰ ਜ਼ੀਰੋ ਆਵਰ ਤੇ ਜੇ ਕੁਝ ਕਹਿਣਾ ਚਾਹੁੰਦੇ ਹੋ ਤਾਂ ਉਹ ਕਹੋ।

**ਸਰਦਾਰ ਬਲਵਿੰਦਰ ਸਿੰਘ:** ਸਪੀਕਰ ਸਾਹਿਬ, ਸਾਡੇ ਹਲਕੇ ਦਾ ਨਾਮ ਸ੍ਰੀ ਹਰਗੋਬਿੰਦਪੁਰ ਛੇਵੇਂ ਪਾਤਸ਼ਾਹ ਦੇ ਨਾਮ ਤੇ ਰੱਖਿਆ ਗਿਆ ਹੈ। ਉਥੋਂ 45 ਸਾਲ ਬਾਅਦ ਕਾਂਗਰਸ ਪਾਰਟੀ ਦਾ ਤੁਹਾਡਾ ਇਹ ਸੇਵਾਦਾਰ ਜਿੱਤ ਕੇ ਆਇਆ ਹੈ। ਅੱਜ ਕਿਸਾਨਾਂ ਦੀ ਗੱਲ ਕੀਤੀ ਜਾ ਰਹੀ ਹੈ। ਇਹ ਭਰਾ ਬੈਠੇ ਹਨ (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਇਹ ਕਿਸਾਨਾਂ ਦੀ ਗੱਲ ਕਰਦੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹਵਾਂਗਾ....

**ਮਾਨਯੋਗ ਸਪੀਕਰ :** ਇਨ੍ਹਾਂ ਨੂੰ ਨਾ ਦੱਸੋ, ਤੁਸੀਂ ਆਪਣੀ ਗੱਲ ਕਰੋ ਜਿਹੜੀ ਜ਼ੀਰੋ ਆਵਰ ਵਿਚ ਕਰਨੀ ਹੈ।

**ਸਰਦਾਰ ਬਲਵਿੰਦਰ ਸਿੰਘ:** ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਜਿਹੜਾ ਇਨ੍ਹਾਂ ਦਾ ਲੀਡਰ ਹਮੇਸ਼ਾ ਨੁਮਾਇੰਦਗੀ ਕਰਦਾ ਰਿਹਾ.....

**ਮਾਨਯੋਗ ਸਪੀਕਰ :** ਬੈਠੋ ਜੀ। ਹਾਂ ਜੀ, ਸਰਦਾਰ ਸੰਤੋਖ ਸਿੰਘ ਜੀ, ਤੁਸੀਂ ਬੋਲੋ। (ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਕਈ ਮੈਂਬਰ ਜ਼ੀਰੋ ਆਵਰ ਦੌਰਾਨ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਇਨ੍ਹਾਂ ਨੇ ਪਹਿਲੀ ਵਾਰ ਬੋਲਣਾ ਹੈ। (ਵਿਘਨ) ਇਹ ਦੋ ਬੁਲਾਰੇ ਹਨ। ਬਾਕੀ ਸਾਰੇ ਬੈਠੋ ਜੀ।

**ਸਰਦਾਰ ਸੰਤੋਖ ਸਿੰਘ :** ਮਾਨਯੋਗ ਸਪੀਕਰ ਸਾਹਿਬ, ਜੋ ਬਿਆਸ ਦਰਿਆ ਬਾਬਾ ਬਕਾਲਾ ਸਾਹਿਬ ਵਿਚੋਂ ਦੀ ਲੰਘਦਾ ਹੈ, ਇਹ ਬਿਆਸ ਪੁਲ ਤੋਂ ਸ੍ਰੀ ਗੋਇੰਦਵਾਲ ਸਾਹਿਬ ਪੁਲ ਤੱਕ ਤਕਰੀਬਨ 3000 ਏਕੜ ਜ਼ਮੀਨ ਪੰਚਾਇਤ ਮਹਿਕਮੇ ਦੀ ਹੈ ਅਤੇ 1800 ਏਕੜ ਜ਼ਮੀਨ ਜੰਗਲਾਤ ਮਹਿਕਮੇ ਦੀ

[ਸਰਦਾਰ ਸੰਤੋਖ ਸਿੰਘ]

ਹੈ, ਜਿਸ ਵਿਚ ਹਜ਼ਾਰ ਏਕੜ ਜ਼ਮੀਨ ਵਿਚ ਜੰਗਲਾਤ ਮਹਿਕਮੇ ਨੇ ਬੂਟੇ ਲਗਾਏ ਹੋਏ ਹਨ ਔਰ ਉਥੇ 20,000 ਏਕੜ ਜ਼ਮੀਨ ਕਿਸਾਨਾਂ ਦੀ ਹੈ ਜੋ ਬਹੁਤ ਹੀ ਵਧੀਆ ਤੇ ਉਪਜਾਊ ਜ਼ਮੀਨ ਹੈ। ਮੇਰੀ ਬੇਨਤੀ ਹੈ ਕਿ ਇਹ ਜਿਹੜਾ ਦਰਿਆ ਬਿਆਸ ਹੈ, ਇਹ ਸ੍ਰੀ ਗੋਇੰਦਵਾਲ ਸਾਹਿਬ ਤੋਂ ਲੈ ਕੇ ਬਿਆਸ ਤੱਕ ਇਹ ਖਲਾਈ ਹੋਣ ਵਾਲਾ ਹੈ। ਸ੍ਰੀ ਗੋਇੰਦਵਾਲ ਸਾਹਿਬ ਪੁਲ ਦੇ ਛੇ ਦਰ ਬੰਦ ਹੋ ਚੁੱਕੇ ਹਨ। ਜੋ ਪਾਣੀ ਦਾ ਵਹਾਣ ਹੈ, ਉਹ ਸਾਰਾ ਦੂਸਰੇ ਪਾਸੇ ਨੂੰ ਹੋ ਗਿਆ ਹੈ ਜਿਸ ਵਿਚ ਤਕਰੀਬਨ ਇਕ ਹਜ਼ਾਰ ਏਕੜ ਜ਼ਮੀਨ ਜੰਗਲਾਤ ਮਹਿਕਮੇ ਦੀ ਰੁੜ੍ਹ ਗਈ ਹੈ। ਉਸ ਵਿਚ ਬੂਟੇ ਵੀ ਲੱਗੇ ਹੋਏ ਸੀ, ਉਹ ਬੂਟੇ ਵੀ ਰੁੜ੍ਹ ਗਏ ਹਨ ਔਰ ਕਿਸਾਨਾਂ ਦੀ ਜ਼ਮੀਨ ਦਾ ਤਕਰੀਬਨ 1200-1300 ਕਿੱਲਾ ਵੀ ਰੁੜ੍ਹ ਗਿਆ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਜਗ੍ਹਾ ਤੇ ਧੁੱਸੀ ਬੰਨ੍ਹ ਬਣਾਇਆ ਜਾਵੇ ਜਾਂ ਸਪੱਰ ਲਗਾਏ ਜਾਣ ਤਾਂ ਜੋ ਜਿਹੜੀ ਕਿਸਾਨਾਂ ਦੀ ਅਤੇ ਸਰਕਾਰੀ ਜ਼ਮੀਨ ਹੈ, ਉਸ ਨੂੰ ਬਚਾਇਆ ਜਾ ਸਕੇ।

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ। (ਵਿਘਨ) (ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਬਹੁਤ ਵੱਡਾ ਮਸਲਾ ਹੈ ਜੋ ਕਿ ਪੰਜਾਬ ਦੇ ਤਮਾਮ ਟਰੱਕ ਆਪਰੇਟਰਾਂ ਨਾਲ ਜੁੜਿਆ ਹੋਇਆ ਹੈ। ਕੱਲ੍ਹ ਮੇਰੇ ਬਾਰ ਦੇ ਵਿਚ ਮੁਕਤਸਰ ਸਾਹਿਬ ਦੇ ਟਰੱਕ ਆਪਰੇਟਰਾਂ ਨੇ ਧਰਨਾ ਦਿੱਤਾ। ਤੁਸੀਂ ਟਰੱਕ ਯੂਨੀਅਨਾਂ ਖਤਮ ਕਰ ਦਿੱਤੀਆਂ ਹਨ, ਇਸ ਦਾ ਕੋਈ ਰੋਸ ਨਹੀਂ। ਲੇਕਿਨ ਕੱਲ੍ਹ ਉਨ੍ਹਾਂ ਟਰੱਕ ਯੂਨੀਅਨ ਦੇ ਆਪਰੇਟਰਾਂ ਨੇ ਟੈਂਡਰ ਪਾਏ, ਉਨ੍ਹਾਂ ਤੇ ਕੈਪ ਲਗਾ ਦਿੱਤੀ ਗਈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵੱਧ ਤੋਂ ਵੱਧ 120% ਤੋਂ ਵੱਧ ਕੋਈ ਟੈਂਡਰ ਨਹੀਂ ਪਾ ਸਕਦਾ। ਜਦੋਂ ਅਸੀਂ ਟੈਂਡਰ ਪਾ ਦਿੱਤੇ, ਜੇ ਟਰੱਕ ਆਪਰੇਟਰ ਕੋਈ ਵੱਧ ਪਾਉਂਦਾ ਹੈ, ਜਦੋਂ ਟਰੱਕ ਯੂਨੀਅਨਾਂ ਟੁੱਟ ਗਈਆਂ, ਜੇ ਕਿਸੇ ਗਰੀਬ ਬੰਦੇ ਨੂੰ ਵੱਧ ਪੈਸੇ ਮਿਲਦੇ ਹਨ ਜਾਂ ਉਸ ਰਕਮ ਨਾਲ ਕੋਈ ਟਰੱਕ ਯੂਨੀਅਨ ਵਾਲਾ ਭਾਰ ਢੋਣਾ ਨਹੀਂ ਚਾਹੁੰਦਾ ਤਾਂ ਕਿਸੇ ਨੂੰ ਕੀ ਹਰਜ਼ ਹੈ? ਅੱਜ ਤੋਂ ਪੰਜ-ਸੱਤ ਸਾਲ ਪਹਿਲਾਂ ਉਨ੍ਹਾਂ ਨੂੰ ਜ਼ਿਆਦਾ ਪੈਸਾ ਮਿਲ ਰਿਹਾ ਸੀ। ਅੱਜ ਉਨ੍ਹਾਂ ਤੇ ਕੈਪ ਲਗਾ ਦਿੱਤੀ ਗਈ। ਜਦੋਂ ਕਿ ਪਹਿਲਾਂ ਕੋਈ ਕੈਪ ਨਹੀਂ ਲਗਦੀ ਸੀ। ਹੁਣ ਇਹ ਲਾਜਿਕ ਬਣਾ ਦਿੱਤਾ ਗਿਆ ਕਿ ਇਨ੍ਹਾਂ ਤੇ 120% ਤੋਂ ਵੱਧ ਕੋਈ ਟੈਂਡਰ ਨਹੀਂ ਪਾ ਸਕਦਾ। ਸੋ, ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ ਕਿ ਟਰੱਕ ਅਪਰੇਟਰਾਂ ਨਾਲ ਸਰਾਸਰ ਧੱਕਾ ਹੈ... (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਚਲੋ, ਤੁਹਾਡਾ ਇਸ਼ੂ ਆ ਗਿਆ ਹੈ ਜੀ। ਮਜੀਠੀਆ ਜੀ, ਬੋਲੋ। ਬਾਕੀ ਬੈਠ ਜਾਵੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਇਕ ਮਾਮਲਾ ਲਿਆਉਣਾ ਚਾਹੁੰਦਾ ਹਾਂ। Chief Minister Sahib, Sir, I want to kindly draw your attention to a fact, ਆਪਾਂ ਇਥੇ ਕਿਸਾਨੀ ਦੀ ਬੜੀ ਲੰਬੀ-ਚੌੜੀ ਗੱਲ ਕੀਤੀ ਹੈ। ਅੱਜਕਲ੍ਹ ਕਿਸਾਨਾਂ ਨੂੰ ਇਕ ਵੱਡੀ ਮਾਰ ਪੈ ਰਹੀ ਹੈ ਕਿ ਜਿਹੜੀਆਂ ਹਰਬੀਸਾਈਡਜ਼ ਸਪਲਾਈ ਹੋ ਰਹੀਆਂ ਹਨ, ਉਨ੍ਹਾਂ ਦੀ ਕੁਆਲਿਟੀ ਮਾੜੀ ਹੈ। They are spurious in nature, ਇਹ ਹੋ ਰਿਹਾ ਹੈ ਕਿ ਕਣਕ ਵਿੱਚ ਤਿੰਨ-ਤਿੰਨ ਅਤੇ ਚਾਰ-ਚਾਰ ਸਪਰੇਆਂ ਤੋਂ ਬਾਅਦ ਵੀ ਗੁੱਲੀ-ਡੰਡਾ ਮਰ ਨਹੀਂ ਰਿਹਾ। ਉਸ ਦੇ ਕਾਰਨ ਕਣਕ ਦੀ ਫਸਲ ਦਾ ਝਾੜ ਬਹੁਤ ਘੱਟ ਗਿਆ ਹੈ, ਇਹ ਤਕਰਬੀਨ 40% ਝਾੜ ਘੱਟ ਗਿਆ ਹੈ। I request your goodself if you can mark an

enquiry ਕਿ ਜਿਹੜੀਆਂ ਇਹ ਸਪੁਰੀਅਸ ਹਰਬੀਸਾਈਡਜ਼ ਵਿਕ ਰਹੀਆਂ ਹਨ, ਇਸ ਚੀਜ਼ ਦੇ ਖਿਲਾਫ ਐਕਸ਼ਨ ਹੋ ਜਾਵੇ ਅਤੇ ਜਿਹੜੇ ਇਨ੍ਹਾਂ ਹਰਬੀਸਾਈਡਜ਼ ਨੂੰ ਵੇਚ ਰਹੇ ਹਨ, ਉਨ੍ਹਾਂ ਦੇ ਖਿਲਾਫ ਵੀ ਐਕਸ਼ਨ ਹੋ ਜਾਵੇ ਤਾਂ ਕਿ ਕਿਸਾਨੀ ਨੂੰ ਮਾਰ ਨਾ ਪਵੇ।

**ਮਾਨਯੋਗ ਸਪੀਕਰ:** ਧੰਨਵਾਦ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਆਮ ਆਦਮੀ ਪਾਰਟੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਵਿਚ ਬੋਲਣ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਮੁੱਖ ਮੰਤਰੀ ਜੀ ਖੜ੍ਹੇ ਹਨ, ਪਲੀਜ਼ ਬੈਠੋ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ, ਜੋ ਸਾਡੇ ਮੈਂਬਰ ਸਾਹਿਬਾਨ ਨੇ spurious fertilizers, spurious pesticides, spurious herbicides ਦੀ ਗੱਲ ਕੀਤੀ ਹੈ, ਇਸ ਨਾਲ ਪੰਜਾਬ ਨੂੰ ਬੜਾ ਨੁਕਸਾਨ ਹੋਇਆ ਹੈ। ਜੋ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਕਣਕ ਦੀ ਫਸਲ ਵਿਚੋਂ ਗੁੱਲੀਡੰਡਾ ਨਹੀਂ ਮਰਦਾ, It is a regular herbicide. ਇਹ ਅੱਜ ਨਹੀਂ ਇਹ ਤਾਂ 40-50 ਸਾਲਾਂ ਤੋਂ ਚੱਲ ਰਿਹਾ ਹੈ। I have seen it being sprayed. ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ I will certainly mark an inquiry ਕਿ ਕਿਸ ਨੇ ਕੀਤਾ ਹੈ and we will deal with them strongly. (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ** : ਹਾਂ ਜੀ, ਸ਼੍ਰੀ ਦਲਵੀਰ ਸਿੰਘ ਗੋਲਡੀ ।

**ਸ਼੍ਰੀ ਦਲਵੀਰ ਸਿੰਘ ਗੋਲਡੀ:** ਸਪੀਕਰ ਸਾਹਿਬ, ਬਹੁਤ ਧੰਨਵਾਦ, ਅਵਾਜ਼ਾਂ ਮਾਰ ਮਾਰ ਕੇ ਮੇਰਾ ਤਾਂ ਗਲ ਹੀ ਖਰਾਬ ਹੋ ਗਿਆ ਹੈ ਪਰ ਫਿਰ ਵੀ ਮੈਂ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਧੂਰੀ ਤੋਂ ਸੰਗਰੂਰ ਵਿਚਾਲੇ ਇਕ ਟੋਲ ਪਲਾਜ਼ੇ ਦੀ ਗੱਲ ਕਰਦਾ ਹਾਂ ਕਿਉਂਕਿ....

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ।

**ਮਾਨਯੋਗ ਸਪੀਕਰ** :ਗੋਲਡੀ ਜੀ ਨੂੰ ਬੋਲ ਲੈਣ ਦਿਓ।

**ਸ਼੍ਰੀ ਦਲਵੀਰ ਸਿੰਘ ਗੋਲਡੀ:** ਖਹਿਰਾ ਸਾਹਿਬ, ਤੁਸੀਂ ਹਰ ਰੋਜ਼ ਬੋਲਦੇ ਹੋ, ਅੱਜ ਮੈਨੂੰ ਬੋਲ ਲੈਣ ਦਿਓ। ਮੇਰਾ ਬਹੁਤ ਜ਼ਰੂਰੀ ਮੁੱਦਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਜਿਹੜਾ ਤੋਤਾ ਸਿੰਘ ਦਾ ਪੈਸਟੀਸਾਈਡ ਦਾ ਸਕੈਮ ਸੀ, ਉਹ ਵੀ ਵਿਚ ਇਨਕਲੂਡ ਕਰਵਾ ਦਿਉ।

**ਮਾਨਯੋਗ ਸਪੀਕਰ** : ਗੋਲਡੀ ਜੀ, ਤੁਸੀਂ ਬੋਲੋ।

**ਸ਼੍ਰੀ ਦਲਵੀਰ ਸਿੰਘ ਗੋਲਡੀ:** ਸਪੀਕਰ ਸਾਹਿਬ, ਮੇਰੀ ਸਾਰਿਆਂ ਨੂੰ ਬੇਨਤੀ ਹੈ ਕਿ ਮੈਨੂੰ ਟਾਈਮ ਦਿਓ। ਮੈਂ ਇਕ ਜ਼ਰੂਰੀ ਗੱਲ ਕਰਨੀ ਹੈ। ਸਪੀਕਰ ਸਾਹਿਬ, ਮੇਰੇ ਉੱਪਰ ਟੋਲ ਪਲਾਜ਼ਾ ਵਾਲਿਆਂ ਵਲੋਂ ਕੇਸ ਕੀਤਾ ਗਿਆ ਹੈ ਕਿਉਂਕਿ ਮੈਂ ਇਕ ਦੋ ਪਿੰਡਾਂ ਵਲੋਂ ਆਏ ਹੋਏ ਮਤੇ ਉਤੇ ਇਕ ਸੜਕ ਬਣਾਉਣੀ ਚਾਹੀ । ਇਸ ਮਾਮਲੇ ਤੇ ਮੇਰੇ ਉੱਪਰ, ਇਕ ਐਮ.ਐਲ.ਏ. ਤੇ ਕੇਸ ਦਰਜ ਕੀਤਾ ਗਿਆ। ਉਨ੍ਹਾਂ ਨੇ ਜੋ ਸ਼ਬਦ ਲਿਖੇ ਹਨ ਉਹ ਲਿਖਿਆ ਕਿ ਧੂਰੀ ਦਾ ਐਮ.ਐਲ.ਏ. ਇਕ ਗੁੰਡਾ।ਸਪੀਕਰ ਸਾਹਿਬ, ਮੈਂ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਸੰਗਰੂਰ ਸਾਡਾ ਜ਼ਿਲ੍ਹਾ ਹੈ ਅਤੇ ਧੂਰੀ ਤੋਂ ਸੰਗਰੂਰ 13 ਕਿਲੋਮੀਟਰ ਦੂਰ ਹੈ ਅਤੇ ਸਾਨੂੰ ਉਥੇ ਜਾਣ ਲਈ 75 ਰੁਪਏ ਟੈਕਸ ਦੇਣਾ ਪੈਂਦਾ ਹੈ।ਮੇਰੀ ਇਕ ਬੇਨਤੀ ਹੈ ਕਿ ਸਾਨੂੰ ਉਸ ਤੋਂ ਛੋਟ ਦਿੱਤੀ ਜਾਵੇ। ਟੋਲ ਪਲਾਜ਼ਾ ਵਾਲਿਆਂ ਦੀ ਗੁੰਡਾਗਰਦੀ ਬਹੁਤ ਜ਼ਿਆਦਾ ਹੈ। ਉਥੇ ਨਾ ਕੋਈ ਐਂਬੂਲੈਂਸ ਹੈ, ਨਾ ਕੋਈ ਪਲਾਂਟੇਸ਼ਨ ਹੈ। 2014 ਵਿਚ ਅਕਾਲੀ ਦਲ ਬੀ.ਜੇ.ਪੀ. ਸਰਕਾਰ ਨੇ ਉਹ ਟੋਲ ਪਲਾਜ਼ਾ ਲਗਾਇਆ ਸੀ । ਅੱਜ ਤੱਕ ਗੁੰਡਾਗਰਦੀ ਨਾਲ ਸਾਡੇ ਵਰਗੇ ਬੰਦਿਆਂ ਤੇ ਕੇਸ ਕੀਤੇ ਜਾ ਰਹੇ ਹਨ।

**ਮਾਨਯੋਗ ਸਪੀਕਰ** : ਧੰਨਵਾਦ ਜੀ। ਅਗਲੀ ਆਈਟਮ ਧਿਆਨ ਦਿਵਾਊ ਮਤਾ।

## CALL ATTENTION NOTICE UNDER RULE 66
(ਕ੍ਰਮ ਨੰ: 22)

**ਸਰਦਾਰ ਅਮਰਜੀਤ ਸਿੰਘ ਸੰਦੋਆ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਰੋਪੜ, ਸ੍ਰੀ ਅਨੰਦਪੁਰ ਸਾਹਿਬ, ਗੜ੍ਹਸ਼ੰਕਰ ਅਤੇ ਬਲਾਚੌਰ ਹਲਕਿਆਂ ਦੇ ਨਾਲ ਬਹੁਤ ਸਾਰਾ ਜੰਗਲੀ ਏਰੀਆ ਲੱਗਦਾ ਹੈ ਜਿਥੋਂ ਜੰਗਲੀ ਜਾਨਵਰ ਅਰਥਾਤ ਸੂਰ, ਗਊਆਂ, ਬਾਰਾਂਸਿੰਗੇ ਆਦਿ ਲੋਕਾਂ ਦੀਆਂ ਫਸਲਾਂ ਉਜਾੜ ਦਿੰਦੇ ਹਨ ਅਤੇ ਫਸਲਾਂ ਦੀ ਰਾਖੀ ਲਈ ਕਿਸਾਨਾਂ ਨੂੰ ਰਾਤਾਂ ਖੇਤਾਂ ਵਿੱਚ ਗੁਜ਼ਾਰਨੀਆਂ ਪੈਂਦੀਆਂ ਹਨ। ਕਿਸਾਨਾਂ ਨੂੰ ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਂਦਾ। ਜੰਗਲੀ ਏਰੀਏ ਨੂੰ ਪਿੰਡਾਂ ਨਾਲੋਂ ਵੱਖਰਾ ਕਰਨ ਲਈ ਕੰਡੇਦਾਰ ਤਾਰ ਲਗਾਉਣ ਦਾ ਕਈ ਵਾਰ ਪ੍ਰਸਤਾਵ ਕੀਤਾ ਜਾਂਦਾ ਹੈ ਪਰ ਇਸ ਤੇ ਕੋਈ ਕਾਰਵਾਈ ਨਹੀਂ ਹੁੰਦੀ । ਇਸ ਸਬੰਧ ਵਿੱਚ ਲੋਕਾਂ ਵਿੱਚ ਭਾਰੀ ਬੇਚੈਨੀ ਤੇ ਰੋਸ ਪਾਇਆ ਜਾਂਦਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ, ਇਹ ਜਿਹੜੀ ਗੱਲ ਮੈਂਬਰ ਸਾਹਿਬ ਨੇ ਕੀਤੀ ਹੈ। ਇਹ ਸਮੱਸਿਆ ਕੇਵਲ ਇਨ੍ਹਾਂ ਦੇ ਹਲਕੇ ਵਿਚ ਹੀ ਨਹੀਂ ਬਲਕਿ ਸਾਰੇ ਪੰਜਾਬ ਵਿਚ ਹੀ ਹੈ। ਜਿਥੇ ਸਾਡੀਆਂ ਬੀਬੀਆਂ ਨਰਮਾ ਚੁਗਦੀਆਂ ਹਨ, ਇਹ ਉਥੇ ਪਏ ਹੁੰਦੇ ਹਨ ਅਤੇ ਬੀਬੀਆਂ ਤੇ ਅਟੈਕ ਕਰਦੇ ਹਨ। ਕਈ ਅਜਿਹੇ ਵਾਕਿਆਤ ਹੋਏ ਹਨ ਜਿਥੇ ਬੀਬੀਆਂ ਨੂੰ ਮਾਰ ਦਿੱਤਾ ਗਿਆ। ਜੋ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ, ਕੰਢੀ ਏਰੀਏ ਵਿਚ ਤਾਂ ਬਹੁਤ ਨੁਕਸਾਨ ਹੋਇਆ ਹੈ। ਅਸੀਂ 15 ਮਾਰਚ ਨੂੰ ਨੋਟੀਫਿਕੇਸ਼ਨ ਕਰ ਦਿੱਤੀ ਹੈ, ਹੁਣ ਅਸੀਂ ਆਥੋਰਾਈਜ਼ ਕਰ ਦਿੱਤਾ ਹੈ ਕਿ ਜਿਨ੍ਹਾਂ ਨੇ ਆਪਣੀ ਫਸਲ ਬਚਾਉਣੀ ਹੈ, ਉਹ ਐਸ.ਡੀ.ਐਮ. ਤੋਂ ਲਾਇਸੰਸ ਲੈ ਕੇ ਆਪਣੀ ਫਸਲ ਦਾ ਬਚਾਅ ਕਰ ਸਕਦਾ ਹੈ ਅਤੇ ਉਨ੍ਹਾਂ ਨੂੰ ਮਾਰ ਸਕਦਾ ਹੈ। ਇਸ ਵਿਚ ਅਸੀਂ ਬਾਰਾਸਿੰਗਾ ਇਨਕਲੂਡ ਨਹੀਂ ਕੀਤਾ ਲੇਕਿਨ ਰੋਜ਼ (ਨੀਲ ਗਊ) ਔਰ ਸੂਰਾਂ ਨੂੰ ਇਸ ਵਿਚ ਸ਼ਾਮਲ ਕੀਤਾ ਹੈ। ਦੂਸਰਾ ਫੈਂਸਿੰਗ ਵਾਸਤੇ ਵੀ ਪੈਸੇ ਦਿੱਤੇ ਜਾ ਰਹੇ ਹਨ। ਇਸ ਵਾਸਤੇ ਸਾਲ 2017-18 ਵਿੱਚ 8 ਕਰੋੜ ਅਤੇ 16 ਲੱਖ ਰੁਪਿਆ ਦਿੱਤਾ ਗਿਆ ਹੈ। ਇਸ ਸਾਲ ਵੀ 8 ਕਰੋੜ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਉਨ੍ਹਾਂ

ਵਿਚਾਰਿਆਂ ਦੇ ਛੋਟੇ-ਛੋਟੇ ਤਾਂ ਖੇਤ ਹਨ, ਉਹ ਆਪਣੀਆਂ ਤਾਰਾਂ ਲਗਾ ਕੇ ਕਰਾਪ ਪ੍ਰੋਟੈਕਸ਼ਨ ਕਰ ਲੈਣ। ਤੁਸੀਂ fire arm ਇਸਤੇਮਾਲ ਕਰ ਸਕਦੇ ਹੋ ਅਤੇ ਨਾਲ ਦੀ ਨਾਲ ਤੁਸੀਂ ਤਾਰ ਵੀ ਲਗਵਾ ਸਕਦੇ ਹੋ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਪਰ ਲੋਕਾਂ ਵਿੱਚ ਇੱਕ ਚਰਚਾ ਹੈ ਕਿ ਸਾਡੀਆਂ ਫਸਲਾਂ ਖਰਾਬ ਹੋਈਆਂ ਦਾ ਸਾਨੂੰ ਅੱਜ ਤੱਕ ਮੁਆਵਜ਼ਾ ਨਹੀਂ ਮਿਲਿਆ। ਕਿਰਪਾ ਕਰਕੇ ਕਿਸਾਨਾਂ ਦੀਆਂ ਫਸਲਾਂ ਦਾ ਮੁਆਵਜ਼ਾ ਵੀ ਜ਼ਰੂਰ ਦਿਵਾਇਆ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੁਆਵਜ਼ਾ ਵੀ ਦਿੱਤਾ ਗਿਆ ਸੀ। There is a provision for it. ਪਿਛਲੇ ਸਾਲ for crop damage by animals ਲਈ ਇੱਕ ਲੱਖ 33 ਹਜ਼ਾਰ ਤਿੰਨ ਸੌ ਸਤਾਰਾਂ ਰੁਪਏ ਦਾ ਮੁਆਵਜ਼ਾ ਦਿੱਤਾ ਗਿਆ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਸਦਨ ਦੀ ਲਾਈਟ ਥੋੜ੍ਹੀ ਜਿਹੀ ਵਧਾ ਦਿਉ। ਸਪੀਕਰ ਸਾਹਿਬ, ਕਿਹਾ ਜਾਂਦਾ ਹੈ ਕਿ ਸਰਪਲੱਸ ਲਾਈਟ ਹੈ। ਪਿਛਲੀ ਸਰਕਾਰ ਵੀ ਕਲੇਮ ਕਰਦੀ ਰਹੀ ਹੈ ਤੇ ਇਹ ਵੀ ਕਹਿੰਦੇ ਹਨ ਪਰ ਅਸੀਂ ਬੈਠੇ ਹਨੇਰੇ ਵਿੱਚ ਹਾਂ ਜੀ।

**ਮਾਨਯੋਗ ਸਪੀਕਰ :** ਲਾਈਟ ਚਲੀ ਗਈ ਸੀ। ਹੁਣ ਆ ਗਈ ਹੈ। ਹੁਣ ਥੋੜ੍ਹਾ ਟਾਈਮ ਲੱਗ ਰਿਹਾ ਹੈ। ਚਲੋ, ਬੈਠੋ ਕੋਈ ਨਹੀਂ। ਅਗਲੀ ਆਈਟਮ। ਨਿਯਮ 16 ਅਧੀਨ ਪ੍ਰਸਤਾਵ।

-----------

## MOTION UNDER RULE 16

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

--------

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ** : ਸੰਸਦੀ ਮਾਮਲਿਆਂ ਬਾਰੇ ਮੰਤਰੀ, ਸ਼੍ਰੀ ਬ੍ਰਹਮ ਮਹਿੰਦਰਾ ਜੀ ਮੇਜ਼ ਤੇ ਰੱਖਣ ਵਾਲੇ ਕਾਗਜ਼ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰ: 4 ਅਧੀਨ ਦਰਸਾਏ ਗਏ ਜਸਟਿਸ ਜੇ.ਐਸ.ਨਾਰੰਗ (ਰਿਟਾਇਰਡ) ਪੜਤਾਲੀਆ ਕਮਿਸ਼ਨ ਅਤੇ ਇਸ ਦੀਆਂ ਸਿਫਾਰਸ਼ਾਂ ਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕਮਿਸ਼ਨ ਆਫ ਇਨਕੁਆਇਰੀ ਐਕਟ, 1952 ਦੀ ਧਾਰਾ 3(4) ਅਧੀਨ ਲੋੜੀਂਦਾ ਹੈ।

---------

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ:** ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਚੇਅਰਮੈਨ, ਰਾਜ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਕਾਰਨ ਆਰਥਿਕ ਤੰਗੀ ਦੇ ਕਾਰਨਾਂ ਨੂੰ ਜਾਂਚਣ ਅਤੇ ਸੁਝਾਅ ਦੇਣ ਲਈ ਗਠਿਤ ਸਦਨ ਦੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਹਾਊਸ ਵੱਲੋਂ ਗਠਿਤ ਕਮੇਟੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ):** ਸ਼੍ਰੀਮਾਨ ਜੀ, ਮੈਂ ਰਾਜ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਕਾਰਨ ਆਰਥਿਕ ਤੰਗੀ ਦੇ ਕਾਰਨਾਂ ਨੂੰ ਜਾਂਚਣ ਅਤੇ ਸੁਝਾਅ ਦੇਣ ਲਈ ਗਠਿਤ ਸਦਨ ਦੀ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਰਾਜ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਕਾਰਨ ਆਰਥਿਕ ਤੰਗੀ ਦੇ ਕਾਰਨਾਂ ਨੂੰ ਜਾਂਚਣ ਅਤੇ ਸੁਝਾਅ ਦੇਣ ਲਈ ਗਠਿਤ ਸਦਨ ਦੀ ਕਮੇਟੀ ਦੀ ਰਿਪੋਰਟ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮੈਂ ਇਸ ਰਿਪੋਰਟ ਉਤੇ ਬੋਲਣਾ ਹੈ ਜੀ।

**ਮਾਨਯੋਗ ਸਪੀਕਰ :** ਹਾਲੇ ਤਾਂ ਸਿਰਫ ਰਿਪੋਰਟ ਪੇਸ਼ ਹੋਈ ਹੈ। ਜਦੋਂ ਚੇਅਰਮੈਨ ਨੇ ਰਿਪੋਰਟ ਹੀ ਰੱਖ ਦਿੱਤੀ ਹੈ, ਇਨ੍ਹਾਂ ਨੇ ਕੋਈ ਵੱਖਰੀ ਰਿਪੋਰਟ ਦੇਣੀ ਹੈ? ਡਿਸਕਸ਼ਨ ਦਾ ਪਹਿਲਾਂ ਨੋਟਿਸ ਦੇਣਾ ਪੈਂਦਾ ਹੈ। ਡਿਸਕਸ਼ਨ ਦੇ ਨੋਟਿਸ ਤੋਂ ਬਾਅਦ ਹੀ ਬੋਲ ਸਕਦੇ ਹੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਮੈਂ ਨੋਟਿਸ ਦਿੱਤਾ ਹੈ ਜੀ।

**ਮਾਨਯੋਗ ਸਪੀਕਰ :** ਤੁਸੀਂ ਕੋਈ ਨੋਟਿਸ ਨਹੀਂ ਦਿੱਤਾ? ਨੋਟਿਸ ਤੋਂ ਬਗੈਰ ਤੁਸੀਂ ਡਿਸਕਸ਼ਨ ਨਹੀਂ ਕਰ ਸਕਦੇ ਹੋ। ਤੁਸੀਂ ਬੈਠੋ ਜੀ। ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਚੇਅਰਮੈਨ, ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ) :** ਸ਼੍ਰੀਮਾਨ ਜੀ, ਮੈਂ ਜਲ ਸਰੋਤ ਵਿਭਾਗ, ਪੰਜਾਬ ਦੇ ਸਬੰਧ ਵਿੱਚ ਬਜਟ ਅਨੁਮਾਨਾਂ (2017-18) ਤੇ ਸਾਲ 2017-18 ਲਈ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹ ਕੇ ਰਾਜ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਕਾਰਨ ਆਰਥਿਕ ਤੰਗੀ ਦੇ ਕਾਰਨਾਂ ਨੂੰ ਜਾਂਚਣ ਅਤੇ ਸੁਝਾਅ ਦੇਣ ਲਈ ਗਠਿਤ ਸਦਨ ਦੀ ਕਮੇਟੀ ਦੀ ਰਿਪੋਰਟ ਤੇ ਬੋਲਣ ਲਈ ਆਗਿਆ ਦੀ ਮੰਗ ਕਰ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਪਲੀਜ਼ ਬੈਠੋ, ਡਿਸਕਸ਼ਨ ਨੋਟਿਸ ਤੋਂ ਬਗੈਰ ਨਹੀਂ ਹੋ ਸਕਦੀ, ਡਿਸਕਸ਼ਨ ਨਹੀਂ ਹੋ ਸਕਦੀ। Without notice, ਡਿਸਕਸ਼ਨ ਨਹੀਂ ਹੋ ਸਕਦੀ। ਪਲੀਜ਼ ਬੈਠੋ, ਸ਼੍ਰੀ ਰਾਕੇਸ਼ ਪਾਂਡੇ ਜੀ, ਸਭਾਪਤੀ, ਅਧੀਨ ਵਿਧਾਨ ਕਮੇਟੀ ਆਪਣੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਧੀਨ ਵਿਧਾਨ ਕਮੇਟੀ (ਸ਼੍ਰੀ ਰਾਕੇਸ਼ ਪਾਂਡੇ) :** ਸ਼੍ਰੀਮਾਨ ਜੀ, ਮੈਂ ਸਾਲ 2017-18 ਲਈ ਅਧੀਨ ਵਿਧਾਨ ਕਮੇਟੀ ਦੀ 41ਵੀਂ ਰਿਪੋਰਟ ਪੇਸ਼ ਕਰਦਾ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹ ਕੇ ਰਾਜ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਕਾਰਨ ਆਰਥਿਕ ਤੰਗੀ ਦੇ ਕਾਰਨਾਂ ਨੂੰ ਜਾਂਚਣ ਅਤੇ ਸੁਝਾਅ ਦੇਣ ਲਈ ਗਠਿਤ ਸਦਨ ਦੀ ਕਮੇਟੀ ਦੀ ਰਿਪੋਰਟ ਤੇ ਬੋਲਣ ਲਈ ਆਗਿਆ ਦੀ ਮੰਗ ਕਰ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।) (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ, ਚੰਦੂਮਾਜਰਾ ਜੀ ਬੈਠੋ, ਚੰਦੂਮਾਜਰਾ ਜੀ ਬੈਠੋ, ਚੰਦੂਮਾਜਰਾ ਜੀ ਬੈਠੋ। ਇਸ ਤਰ੍ਹਾਂ ਡਿਸਕਸ਼ਨ ਨਹੀਂ ਹੁੰਦੀ । ਪਲੀਜ਼ ਬੈਠੋ । ਇਸ ਰਿਪੋਰਟ ਉਤੇ ਡਿਸਕਸ਼ਨ ਲਈ ਨੋਟਿਸ ਦੇਣਾ ਪੈਂਦਾ ਹੈ। (ਵਿਘਨ) (ਸ਼ੋਰ) Without notice discussion ਨਹੀਂ ਹੁੰਦੀ। ਬਾਦਲ ਸਾਹਿਬ, ਤੁਸੀਂ ਬੋਲੋ ਜੀ।

---------

## Resumption of Discussion on Budget Estimates for the Year 2018-19

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਜਨਾਬ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਨਮੂਨ ਹਾਂ ਕਿ ਤੁਸੀਂ ਬਜਟ ਐਸਟੀਮੇਟ ਤੇ ਜੋ ਡਿਸਕਸ਼ਨ ਚੱਲ ਰਹੀ ਸੀ ਉਸ ਨੂੰ ਕਨਕਲੂਡ ਕਰਨ ਦਾ ਮੌਕਾ ਦਿੱਤਾ ਹੈ। (ਵਿਘਨ) (ਸ਼ੋਰ) ਇਸ ਹਾਊਸ ਵਿੱਚ ਬੜੀ ਆਲ੍ਹਾ ਪੈਮਾਨੇ ਦੀ ਡਿਬੇਟ ਸੁਣਨ ਨੂੰ ਮਿਲੀ ਹੈ । ਮੈਂ ਦੋਨਾਂ ਪਾਸੇ ਦੇ ਮੈਂਬਰਜ਼ ਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੁੰਦਾ ਹਾਂ.... (ਵਿਘਨ) (ਸ਼ੋਰ) ਮੈਂ ਦੋਨਾਂ ਪਾਸਿਆਂ ਦੇ ਬੈਂਚਿਜ਼ ਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬਜਟ ਦੇ ਹਰ ਪਹਿਲੂ ਤੇ ਰੌਸ਼ਨੀ ਪਾਈ ਹੈ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਰਾਜ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਕਾਰਨ ਆਰਥਿਕ ਤੰਗੀ ਦੇ ਕਾਰਨਾਂ ਨੂੰ ਜਾਂਚਣ ਅਤੇ ਸੁਝਾਅ ਦੇਣ ਲਈ ਗਠਿਤ ਸਦਨ ਦੀ ਕਮੇਟੀ ਦੀ ਰਿਪੋਰਟ ਤੇ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ** ** ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਵਿੱਤ ਮੰਤਰੀ** : ਸਪੀਕਰ ਸਾਹਿਬ, ਕੁਝ ਬੋਲਣ ਵਾਲੇ ਮੇਰੇ ਦੋਸਤ ਵੀ ਸਨ ਜਿਨ੍ਹਾਂ ਨੇ...

**ਮਾਨਯੋਗ ਸਪੀਕਰ** : ਮੈਂ ਕਹਿਣਾ ਚਾਹੁੰਦਾ ਹਾਂ ਕਿ ਡਾਈਸੈਂਟਿੰਗ ਨੋਟ ਰਿਪੋਰਟ ਦਾ ਹਿੱਸਾ ਹੈ। (ਵਿਘਨ) (ਸ਼ੋਰ) ਡਾਈਸੈਂਟਿੰਗ ਨੋਟ ਰਿਪੋਰਟ ਦਾ ਹਿੱਸਾ ਹੁੰਦਾ ਹੈ। (ਸ਼ੋਰ) ਇਸ ਤੇ ਬੋਲਣਾ ਨਹੀਂ ਹੁੰਦਾ। ਬੈਠੋ। ਹਾਂ ਜੀ, ਬਾਦਲ ਸਾਹਿਬ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਜਸਟਿਸ ਜੇ.ਐਸ.ਨਾਰੰਗ (ਰਿਟਾ.) ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਅਤੇ ਰਾਜ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਕਾਰਨ ਆਰਥਿਕ ਤੰਗੀ ਦੇ ਕਾਰਨਾਂ ਨੂੰ ਜਾਂਚਣ ਅਤੇ ਸੁਝਾਅ ਦੇਣ ਲਈ ਗਠਿਤ ਸਦਨ ਦੀ ਕਮੇਟੀ ਦੀ ਰਿਪੋਰਟ ਤੇ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਵਿੱਤ ਮੰਤਰੀ** : ਸਪੀਕਰ ਸਾਹਿਬ, ਕੁਝ ਬੋਲਣ ਵਾਲੇ ਮੇਰੇ ਦੋਸਤ ਵੀ ਸਨ ਜਿਨ੍ਹਾਂ ਨੇ ਇਸ ਬਜਟ ਦੀ ਤਾਰੀਫ ਕੀਤੀ। (ਵਿਘਨ) (ਸ਼ੋਰ) ਮੈਂ ਸਭ ਤੋਂ ਪਹਿਲਾਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਦੂਸਰਾ ਕੁਝ ਮੈਂਬਰਾਂ ਵੱਲੋਂ ਕੁਝ ਕੰਸਟ੍ਰਕਟਿਵ ਸੁਝਾਅ ਵੀ ਆਏ ਹਨ। ਮੈਂ ਇਹ ਸੁਝਾਅ ਨੋਟ ਕਰ ਲਏ ਹਨ।

------------

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਜਸਟਿਸ ਜੇ.ਐਸ.ਨਾਰੰਗ ਦੀ ਰਿਪੋਰਟ ਅਤੇ ਕਿਸਾਨਾਂ ਦੇ ਮੁੱਦਿਆਂ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ਸਦਨ ਵਿਚੋਂ ਨਾਅਰੇ ** ** ਮਾਰਦੇ ਹੋਏ ਵਾਕ-ਆਊਟ ਕਰ ਗਏ।)

-----------

** Not recorded as ordered by the Chair.

# GENERAL DISCUSSION ON THE BUDGET ESTIMATES FOR THE YEAR 2018-19 (*Resumption)*

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੇਰੀ ਪੁਰਖਲੂਸ ਕੋਸ਼ਿਸ਼ ਹੋਵੇਗੀ ਕਿ ਇਹ ਜਿਹੜੇ ਸੁਝਾਅ ਹਨ, ਇਨ੍ਹਾਂ ਤੇ ਜੋ ਉਮੰਗ ਹੈ, ਮੈਂ ਉਨ੍ਹਾਂ ਉਮੰਗਾਂ ਦੀ ਤਰਜਮਾਨੀ ਕਰ ਸਕਾਂ। ਸਪੀਕਰ ਸਾਹਿਬ, ਕੁਝ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਬਜਟ ਦੀ ਤਨਕੀਦ ਵੀ ਕੀਤੀ ਹੈ, ਇਹ ਜਿਹੜਾ ਕ੍ਰਿਟੀਸਿਜ਼ਮ ਹੈ, ਇਸ ਨੂੰ ਵੀ ਮੈਂ ਇੱਜ਼ਤ ਦੀ ਨਿਗਾਹ ਨਾਲ ਦੇਖਦਾ ਹਾਂ।(ਵਿਘਨ)(ਸ਼ੋਰ) I welcome it. ਸਪੀਕਰ ਸਾਹਿਬ, ਜਿਹੜੀ ਤਨਕੀਦ ਹੈ, ਜੇ ਕੰਸਟ੍ਰਕਟਿਵ ਹੋਵੇ ਤਾਂ ਉਸ ਦਾ ਵੈਲਕਮ ਹੈ ਅਤੇ ਜਿਹੜੀ ਬਰਾਏ ਤਨਕੀਦ ਹੈ, ਉਸ ਦਾ ਕੋਈ ਸਿੱਟਾ ਨਹੀਂ ਨਿਕਲਦਾ। ਸਪੀਕਰ ਸਾਹਿਬ, ਕੁਝ ਐਸੇ ਮੈਂਬਰ ਵੀ ਸਨ ਜਿਹੜੇ ਕਿ ਮੇਰੇ ਸ਼ੇਅਰਾਂ ਤੋਂ ਹੀ ਚਿੜ੍ਹ ਗਏ। ਜਿਹੜੇ ਜਲਾਲਾਬਾਦ ਦੇ ਐਮ.ਐਲ.ਏ. ਹਨ, ਉਨ੍ਹਾਂ ਨੇ ਤਾਂ ਅਲਾਮਾ ਇਕਬਾਲ ਨੂੰ ਕਿਹਾ ਕਿ ਇਹ ਪਾਕਿਸਤਾਨੀ ਹੈ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਪਾਕਿਸਤਾਨ ਤਾਂ ਬਣਿਆ ਹੀ ਨਹੀਂ ਸੀ ਜਦੋਂ ਅਲਾਮਾ ਇਕਬਾਲ ਜੀ 1935 ਵਿੱਚ ਫੌਤ ਹੋ ਗਏ। ਇਨ੍ਹਾਂ ਦਾ ਕੋਈ ਕਸੂਰ ਨਹੀਂ ਹੈ ਕਿਉਂਕਿ 10 ਦਿਨ ਪਹਿਲਾਂ ਇਨ੍ਹਾਂ ਦਾ ਬਿਆਨ ਆਇਆ ਸੀ ਕਿ ਸਾਡੀ ਬੀ.ਜੇ.ਪੀ. ਨਾਲ ਭਾਈਵਾਲੀ ਰਹੇਗੀ, ਹਿੰਦੁਸਤਾਨ ਭਾਵੇਂ ਰਹੇ ਨਾ ਰਹੇ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਕੱਲ੍ਹ ਜਦੋਂ ਐਮ.ਐਲ.ਏ. ਜਲਾਲਾਬਾਦ ਬੋਲ ਰਹੇ ਸਨ ਤਾਂ ਮੈਂ ਉਨ੍ਹਾਂ ਨੂੰ ਇੱਕ ਗੱਲ ਕਹੀ ਸੀ ਕਿ ਜੇ ** ** ਹੈ ਤਾਂ ਮੇਰੀ ਗੱਲ ਸੁਣ ਕੇ ਜਾਣਾ। ਇਹ ਜਿਹੜੇ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਨਾਅਰੇ ਲਗਾ ਰਹੇ ਹਨ, ਇਨ੍ਹਾਂ ਨੂੰ ਕਿਸਾਨਾਂ ਦਾ ਕੋਈ ਰੌਲਾ ਨਹੀਂ ਹੈ...... (ਵਿਘਨ) (ਸ਼ੋਰ)

**ਇੱਕ ਅਵਾਜ਼ :** ਰੌਲਾ ਹੈ। (ਵਿਘਨ) (ਸ਼ੋਰ)

**ਵਿੱਤ ਮੰਤਰੀ** : ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਮੇਰੀ ਗੱਲ ਸੁਣਿਉ, ਮੇਰੀ ਗੱਲ ਸੁਣ ਕੇ ਜਾਇਉ, ਤੁਸੀਂ ਰੌਲਾ ਮਗਰੋਂ ਪਾ ਲੈਣਾ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚੋਂ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਗਏ।)

**ਸਰਦਾਰ ਬਿਕਰਮ ਸਿੰਘ ਮਜੀਠੀਆ** : ਅਸੀਂ ਤੁਹਾਡੀ ਗੱਲ ਸੁਣ ਕੇ ਜਾਵਾਂਗੇ, ਤੁਸੀਂ ਸਾਡੀ ਗੱਲ ਪਹਿਲਾਂ ਸੁਣ ਲਵੋ।

**ਵਿੱਤ ਮੰਤਰੀ** : ਪਹਿਲਾਂ ਮੇਰੀ ਗੱਲ ਸੁਣ ਲਵੋ।

**ਮਾਨਯੋਗ ਸਪੀਕਰ** : ਬੋਲੋ ਬਾਦਲ ਸਾਹਿਬ, ਪਲੀਜ਼ ਬੋਲੋ।(ਵਿਘਨ) (ਸ਼ੋਰ)

**ਵਿੱਤ ਮੰਤਰੀ** : ਜੇ ** ** ਹੋ ਤਾਂ ਮੇਰੀ ਗੱਲ ਸੁਣੋਗੇ? ਜੇ ** ** ਹੋ ਤਾਂ ਮੇਰੀ ਗੱਲ ਸੁਣ ਕੇ ਜਾਉਗੇ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਵਿਘਨ) (ਸ਼ੋਰ) ਸਪੀਕਰ ਸਾਹਿਬ, ਗੱਲਾਂ ਤਾਂ ਇਨ੍ਹਾਂ ਨੂੰ ਸੁਣਾਉਣੀਆਂ ਹਨ, ਬਜਟ ਤਾਂ ਸਭ ਨੇ ਪੜ੍ਹ ਲਿਆ ਹੈ। ਬਜਟ ਵਿੱਚ ਕੀ ਰਹਿ ਗਿਆ ਹੈ? ਸਪੀਕਰ ਸਾਹਿਬ,....

---

** Expunged as ordered by the Chair.

**ਸਰਦਾਰ ਬਿਕਰਮ ਸਿੰਘ ਮਜੀਠੀਆ** : (ਵੈੱਲ ਆਫ ਦਿ ਹਾਊਸ ਵੱਲ ਵਧਦੇ ਹੋਏ) : ਮੇਰੀ ਬੇਨਤੀ ਹੈ ਕਿ ਜੇਕਰ ਇਹੋ ਜਿਹੇ ਅਲਫਾਜ਼ ਵਰਤੋਗੇ....... ਕੀ ਇਹ ਫੈਸਲਾ ਕਰੇਗਾ ਕਿ ** ** ਕੌਣ ਹੈ? (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਬੈਠੋ ਪਲੀਜ਼। (ਵਿਘਨ) (ਸ਼ੋਰ) ਇਹ ** ** ਐਕਸਪੰਜ ਕਰ ਦਿੰਦੇ ਹਾਂ। (ਸ਼ੋਰ) ਇਹ ਐਕਸਪੰਜ ਕਰ ਦਿੱਤਾ ਹੈ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਵਿੱਤ ਮੰਤਰੀ** : ਸਪੀਕਰ ਸਾਹਿਬ, ਗੱਲਾਂ ਤਾਂ ਇਨ੍ਹਾਂ ਨੂੰ ਹੀ ਸੁਣਾਉਣੀਆਂ ਹਨ। ਜੇ ** ** ਹੋ ਤਾਂ ਗੱਲ ਸੁਣ ਕੇ ਜਾਇਉ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਬਾਦਲ ਸਾਹਿਬ, ਬਾਦਲ ਸਾਹਿਬ, ਬਾਦਲ ਸਾਹਿਬ। (ਵਿਘਨ) (ਸ਼ੋਰ) ਬੈਠੋ, ਇਹ ਐਕਸਪੰਜ ਕਰ ਦਿੱਤਾ ਹੈ। ਬੈਠੋ, ਬੈਠੋ। (ਵਿਘਨ) ਬਾਦਲ ਸਾਹਿਬ, ਤੁਸੀਂ ਬੋਲੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚੋਂ ਆਪਣੀਆਂ ਸੀਟਾਂ ਤੇ ਵਾਪਸ ਚਲੇ ਗਏ ਅਤੇ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਦੱਸੋ ਤੁਸੀਂ ਕੀ ਕਹਿਣਾ ਹੈ। ਦੱਸੋ ਕੀ ਕਹਿਣਾ ਹੈ ?

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਸਾਨੂੰ ਬੋਲਣ ਦਾ ਸਮਾਂ ਦਿੱਤਾ ਜਾਵੇ।

**ਮਾਨਯੋਗ ਸਪੀਕਰ:** ਪਹਿਲਾਂ ਇਨ੍ਹਾਂ ਨੂੰ ਬੋਲ ਤਾਂ ਲੈਣ ਦਿਓ। ਉਨ੍ਹਾਂ ਨੂੰ ਕੁਝ ਕਹਿ ਤਾਂ ਲੈਣ ਦਿਓ। ਸ਼ੁਰੂਆਤ ਉਨ੍ਹਾਂ ਨੇ ਕਰਨੀ ਹੈ ਕਿ ਤੁਸੀਂ ਕਰਨੀ ਹੈ? ਇਹ ਨਹੀਂ ਹੋ ਸਕਦਾ ਹੈ।ਸਰਦਾਰ ਸੁਖਬੀਰ ਸਿੰਘ ਬੋਲ ਲਏ ਹਨ, ਮਜੀਠੀਆ ਸਾਹਿਬ ਬੋਲ ਲਏ, ਤੁਹਾਡੇ ਮੈਂਬਰ ਬੋਲ ਚੁੱਕੇ ਹਨ। ਹੁਣ ਫਾਈਨਾਂਸ ਮਨਿਸਟਰ ਸਾਹਿਬ ਨੇ ਬੋਲਣਾ ਹੈ। ਇਹ ਨਹੀਂ ਹੋ ਸਕਦਾ ਹੈ, ਨਵੀਂ ਪਰੰਪਰਾ ਨਹੀਂ ਚਲ ਸਕਦੀ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਇਹ ਸੁਣਨ ਤੋਂ ਭੱਜ ਰਹੇ ਹਨ। ਇਹ ਬਹਾਨੇ ਲੱਭ ਰਹੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਵਿਘਨ) (ਸ਼ੋਰ)

---

**Expunged/Not recorded as ordered by the Chair.

**ਮਾਨਯੋਗ ਸਪੀਕਰ :** ਤੁਸੀਂ ਬੈਠੋ, ਪਲੀਜ਼ ਬੈਠੋ। ਪਲੀਜ਼ ਬੈਠੋ। ਸਰਦਾਰ ਮਨਪ੍ਰੀਤ ਸਿੰਘ ਜੀ, ਸਰਦਾਰ ਮਨਪ੍ਰੀਤ ਸਿੰਘ ਜੀ, ਸਰਦਾਰ ਮਨਪ੍ਰੀਤ ਸਿੰਘ ਜੀ, ਤੁਸੀਂ ਬੋਲੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਕੁਝ ਕਾਗਜ਼ ਲਹਿਰਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਨਾਅਰੇ ** ** ਲਗਾਉਣ ਲੱਗ ਪਏ। ** ** ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਵਿੱਤ ਮੰਤਰੀ :** ਸਪੀਕਰ ਸਾਹਿਬ, ਮਜੀਠੀਆ ਸਾਹਿਬ ਨੇ ਜੋਜੋ ਟੈਕਸ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਜਦੋਂ ਗਰੀਬ ਤੋਂ ਗਰੀਬ ਕਿਸਾਨ ਦੀ ਧੀ ਦੀ ਸ਼ਾਦੀ ਹੁੰਦੀ ਹੈ ਤਾਂ ਭਾਵੇਂ ਉਹ ਆਪਣੀ ਜ਼ਮੀਨ ਵੇਚ ਦੇਵੇ ਪਰ ਉਸ ਨੇ ਆਪਣੀ ਲੜਕੀ ਨੂੰ ਜਿਹੜੀ ਗੱਡੀ ਦੇਣੀ ਹੁੰਦੀ ਹੈ ਜਾਂ ਕੋਈ ਸਕੂਟਰ ਦਿੰਦਾ ਹੈ ਤਾਂ ਉਹ ਆਪਣੀ ਜ਼ਮੀਨ ਵੇਚ ਕੇ ਦਿੰਦਾ ਹੈ। ਮਜੀਠੀਆ ਸਾਹਿਬ ਦੀ ਭੈਣ ਦਾ ਰਿਸ਼ਤਾ ਸਾਡੇ ਘਰ ਹੋਇਆ ਤਾਂ ਇਨ੍ਹਾਂ ਨੇ ਜਿਹੜੀ ਗੱਡੀ ਦਿੱਤੀ ਉਹ ਕਿਸ਼ਤਾਂ ਤੇ ਦਿੱਤੀ ਸੀ (ਥੰਪਿੰਗ) (ਵਿਘਨ) (ਸ਼ੋਰ) ਅੱਜ ਜਿਹੜੇ ਆਪਣੀ ਬੇਟੀ ਨੂੰ ਕਿਸ਼ਤਾਂ ਦੀਆਂ ਗੱਡੀਆਂ ਦਿੰਦੇ ਸਨ ਉਹ ਅੱਜ ਕਰੋੜ-ਕਰੋੜ ਦੀਆਂ ਗੱਡੀਆਂ ਤੇ ਚੜ੍ਹਦੇ ਹਨ ਅਤੇ ਇਨ੍ਹਾਂ ਨੇ ਅੱਜ ਮੇਰੇ ਤੇ ਜੋਜੋ ਟੈਕਸ ਲਿਖ ਕੇ ਲਿਆਂਦਾ ਹੈ। ਸਪੀਕਰ ਸਾਹਿਬ, ਉਹ ਪੰਜਾਬੀ ਵਿੱਚ ਕਹਿੰਦੇ ਹੁੰਦੇ ਹਨ ਕਿ ਘਰ ਦਾ ਭੇਤੀ ਲੰਕਾ ਢਾਹੇ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਗੈਰ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਮੇਰੀ ਤਾਈ ਜੀ ਦੀ ਡੈੱਥ ਹੋਈ। ਗਰੀਬ ਤੋਂ ਗਰੀਬ ਇਨਸਾਨ ਆਪਣੀ ਮਾਂ ਦੇ ਭੋਗ ਤੇ ਲੰਗਰ ਤੇ ਪ੍ਰਸ਼ਾਦ ਆਪਣੇ ਘਰੋਂ ਲਗਾਉਂਦਾ ਹੈ ਪਰੰਤੂ, ਸਪੀਕਰ ਸਾਹਿਬ, ਮੈਨੂੰ ਸਾਰੀ ਉਮਰ ਇਸ ਗੱਲ ਦਾ ਦੁੱਖ ਰਹੇਗਾ ਕਿ ਮੇਰੀ ਤਾਈ ਜੀ ਦੇ ਭੋਗ ਤੇ ਲੰਗਰ ਤੇ ਪ੍ਰਸ਼ਾਦ ਐਸ.ਜੀ.ਪੀ.ਸੀ. ਨੇ ਲਗਾਇਆ ਸੀ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਇਹ ਸਭ ਤੋਂ ਅਮੀਰ ਖਾਨਦਾਨ ਹੈ, ਮੇਰੀ ਤਾਈ ਜੀ ਨੂੰ ਕੈਂਸਰ ਹੋ ਗਿਆ ਸੀ ਪਰ ਉਨ੍ਹਾਂ ਦਾ ਇਲਾਜ ਪੰਜਾਬ ਸਰਕਾਰ ਨੇ ਕਰਵਾ ਕੇ ਦਿੱਤਾ ਸੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਨਾਅਰੇ ** ** ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਵਿੱਤ ਮੰਤਰੀ :** ਸਪੀਕਰ ਸਾਹਿਬ, ਜੇ ਗੱਲਾਂ ਸੁਣਨੀਆਂ ਹਨ ਤਾਂ ਮੈਂ ਸੁਣਾ ਸਕਦਾ ਹਾਂ। ਸਪੀਕਰ ਸਾਹਿਬ, ਇਲੈਕਸ਼ਨ ਖਤਮ ਹੋ ਗਏ ਸਨ ਪਰ ਅਜੇ ਉਨ੍ਹਾਂ ਦੀ ਗਿਣਤੀ ਨਹੀਂ ਹੋਈ ਸੀ, ਉਦੋਂ ਬਾਦਲ ਸਾਹਿਬ ਅਮਰੀਕਾ ਗਏ ਸਨ ਤੇ ਉੱਥੇ ਉਨ੍ਹਾਂ ਨੇ ਹਾਰਟ ਦਾ ਚੈੱਕ ਅੱਪ ਕਰਵਾਇਆ ਸੀ

---

** Not recorded as ordered by the Chair.

[ਵਿੱਤ ਮੰਤਰੀ]
ਤਾਂ ਉਸ ਦੇ ਪੈਸੇ ਵੀ ਪੰਜਾਬ ਸਰਕਾਰ ਨੇ ਹੀ ਦਿੱਤੇ ਸਨ। ਸਪੀਕਰ ਸਾਹਿਬ, ਜੇ ਗੱਲਾਂ ਹੀ ਸੁਣਨੀਆਂ ਹਨ ਤਾਂ ਮੈਂ ਦੱਸਦਾ ਹਾਂ ਕਿ ਗੁੜਗਾਉਂ ਵਿੱਚ 18 ਕਿੱਲੇ ਵਿੱਚ ਸੱਤ ਸਤਾਰਾ ਹੋਟਲ ਬਣਿਆ ਹੈ ਤੇ ਇਹ ਦੱਸਣ ਕਿ ਸ਼੍ਰੀ ਦੇਵੀ ਲਾਲ ਨੇ ਉਹ 18 ਕਿੱਲੇ ਬਾਦਲ ਸਾਹਿਬ ਨੂੰ ਕਿਉਂ ਦਿੱਤੇ ਸਨ? ਉਹ ਐਸ.ਵਾਈ.ਐਲ ਦਾ ਸੌਦਾ ਹੋਇਆ ਸੀ। ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਸਿਆਸੀ ਵਿਰੋਧੀ ਨਹੀਂ ਹਾਂ, ਮੈਂ ਇਨ੍ਹਾਂ ਦਾ ਸ਼ਰੀਕ ਹਾਂ। ਸਪੀਕਰ ਸਾਹਿਬ, ਜੇ ਮੇਰੇ ਵਿੱਚ ਰੱਤੀ ਭਰ ਵੀ ਖੋਟ ਹੁੰਦੀ ਤਾਂ ਇਨ੍ਹਾਂ ਨੇ ਮੈਨੂੰ ਟੰਗ ਦੇਣਾ ਸੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਵਿੱਤ ਮੰਤਰੀ :** ਜਿਨ੍ਹਾਂ ਨੇ ਚਿੱਟਾ ਵੇਚਿਆ, ਜਿਨ੍ਹਾਂ ਨੇ ਪੰਜਾਬ ਵੇਚਿਆ, ਅੱਜ ਉਹ ਮੇਰੇ ਤੇ ਉਂਗਲਾਂ ਚੁੱਕਦੇ ਹਨ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਜਿਹੜੇ ਚਿੱਟਾ ਵੇਚਦੇ ਹਨ। ਜਿਨ੍ਹਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਜਿਹੜੇ ਆਪਣੀ ਲੜਕੀ ਨੂੰ ਕਾਰ ਨਹੀਂ ਦੇ ਸਕਦੇ ਸੀ ਉਹ ਅੱਜ ਮੇਰੇ ਤੇ ਉਂਗਲਾਂ ਚੁੱਕਦੇ ਹਨ। ਜਿਹੜੇ ਅੱਜ ਸਰਕਾਰੀ ਤੇਲ ਅਤੇ ਸਰਕਾਰੀ ਗੱਡੀਆਂ ਵੇਚਦੇ ਹਨ, ਉਹ ਮੇਰੇ ਤੇ ਉਂਗਲਾਂ ਚੁੱਕਦੇ ਹਨ। ਸਪੀਕਰ ਸਾਹਿਬ, ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜੇ ਤੁਸੀਂ ਹਿਸਟਰੀ ਪੜ੍ਹੋਗੇ ਤਾਂ ਹਿਸਟਰੀ ਦੇ ਵਿੱਚ ਬੜੇ ਘਟੀਆ ਬੰਦੇ ਬੜਾ ਲੰਬਾ ਰਾਜ ਕਰਕੇ ਗਏ, ਇਹ ਉਨ੍ਹਾਂ ਵਿੱਚੋਂ ਸਨ। ਇਹ ਕੋਈ ਬਹੁਤੀ ਹੈਰਾਨੀ ਦੀ ਗੱਲ ਨਹੀਂ ਹੈ। ਸਪੀਕਰ ਸਾਹਿਬ, ਜਿਹੜੇ ਕਹਿੰਦੇ ਹਨ ਕਿ ਮਨਪ੍ਰੀਤ ਨੂੰ ਵਿੱਤ ਵਿਭਾਗ ਚਲਾਉਣਾ ਨਹੀਂ ਆਉਂਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਬੱਸਾਂ ਬਣਾਉਣੀਆਂ ਨਹੀਂ ਆਉਂਦੀਆਂ, ਮੈਨੂੰ ਫਾਈਵ ਸਟਾਰ ਹੋਟਲ ਨਹੀਂ ਬਣਾਉਣੇ ਆਉਂਦੇ, ਮੈਨੂੰ ਚਿੱਟਾ ਵੇਚਣਾ ਨਹੀਂ ਆਉਂਦਾ (ਥੰਪਿੰਗ)। ਸਪੀਕਰ ਸਾਹਿਬ, ਮੈਨੂੰ ਪੰਜਾਬ ਦਾ ਖਜ਼ਾਨਾ ਲੁੱਟਣਾ ਨਹੀਂ ਆਉਂਦਾ।

---------

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਮੈਂ ਹਾਊਸ ਨੂੰ 20 ਮਿੰਟ ਵਾਸਤੇ ਐਡਜਰਨ ਕਰਦਾ ਹਾਂ।

*11.42 ਵਜੇ ਪੂਰਵ ਦੁਪਹਿਰ) (ਇਸ *ਸਮੇਂ ਸਦਨ 20 ਮਿੰਟ ਲਈ ਸਥੱਗਿਤ ਹੋ ਗਿਆ।)

*12.02 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

-----------

** Not recorded as ordered by the Chair.

## GENERAL DISCUSSION ON THE BUDGET ESTIMATES FOR THE YEAR 2018-19 (*Resumption)*

**ਮਾਨਯੋਗ ਸਪੀਕਰ** : ਹਾਂ ਜੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਇੱਕ ਵਾਰ ਫਿਰ... (ਵਿਘਨ) (ਸ਼ੋਰ)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੋਂ ਅੱਗੇ ਆ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ ਕਿ ਵਿਧਾਨ ਸਭਾ ਦੀ ਕਿਸਾਨਾਂ ਦੀ ਆਤਮ ਹੱਤਿਆ ਅਤੇ ਖੇਤ ਮਜ਼ੂਦਰਾਂ ਦੇ ਸਬੰਧ ਵਿੱਚ ਇੱਕ ਕਮੇਟੀ ਬਣੀ ਸੀ। ਤੁਸੀਂ ਇੱਥੇ ਸਦਨ ਵਿੱਚ ਕਿਹਾ ਸੀ ਕਿ ਫਾਰਮਰਜ਼ ਸੁਸਾਈਡ ਤੇ ਰਿਪੋਰਟ ਆ ਲੈਣ ਦਿਓ ਤੇ ਫਿਰ ਆਪਾਂ ਇਸ ਤੇ ਸੈਪਰੇਟ ਡਿਸਕਸ਼ਨ ਮੰਗਦੇ ਸੀ ਕਿ ਕਮੇਟੀ ਨੇ ਕੰਮ ਕੀਤਾ ਹੋਇਆ ਹੈ ਅਤੇ ਉਸ ਦੀ ਰਿਪੋਰਟ ਸਦਨ ਵਿੱਚ ਆਵੇਗੀ ਅਤੇ ਉਸ ਉਤੇ ਬਹਿਸ ਹੋਵੇਗੀ। ਹੁਣ ਆਪਾਂ ਉਸ ਨੂੰ ਬਿਲਕੁਲ ਅਖਰੀਲੇ ਦਿਨ ਜਦੋਂ.......... (ਵਿਘਨ)

**ਮਾਨਯੋਗ ਸਪੀਕਰ**: ਆਪਾਂ ਬਜਟ ਤੇ ਗੱਲ ਕਰ ਲਈਏ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਜਦੋਂ ਅੱਜ ਸੈਸ਼ਨ sine die ਹੋ ਜਾਣਾ ਹੈ ਤਾਂ ਫਿਰ ਡਿਸਕਸ਼ਨ ਕਦੋਂ ਕਰਾਂਗੇ?(ਵਿਘਨ)

**ਮਾਨਯੋਗ ਸਪੀਕਰ** : ਬਜਟ ਤੇ ਗੱਲ ਕਰ ਲਈਏ।(ਵਿਘਨ) ਹਾਂ ਜੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਅੱਜ ਤਾਂ ਹਾਊਸ ਖਤਮ ਹੋ ਜਾਣਾ ਹੈ ਜੀ।

**ਮਾਨਯੋਗ ਸਪੀਕਰ**: ਤੁਸੀਂ ਡਿਮਾਂਡਜ਼ ਤੇ ਬੋਲ ਲੈਣਾ।(ਵਿਘਨ) ਹਾਂ ਜੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਜਾਂ ਤਾਂ ਇਸ ਵਾਸਤੇ ਸਪੈਸ਼ਲ ਸੈਸ਼ਨ ਬੁਲਾਓ, ਭਾਵੇਂ ਇੱਕ ਦਿਨ ਦਾ ਸੈਸ਼ਨ ਇਸ ਰਿਪੋਰਟ ਉਤੇ ਰੱਖ ਲਵੋ। (ਵਿਘਨ) ਫਿਰ ਰਿਪੋਰਟ ਲਿਆਉਣ ਦਾ ਫਾਇਦਾ ਕੀ ਹੈ?

**ਮਾਨਯੋਗ ਸਪੀਕਰ** : ਚਲੋ, ਤੁਸੀਂ ਆਪਣੀ ਗੱਲ ਕਹਿ ਲਈ ਹੈ। ਬੈਠੋ ਪਲੀਜ਼।ਹਾਂ ਜੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡਾ ਇੱਕ ਵਾਰ ਫਿਰ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਕਨਕਲੂਡ ਕਰਨ ਦਾ ਮੌਕਾ ਦਿੱਤਾ...

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਹਾਜ਼ਰ ਮੈਂਬਰ ਬਿਨਾਂ ਇਜਾਜ਼ਤ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਕੱਲ੍ਹ ਬੋਲ ਲਏ ਹੋ। ਤੁਸੀਂ ਮੇਰੀ ਗੈਰ ਹਾਜ਼ਰੀ ਵਿੱਚ ਬੋਲ ਲਏ ਹੋ। ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਗੈਰ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਜੇ ਰੱਬ ਨੂੰ ਇੱਕ ਚੀਜ਼ ਨਾ ਪਸੰਦ ਹੈ ਤਾਂ ਉਹ ਹੈ ਹੰਕਾਰ। ਕਿਸੇ ਇਨਸਾਨ ਦੇ ਵਿੱਚ ਰੱਬ ਇੱਕ ਗੱਲ ਤੋਂ ਨਫਰਤ ਕਰਦਾ ਹੈ ਤਾਂ ਉਹ ਹੰਕਾਰ ਤੋਂ, ਗਰੂਰ ਤੋਂ ਕਰਦਾ ਹੈ, ਤਕੱਬਰ ਤੋਂ ਨਫਰਤ ਕਰਦਾ ਹੈ। ਸਪੀਕਰ ਸਾਹਿਬ, ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਾਤੀ ਆਦਿ ਦੀ ਸਿਆਸਤ ਦਾ ਕਾਇਲ ਨਹੀਂ ਹਾਂ। ਸਪੀਕਰ ਸਾਹਿਬ, ਮੈਂ ਤਕਰਾਰ ਦੇ ਕਲਾਮ ਜਿਹੜੇ ਹਨ, ਉਹ ਨਹੀਂ ਬੋਲਦਾ ਪਰ ਸਪੀਕਰ ਸਾਹਿਬ, ਪੰਜਾਬ ਵਿੱਚ ਇਹ ਆਮ ਗੱਲ ਪ੍ਰਚੱਲਿਤ ਹੈ ਕਿ ਜੇ ਬਾਦਲ ਸਾਹਿਬ ਕਿਸੇ ਬੰਦੇ ਨੂੰ ਪਾਰਟੀ ਵਿੱਚ ਕੱਢ ਦੇਣ ਤਾਂ ਉਹ ਬੰਦਾ ਕਿਤੇ ਹਰਾ ਨਹੀਂ ਹੋ ਸਕਦਾ । ਜਿਹੜੇ ਅੱਜ ਵਾਕ ਆਊਟ ਕਰਕੇ ਗਏ ਹਨ ਉਹ ਇਹ ਸੁਣ ਕੇ ਨਹੀਂ ਗਏ। ਸਪੀਕਰ ਸਾਹਿਬ, ਗੱਲ ਬਜਟ ਦੀ ਨਹੀਂ ਹੈ, ਗੱਲ ਫਿਗਰਜ਼ ਦੀ ਨਹੀਂ ਹੈ, ਰੌਲਾ ਕਿਸ ਬਾਤ ਦਾ ਹੈ, ਸਿਆਸਤ ਦਾ ਹੁੰਦਾ ਤਾਂ ਸਿਆਸਤ ਤਾਂ ਸੌ ਜਗ੍ਹਾ ਹੋਰ ਕੀਤੀ ਜਾ ਸਕਦੀ ਹੈ। ਜੇ ਰੌਲਾ ਮਨਿਸਟਰੀਆਂ ਦਾ ਹੁੰਦਾ ਤਾਂ ਮਨਿਸਟਰ ਤਾਂ ਹੋਰ ਵੀ ਬੈਠੇ ਹਨ। ਸਪੀਕਰ ਸਾਹਿਬ, ਦਰਅਸਲ ਗੱਲ ਇਹ ਹੈ ਕਿ ਮੈਂ ਇਨ੍ਹਾਂ ਦਾ ਸਿਆਸੀ ਹਰੀਫ ਨਹੀਂ ਹਾਂ। ਮੈਂ ਇਨ੍ਹਾਂ ਦਾ ਸ਼ਰੀਕ ਹਾਂ। ਮੈਂ ਇਨ੍ਹਾਂ ਨੂੰ ਇੱਥੇ ਬੈਠਾ ਚੰਗਾ ਨਹੀਂ ਲੱਗਦਾ। ਸਪੀਕਰ ਸਾਹਿਬ, ਤੁਸੀਂ ਇਹ ਦੇਖੋ ਕਿ ਇਨ੍ਹਾਂ ਨੇ ਮੈਨੂੰ ਕਿਹਾ ਕਿ ਤੂੰ ਇੱਥੇ ਮੰਤਰੀ ਬਣ ਗਿਆ। ਇੱਥੇ ਫਲਾਣੇ ਬੰਦੇ ਮੰਤਰੀ ਹੋਣੇ ਚਾਹੀਦੇ ਸੀ। ਸਪੀਕਰ ਸਾਹਿਬ, 70 ਸਾਲ ਦੀ ਹਿੰਦੁਸਤਾਨ ਦੀ ਹਿਸਟਰੀ ਦੇਖੋ, ਬਾਦਲ ਸਾਹਿਬ ਮੁੱਖ ਮੰਤਰੀ, ਬਾਦਲ ਸਾਹਿਬ ਦਾ ਬੇਟਾ ਡਿਪਟੀ ਮੁੱਖ ਮੰਤਰੀ, ਮੁੰਡੇ ਦਾ ਸਾਲਾ ਉਹ ਵੀ ਮੰਤਰੀ, ਜਵਾਈ ਉਹ ਵੀ ਮੰਤਰੀ, ਮੁੰਡੇ ਦੀ ਘਰਵਾਲੀ ਉਹ ਦਿੱਲੀ ਵਿੱਚ ਮੰਤਰੀ। ਸਪੀਕਰ ਸਾਹਿਬ, ਬਾਦਲ ਪਰਿਵਾਰ ਦੇ ਵਿਚ ਕੋਈ ਬਾਲਗ, ਬਾਲਗ ਦਾ ਮਤਲਬ ਹੈ ਜਿਸ ਦੀ ਉਮਰ 18 ਸਾਲ ਤੋਂ ਉੱਤੇ ਹੋਵੇ ਉਹ ਬੇਰੁਜ਼ਗਾਰ ਨਹੀਂ। ਸਾਰਾ ਪੰਜਾਬ ਬੇਰੁਜ਼ਗਾਰ ਤੁਰਿਆ ਫਿਰਦਾ ਹੈ। ਸਾਬਕਾ ਡਿਪਟੀ ਸੀ.ਐਮ. ਸਾਹਿਬ ਨੇ ਇਹ ਗੱਲ ਸੱਚ ਕਹੀ ਕਿ ਮਨਪ੍ਰੀਤ ਨੂੰ ਫਾਈਨਾਂਸ ਨਹੀਂ ਆਉਂਦਾ। ਸਪੀਕਰ ਸਾਹਿਬ, ਵਾਕਿਆ ਹੀ ਮੈਨੂੰ ਫਾਈਨਾਂਸ ਨਹੀਂ ਆਉਂਦਾ ਕਿਉਂਕਿ ਜੇ ਫਾਇਨਾਂਸ ਆਉਂਦਾ ਹੁੰਦਾ ਤਾਂ 25 ਸਾਲ, ਇੱਕ ਦਾਦੇ ਦੀ ਔਲਾਦ ਹੈ । ਅੱਜ, ਸਪੀਕਰ ਸਾਹਿਬ, ਹਾਊਸ ਦੀ ਇੱਕ ਕਮੇਟੀ ਬਣਾ ਦਿਉ ਅਤੇ ਭਾਵੇਂ ਹਾਊਸ ਨੂੰ ਸੀਲਡ ਕਵਰ ਵਿਚ ਹੀ ਰਿਪੋਰਟ ਦੇ ਦਿਉ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਦੇ ਨੌਕਰ ਤੇ ਮੁਨਸ਼ੀ ਹਨ ਅਤੇ ਨੌਕਰਾਂ ਦੇ ਨੌਕਰ ਹਨ, ਉਨ੍ਹਾਂ ਦੀਆਂ ਕੋਠੀਆਂ ਵੀ ਮਨਪ੍ਰੀਤ ਦੀਆਂ ਕੋਠੀਆਂ ਨਾਲੋਂ ਵੱਡੀਆਂ ਹਨ ਹਾਲਾਂਕਿ ਅਸੀਂ ਜਾਇਦਾਦ ਦੇ ਵਿਚ ਬਰਾਬਰ ਸੀ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਮਨਪ੍ਰੀਤ ਨੂੰ ਫਾਈਨਾਂਸ ਨਹੀਂ ਆਉਂਦਾ। ਮੈਨੂੰ ਫਾਈਨਾਂਸ ਇਸ ਕਰਕੇ ਨਹੀਂ ਆਉਂਦਾ । ਮੈਂ ਪੰਜਾਬ ਦੇ 6 ਬਜਟ ਪੇਸ਼ ਕੀਤੇ ਹਨ । ਸਪੀਕਰ ਸਾਹਿਬ, 6 ਬਜਟ ਪੇਸ਼ ਕਰਕੇ ਇੱਕ ਜਿਹੜਾ ਮਨਿਸਟਰ ਹੈ, ਉਹ ਦਿੱਲੀ ਜਾਂਦਾ ਹੈ, ਉਹ ਮੀਟਿੰਗਾਂ ਤੇ ਜਾਂਦਾ ਹੈ ਔਰ ਕਿੰਨੀ ਵਾਰ ਜਾਂਦਾ ਹੋਣਾ ਹੈ, ਸਾਲ ਵਿਚ ਸੈਂਕੜੇ ਵਾਰੀ ਜਾਂਦਾ ਹੈ। ਸਪੀਕਰ ਸਾਹਿਬ, ਮੈਨੂੰ ਫਾਈਨਾਂਸ ਨਹੀਂ ਆਉਂਦਾ ਕਿਉਂਕਿ ਜਿਵੇਂ ਮੈਂ 6 ਸਾਲ ਮਨਿਸਟਰ ਰਿਹਾ ਹਾਂ ਤਾਂ ਮੈਂ ਇੱਕ ਵੀ ਲੀਟਰ ਪੈਟਰੋਲ, ਇੱਕ ਵੀ ਹਵਾਈ ਜਹਾਜ਼ ਦੀ ਟਿਕਟ, ਇੱਕ ਵੀ ਰੇਲਵੇ ਦੀ ਟਿਕਟ ਪੰਜਾਬ ਸਰਕਾਰ ਤੋਂ ਨਹੀਂ ਲਈ।(ਥੰਪਿੰਗ) ਸਪੀਕਰ ਸਾਹਿਬ, ਮੈਨੂੰ ਫਾਇਨਾਂਸ ਨਹੀਂ

ਆਉਂਦਾ? ਫਾਇਨਾਂਸ ਇਨ੍ਹਾਂ ਨੂੰ ਆਉਂਦਾ ਹੈ ਜਿਹੜਾ ਇਨ੍ਹਾਂ ਨੇ 15 ਕਰੋੜ ਰੁਪਿਆ ਇੱਕ ਸਾਲ ਵਿਚ ਹੈਲੀਕਾਪਟਰਾਂ ਤੇ ਖਰਚਿਆ। ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਓ, 2017 ਦੇ ਇਲੈਕਸ਼ਨ ਹੋ ਚੁੱਕੇ ਸਨ ਜਿਸ ਦੀ ਅਜੇ ਗਿਣਤੀ ਬਾਕੀ ਸੀ। ਬਾਦਲ ਸਾਹਿਬ ਦਿਲ ਦਾ ਇਲਾਜ ਕਰਵਾਉਣ ਵਾਸਤੇ ਅਮਰੀਕਾ ਗਏ। ਮੈਂ ਇਲਾਜ ਦੀ ਗੱਲ ਨਹੀਂ ਕਰ ਰਿਹਾ। ਏਅਰਪੋਰਟ ਤੇ ਜਿਹੜਾ ਕਮਰਾ ਹੁੰਦਾ ਹੈ ਜਿਸ ਨੂੰ ਵੇਟਿੰਗ ਲਾਊਂਜ ਕਹਿੰਦੇ ਹਨ। ਬਾਦਲ ਸਾਹਿਬ ਨੇ ਜਿਹੜਾ ਅਮਰੀਕਾ ਵਿਚ ਕਮਰਾ ਲਿਆ ਸੀ ਉਸ ਉਤੇ ਉਨ੍ਹਾਂ ਨੇ ਸਿਰਫ 15 ਮਿੰਟ ਵਾਸਤੇ ਇਸ ਗਰੀਬ ਕੌਮ ਦਾ 40 ਲੱਖ ਰੁਪਿਆ ਲਗਾਇਆ। ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਜੋ ਕੁਝ ਬਣਿਆ ਇਹ ਬਾਦਲ ਸਾਹਿਬ ਨੇ ਪੰਜਾਬ ਵਿਚ ਬਣਾਇਆ। ਸਪੀਕਰ ਸਾਹਿਬ, ਜਿਹੜੇ ਸਦਨ ਵਿਚ ਤੁਸੀਂ ਬੈਠੇ ਹੋ ਇਹ ਬਾਦਲ ਸਾਹਿਬ ਨੇ ਬਣਾਇਆ? ਭਾਖੜਾ ਡੈਮ ਬਣਿਆ ਹੈ ਕੀ ਇਹ ਬਾਦਲ ਸਾਹਿਬ ਨੇ ਬਣਾਇਆ? ਚੰਡੀਗੜ੍ਹ ਸ਼ਹਿਰ ਬਣਿਆ ਹੈ ਕੀ ਇਹ ਅਕਾਲੀ ਦਲ ਨੇ ਬਣਾਇਆ? ਪੀ.ਏ.ਯੂ. ਬਣਿਆ ਹੈ, ਕੀ ਇਹ ਬਾਦਲ ਸਾਹਿਬ ਨੇ ਬਣਾਇਆ? ਇੱਥੇ ਹਰੀ ਕ੍ਰਾਂਤੀ ਆਈ, ਇੱਥੇ ਸੜਕਾਂ ਬਣੀਆਂ। ਸਪੀਕਰ ਸਾਹਿਬ, ਪੰਜਾਬ ਵਿਚ ਜੋ ਵੀ ਤਰੱਕੀ ਦੇ ਮਨਸੂਬੇ ਤੁਹਾਨੂੰ ਨਜ਼ਰ ਆਉਂਦੇ ਹਨ ਇਹ ਕਾਂਗਰਸ ਪਾਰਟੀ ਦੀ ਕੋਸ਼ਿਸ਼ ਦੇ ਕਾਵਜ਼ ਹਨ। (ਥੰਪਿੰਗ) ਸਪੀਕਰ ਸਾਹਿਬ, ਮੇਰਾ ਕੋਈ ਕਾਰੋਬਾਰ ਨਹੀਂ ਹੈ। ਮੇਰਾ ਕੋਈ ਵੀ business ਨਹੀਂ ਹੈ। ਮੈਂ ਪੇਸ਼ੇ ਤੋਂ ਕਿਸਾਨ ਹਾਂ ਪਰ ਮੈਨੂੰ ਇੰਨਾ ਪਤਾ ਹੈ ਕਿਉਂਕਿ ਇਨ੍ਹਾਂ ਨੇ ਕਿਹਾ ਕਿ ਕਰਜ਼ੇ ਦਾ ਕੀ ਹੁੰਦਾ ਹੈ। ਅਮਰੀਕਾ ਤੇ ਕਰਜ਼ਾ ਚੜ੍ਹ ਗਿਆ, ਜਾਪਾਨ ਤੇ ਚੜ੍ਹ ਗਿਆ। ਸਪੀਕਰ ਸਾਹਿਬ, ਇਹ ਇਸ ਤਰ੍ਹਾਂ ਬੋਲਦੇ ਸੀ ਜਿਵੇਂ ਕੋਈ ਜੂਲੀਅਸ ਸੀਜ਼ਰ ਦੀ ਰੂਹ ਆ ਗਈ ਹੁੰਦੀ ਹੈ । ਸਪੀਕਰ ਸਾਹਿਬ, ਮੈਂ ਇੱਕ ਕਿਸਾਨ ਹਾਂ, ਮੈਨੂੰ ਇੱਕ ਗੱਲ ਦਾ ਪਤਾ ਹੈ ਕਿ ਜਦੋਂ ਮੈਂ ਇੱਕ ਏਕੜ ਵਿਚ ਕਣਕ ਦਾ ਇੱਕ ਮਣ ਬੀਜ ਪਾਉਂਦਾ ਹਾਂ ਤਾਂ ਪ੍ਰਮਾਤਮਾ ਮੇਰੀ ਮਿਹਨਤ ਤੋਂ ਖੁਸ਼ ਹੋ ਕੇ ਇਨਾਮ ਦੇ ਤੌਰ ਤੇ ਮੈਨੂੰ ਇੱਕ ਮਣ ਨੂੰ 40-50-60 ਗੁਣਾ ਕਰਕੇ ਦੇ ਦਿੰਦਾ ਹੈ। ਇਸ ਤੋਂ ਬਾਅਦ ਮੈਂ ਆਪਣੀ ਕਣਕ ਦੀ ਫਸਲ ਜਾ ਕੇ ਦੇਖਾਂਗਾ ਪਰ ਸਪੀਕਰ ਸਾਹਿਬ, ਜੇ ਕਿਸੇ ਕਿਸਾਨ ਕੋਲ ਬੀਜ ਵੀ ਪਾਉਣ ਨੂੰ ਨਾ ਹੋਵੇ ਤੇ ਫਿਰ ਉਸ ਦੀ ਪ੍ਰਮਾਤਮਾ ਵੀ ਮਦਦ ਨਹੀਂ ਕਰ ਸਕਦਾ । ਸਪੀਕਰ ਸਾਹਿਬ, ਮੈਨੂੰ ਚਿੰਤਾ ਸਿਰਫ ਇੱਕੋ ਗੱਲ ਦੀ ਹੈ, ਪੰਜਾਬ ਆਪਣਾ ਬੀਜ ਵੀ ਖਾ ਚੁੱਕਾ ਹੈ । ਇਸ ਕਿਸਾਨ ਦੀ ਪਰਮਾਤਮਾ ਕਿਵੇਂ ਮਦਦ ਕਰੇਗਾ ਜਿਸ ਕਿਸਾਨ ਕੋਲ ਆਪਣਾ ਬੀਜ ਵੀ ਨਹੀਂ ਹੈ। ਇਸ ਕਰਕੇ ਸਪੀਕਰ ਸਾਹਿਬ, ਮੈਂ ਤੁਹਾਨੂੰ ਇੱਕ ਗੱਲ ਕਹਿੰਦਾ ਹਾਂ ਕਿ ਪੰਜ ਸਾਲ ਵਾਸਤੇ ਇਹ ਜਿਹੜੀ ਪੰਜਾਬ ਦੇ ਲੋਕਾਂ ਨੇ, ਕੈਪਟਨ ਸੀ.ਐਮ.ਸਾਹਿਬ ਤੇ ਹੱਥ ਰੱਖਿਆ, ਇਨ੍ਹਾਂ ਤੇ ਭਰੋਸਾ ਕੀਤਾ ਹੈ। ਇੱਕ ਖਾਸ ਮੁੱਦਤ ਵਾਸਤੇ ਖਜ਼ਾਨੇ ਦਾ ਸਮਝ ਲਓ, ਆਪਣੀ ਤਕਦੀਰ ਦੀ ਵਾਗਡੋਰ ਜਿਹੜੀ ਹੈ, ਉਹ ਸਾਡੇ ਹੱਥ ਵਿੱਚ ਦਿੱਤੀ ਹੈ । ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਦੀ ਇੱਕ ਖਾਸ ਮੁੱਦਤ ਵਾਸਤੇ ਸਾਡੇ ਕੋਲ ਅਮਾਨਤ ਹੈ। ਸਪੀਕਰ ਸਾਹਿਬ, ਇਹ ਪੈੱਨ ਹੈ । ਇਹ ਮੇਰਾ ਪੈੱਨ ਹੈ । ਮੈਂ ਕਿਸੇ ਬੰਦੇ ਨੂੰ ਦੇ ਸਕਦਾ ਹਾਂ ਪਰ ਜੇ ਪੈੱਨ ਤੁਹਾਡਾ ਹੋਵੇ ਤੇ ਮੈਂ ਤੁਹਾਡੇ ਤੋਂ ਬਿਨਾਂ ਪੁੱਛੇ ਕਿਵੇਂ ਦੇ ਦੇਵਾਂਗਾ? ਸਪੀਕਰ ਸਾਹਿਬ, ਇਸ ਅਮਾਨਤ ਵਿੱਚ ਜਿਹੜੀ ਖਿਆਨਤ ਹੈ, ਇਹ ਨਹੀਂ ਹੋ ਸਕਦੀ । ਮੈਂ ਬਜਟ ਦੀਆਂ ਗੱਲਾਂ ਤੇ ਹੀ ਹੁਣ ਆਉਣਾ ਚਾਹਾਂਗਾ ਕਿਉਂਕਿ ਇਹ ਜਿਹੜੀ ਤਲਖੀ ਦੀ ਸਿਆਸਤ ਹੈ, ਇਸ ਨੂੰ ਬਹੁਤੀ ਦੇਰ ਤੱਕ ਅੱਗੇ ਨਹੀਂ ਲਿਜਾ ਸਕਦਾ। ਪਰ, ਸਪੀਕਰ ਸਾਹਿਬ, ਗੱਲ ਜਿੱਥੋਂ ਸ਼ੁਰੂ ਕਰਨੀ ਚਾਹੁੰਦਾ ਹਾਂ ਕਿ 11 ਤਾਰੀਖ ਨੂੰ ਪੰਜਾਬ ਵਿਧਾਨ ਸਭਾ ਦੇ ਇਲੈਕਸ਼ਨ ਦੀ ਗਿਣਤੀ ਹੋਈ ਔਰ ਇਨ੍ਹਾਂ ਨੇ 10 ਮਾਰਚ ਨੂੰ 30,000 ਕਰੋੜ ਰੁਪਏ ਦੀ ਸੀ.ਸੀ.ਐਲ. ਲਿਮਟ ਸੀ ਉਸ ਨੂੰ ਇਨ੍ਹਾਂ ਨੇ ਟਰਮ ਲੋਨ ਵਿੱਚ ਕਨਵਰਟ ਕਰ ਦਿੱਤਾ । ਜੇ 24 ਘੰਟੇ ਰੁਕ ਜਾਂਦੇ, ਨਵੀਂ ਸਰਕਾਰ ਆ ਜਾਂਦੀ। ਸਪੀਕਰ ਸਾਹਿਬ, ਸਾਡੇ ਕੋਲ ਉਹ ਦਸਤਾਵੇਜ਼ ਮੌਜੂਦ ਹਨ ਜਿਹੜੇ ਦਸਤਾਵੇਜ਼ ਇਹ ਕਹਿ ਰਹੇ ਹਨ ਕਿ ਗੌਰਮਿੰਟ ਆਫ ਇੰਡੀਆ ਕੀ ਕਹਿ ਰਹੀ ਹੈ? ਗੌਰਮਿੰਟ ਆਫ ਇੰਡੀਆ ਇਹ ਕਹਿ ਰਹੀ ਸੀ ਕਿ ਚਲੋ, 30,000 ਕਰੋੜ ਰੁਪਏ ਦਾ ਮਸਲਾ ਹੈ । 10,000 ਕਰੋੜ ਰੁਪਿਆ ਬੈਂਕਾਂ ਦੇ ਸਿਰ ਪਾ ਦਿਓ,

[ਵਿੱਤ ਮੰਤਰੀ]

10,000 ਕਰੋੜ ਰੁਪਿਆ ਫੂਡ ਮਨਿਸਟਰੀ ਆਫ ਗੌਰਮਿੰਟ ਆਫ ਇੰਡੀਆ ਆਪਣੇ ਸਿਰ ਲੈ ਲਏ ਤੇ 10,000 ਕਰੋੜ ਰੁਪਿਆ ਪੰਜਾਬ ਦੇ ਸਿਰ ਕਰ ਦਿਉ । ਸਪੀਕਰ ਸਾਹਿਬ, ਅੱਜ ਢੀਂਡਸਾ ਜੀ ਆਏ ਨਹੀਂ । ਇਸ ਤੋਂ ਗੈਰ ਜ਼ਿੰਮੇਵਾਰਾਨਾ ਹਰਕਤ ਕੀ ਹੋ ਸਕਦੀ ਹੈ । ਅੱਜ ਪੰਜਾਬ ਦੇ ਨਵੇਂ ਕਾਨੂੰਨ ਬਣਨੇ ਹਨ । ਪੰਜਾਬ ਵਿੱਚ ਅੱਜ ਫਾਇਨਾਂਸ਼ੀਅਲ ਬਿਲ ਪਾਸ ਹੋਣਾ ਹੈ ਪਰ ਇਹ ਗੈਰ ਹਾਜ਼ਰ ਹਨ ਕਿ ਮੈਂ ਕਿਤੇ ਜਾਣਾ ਹੈ । ਸਪੀਕਰ ਸਾਹਿਬ, ਚਾਰ-ਪੰਜ ਦਿਨ ਪਹਿਲਾਂ ਸ਼ਹੀਦ ਭਗਤ ਸਿੰਘ ਜੀ ਦਾ ਸ਼ਹਾਦਤ ਦਿਵਸ ਸੀ । ਸੀ.ਐਮ.ਸਾਹਿਬ ਵੀ ਗਏ ਸੀ । ਅਸੀਂ ਮੁਖਤਲਿਫ਼ ਥਾਵਾਂ ਤੇ ਉਨ੍ਹਾਂ ਨੂੰ ਖਰਾਜੇ-ਤਾਸੀਲ ਪੇਸ਼ ਕਰਕੇ ਆਏ ਹਾਂ। ਸਪੀਕਰ ਸਾਹਿਬ, ਉਹ ਤਾਂ ਹੈ ਨਹੀਂ ਪਰ ਉਨ੍ਹਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਲਹੂ ਦੀ ਸਹੁੰ ਲੱਗੇ, ਭਗਤ ਸਿੰਘ ਦੇ ਖ਼ੂਨ ਦੀ ਕਸਮ ਹੈ, ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ । ਮੈਨੂੰ ਇਹ ਵੀ ਪਤਾ ਚਲਿਆ ਹੈ ਕਿ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਦਸਤਖਤ ਕਰਕੇ ਰਾਜ਼ੀ ਨਹੀਂ ਸੀ ਪਰ ਜਿਹੜੇ ਇਹ ਦੂਜੇ ਹਜ਼ਰਾਤ ਸੀ, ਇਨ੍ਹਾਂ ਨੇ ਕਿਹਾ, ਨਹੀਂ, ਛੇਤੀ ਕਰੋ, ਅਗਲੀ ਸਰਕਾਰ ਦੇ ਆਉਣ ਤੋਂ ਪਹਿਲਾਂ ਪਹਿਲਾਂ ਕਰੋ। ਇਹ 30,000 ਕਰੋੜ ਰੁਪਏ ਦਾ ਮਤਲਬ ਕੀ ਹੈ ? 30,000 ਕਰੋੜ ਦਾ ਮਤਲਬ ਇਹ ਹੈ ? ਸਪੀਕਰ ਸਾਹਿਬ, ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਤਿੰਨ ਕਰੋੜ ਅਬਾਦੀ ਹੈ ਤੇ ਪੰਜਾਬ ਦਾ ਜਿਹੜਾ ਇੱਕ ਇੱਕ ਬੱਚਾ ਹੈ, ਇਸ ਤਰ੍ਹਾਂ ਇਹ ਹਰ ਬੱਚੇ ਤੇ, ਹਰ ਨੌਜਵਾਨ ਤੇ, ਹਰ ਬਜ਼ੁਰਗ ਉਤੇ 10,000 ਰੁਪਏ ਦਾ ਪਰ-ਕੈਪਿਟਾ ਕਰਜ਼ਾ ਕਰਕੇ ਗਏ ਹਨ । ( ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਸ ਦਾ ਮਤਲਬ ਹੈ ਕਿ 3240 ਕਰੋੜ ਹਰ ਸਾਲ ਦੇਣਾ ਪੈਣਾ ਹੈ, ਸਪੀਕਰ ਸਾਹਿਬ, 3240 ਕਰੋੜ ਹੀ ਨਾ ਸਮਝਣਾ । ਜਿਹੜੀਆਂ ਸੈਂਟਰਲੀ ਸਪਾਂਸਰਡ ਸਕੀਮਾਂ ਹਨ ਉਹ 60:40, 50:50 ਰੇਸ਼ੋ ਤੇ ਆਉਂਦੀਆਂ ਹਨ ਇਸ ਤਰ੍ਹਾਂ ਤਾਂ ਇਹ ਪੰਜਾਬ ਨੂੰ 7000 ਕਰੋੜ ਰੁਪਏ ਦਾ ਘਾਟਾ ਪੈਣ ਲੱਗਾ ਹੈ । ਸਪੀਕਰ ਸਾਹਿਬ, ਇਹ ਗੱਲਾਂ ਬੜੀਆਂ ਬੋਰਿੰਗ ਜਿਹੀਆਂ ਹੁੰਦੀਆਂ ਹਨ। ਜਿਹੜੀ ਸੀ.ਸੀ.ਐਲ ਲਿਮਟ ਹੈ, ਇਸ ਸਾਲ ਸਾਡੇ ਕੋਲੋਂ 1400 ਕਰੋੜ ਰੁਪਿਆ ਗੌਰਮਿੰਟ ਆਫ ਇੰਡੀਆ ਨੇ ਫੂਡਗਰੇਨ ਦੀ ਖਰੀਦ ਤੋਂ ਪਹਿਲਾਂ ਆਰ.ਬੀ.ਆਈ. ਵਿੱਚ ਜਮ੍ਹਾਂ ਕਰਵਾਇਆ ਹੈ ਤਾਂ ਸਾਨੂੰ ਸੀ.ਸੀ.ਐਲ. ਦਿੱਤੀ ਹੈ। ਇਨ੍ਹਾਂ ਲੋਕਾਂ ਦੀ ਵਜ੍ਹਾ ਨਾਲ 5000 ਕਰੋੜ ਰੁਪਏ ਦਾ ਐਕਸਟਰਾ ਬੋਝ ਬਣਿਆ । ਸਪੀਕਰ ਸਾਹਿਬ, ਇਹ ਫਿਰ ਕਈ ਵਾਰ ਚਿੜ ਜਾਂਦੇ ਹਨ ਕਿ ਸ਼ੇਅਰ ਬੋਲਦਾ ਹੈ:- ਪਰ ਉਹ ਕਹਿੰਦਾ ਹੈ ਕਿ -

"ਅਗਰ ਮੌਜੇ ਡੁਬੋ ਦੇਤੀ, ਜੇ ਲਹਿਰਾਂ ਡੁਬੋ ਦਿੰਦੀਆਂ ਤਾਂ ਕੁਛ ਤਸਕੀਨ ਹੋ ਜਾਤੀ।
ਚਲੋ ਲਹਿਰਾਂ ਵਿੱਚ ਡੁੱਬ ਗਏ, ਦਰਿਆ ਵਿੱਚ ਗਏ ਸੀ, ਉਥੇ ਡੁੱਬ ਗਏ।"
ਉਹ ਸਪੀਕਰ ਸਾਹਿਬ ਅਗੇ ਕੀ ਕਹਿੰਦਾ ਹੈ-
"ਮੁਝੇ ਸਾਹਿਲ ਨੇ ਡੁਬੋਇਆ ਹੈ, ਮੁਝੇ ਇਸ ਬਾਤ ਕਾ ਗਮ ਹੈ।"

ਸਪੀਕਰ ਸਾਹਿਬ, ਜੇ ਅਸੀਂ ਖਰਚ ਕਰ ਲੈਂਦੇ। ਜੇ ਸਾਡੇ ਦੁਸ਼ਮਣ ਸਾਨੂੰ ਮਾਰ ਦਿੰਦੇ ਤਾਂ ਸਾਨੂੰ ਇਹ ਹੋਣਾ ਸੀ ਕਿ ਦੁਸ਼ਮਣ ਨੇ ਮਾਰਿਆ ਹੈ। ਪੰਜਾਬ ਦੇ ਲੋਕ ਸਾਨੂੰ ਮਾਰ ਗਏ। ਲਹਿਰਾਂ ਨਾਲ ਨਹੀਂ ਸੀ ਪਰ ਕਿਨਾਰੇ ਤੇ ਜਿਹੜੇ ਬੈਠੇ ਹਨ, ਉਹ ਪੰਜਾਬ ਡੁੱਬ ਗਿਆ। ਸਪੀਕਰ ਸਾਹਿਬ, ਦੋ ਗੱਲਾਂ ਆਈਆਂ ਹਨ ਕਿ ਸਾਡੀ ਪਿੱਛੇ ਬਹੁਤ ਵਧੀਆ ਕਾਰਗੁਜ਼ਾਰੀ ਰਹੀ ਹੈ ਔਰ ਇਹ ਜਿਹੜਾ ਫਾਈਨਾਂਸ ਮਨਿਸਟਰ ਆਇਆ ਹੈ....(ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈਂ ਤੁਹਾਡੇ ਹੱਕ ਦੀ ਗੱਲ ਕਰਨ ਲੱਗਿਆ ਹਾਂ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਇਹ 31,000 ਕਰੋੜ ਰੁਪਿਆ ਸੀ.ਸੀ.ਐਲ. ਦਾ ਇਸ਼ੂ ਹੈ, ਇਹ ਕੈਗ ਦੀ ਰਿਪੋਰਟ ਵਿੱਚ ਵੀ ਆਇਆ ਹੈ। ਜਦੋਂ ਪਿਛਲੀ ਸਰਕਾਰ ਦੇ ਵਿੱਚ ਇਹ ਮਾਮਲਾ ਉਠਿਆ ਤਾਂ ਉਸ ਦੇ ਵਿੱਚ ਸਕੂਟਰਾਂ ਦੇ ਨੰਬਰ

ਸੀ, ਮੋਟਰ ਸਾਈਕਲਾਂ ਦੇ ਨੰਬਰ ਸੀ ਜਿਨ੍ਹਾਂ ਰਾਹੀਂ ਅਨਾਜ ਦੀ ਢੁਆਈ ਕੀਤੀ ਦਿਖਾਈ ਗਈ। ਬੇਸੀਕਲੀ ਇਹ ਜਿਹੜਾ 31,000 ਕਰੋੜ ਰੁਪਿਆ ਹੈ, ਇਹ ਸਕੈਂਡਲਸ ਇਸ਼ੂ ਹੈ। ਇਹ ਪੰਜਾਬ ਤੇ ਬੋਝ ਹੈ। ਉਨ੍ਹਾਂ ਨੇ ਦੂਜੀ ਕੁਤਾਹੀ ਕੀਤੀ ਕਿ ਜਾਣ ਤੋਂ ਇੱਕ ਦਿਨ ਪਹਿਲਾਂ ਉਹ ਸਾਰੇ ਦਾ ਸਾਰਾ ਕਰਜ਼ਾ ਟਰਮ ਲੋਨ ਵਿੱਚ ਕਨਵਰਟ ਕਰਕੇ ਗਏ, ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਹਰ ਬਸ਼ਿੰਦੇ ਉਤੇ 10,000 ਰੁਪਿਆ ਪਾ ਗਏ। ਇਹੀ ਮੈਂ ਗਵਰਨਰ ਐਡਰੈਸ ਦੀ ਬਹਿਸ ਵੇਲੇ ਵੀ ਕਿਹਾ ਸੀ। ਅੱਜ ਮੈਂ ਤੁਹਾਡੇ ਰਾਹੀਂ ਹੱਥ ਜੋੜ ਕੇ ਪੁੱਛਦਾ ਹਾਂ ਕਿ ਕੀ ਇਸ ਦੀ ਅਕਾਊਂਟੇਬਿਲਟੀ ਵੀ ਹੈ ਜੀ? ਆਪਾਂ ਕਹੀ ਤਾਂ ਜਾਂਦੇ ਹਾਂ, ਤੁਸੀਂ ਬਹੁਤ ਅੱਛੀ ਗੱਲ ਉਠਾਈ ਹੈ। ਬੜੀ ਜਜ਼ਬਾਤੀ ਗੱਲ ਕਹੀ ਹੈ।

**ਵਿੱਤ ਮੰਤਰੀ** : ਮੈਂ ਜਵਾਬ ਦੇਵਾਂਗਾ।

**Mr. Speaker** : Let him complete.

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇਸ ਦੀ ਅਕਾਊਂਟੇਬਿਲਟੀ ਵੀ ਦੱਸੋ ਕਿ ਕਿਸ ਤਰ੍ਹਾਂ how do we recover that money.

**Mr. Speaker** : Let him complete.

**ਵਿੱਤ ਮੰਤਰੀ** : ਸਪੀਕਰ ਸਾਹਿਬ, ਜੇ ਐਕਸੀਡੈਂਟ ਹੋ ਜਾਵੇ ਤਾਂ ਸਭ ਤੋਂ ਪਹਿਲਾਂ ਉਥੇ ਜਿਹੜਾ ਨਜ਼ਦੀਕ ਬੰਦਾ ਹੁੰਦਾ ਹੈ, ਉਸ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਛੇਤੀ ਮਰੀਜ਼ ਨੂੰ ਚੁੱਕੋ, ਇਸ ਦੀ ਦਵਾ-ਦਾਰੂ ਕਰਵਾਓ, ਕਿਤੇ ਇਸ ਦਾ ਵੱਡਾ ਹਾਦਸਾ ਨਾ ਹੋ ਜਾਵੇ। ਜਦੋਂ ਐਕਸੀਡੈਂਟ ਹੁੰਦਾ ਹੈ ਤਾਂ ਤੁਸੀਂ ਇਹ ਨਹੀਂ ਦੇਖਦੇ ਕਿ ਕੌਣ ਮਾਰ ਕੇ ਗਿਆ ਹੈ। ਜਿਸ ਦਿਨ ਅਸੀਂ ਇਸ ਦੀ ਦਵਾ-ਦਾਰੂ ਕਰ ਲਈ, ਫਿਰ ਉਨ੍ਹਾਂ ਤੱਕ ਵੀ ਪਹੁੰਚਾਂਗੇ, ਜਿਵੇਂ ਇਨ੍ਹਾਂ ਨੇ ਇਹ ਕਲੇਮ ਕੀਤਾ ਹੈ। (ਥੰਪਿੰਗ) ਸਪੀਕਰ ਸਾਹਿਬ, ਇਹ ਵਾਕਿਆ ਹੀ ਠੀਕ ਹੈ ਕਿ ਆਪੋਜ਼ੀਸ਼ਨ ਲਈ ਇਨਕੰਪੀਟੈਂਟ ਫਾਈਨਾਂਸ ਮਨਿਸਟਰ ਹੈ। ਸਪੀਕਰ ਸਾਹਿਬ, truth has a tendency to be discovered. ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਸਾਲ ਵੈਸੇ ਤਾਂ ਬਜਟ ਦਾ ਹਿੱਸਾ ਹੈ ਤਾਂ ਇਨ੍ਹਾਂ ਦੇ ਵੇਲੇ ਸਾਲ ਵਿੱਚ ਓਵਰ ਡਰਾਫਟ 179 ਦਿਨ ਰਿਹਾ ਔਰ ਸਾਡਾ ਪਹਿਲਾ ਸਾਲ ਬਾਵਜੂਦ ਸਾਰੇ ਕਰਜ਼ੇ-ਵਰਜ਼ੇ ਨਾਲ 98 ਦਿਨ ਓਵਰ ਡਰਾਫਟ ਰਿਹਾ। ਸਾਡਾ ਡਬਲ ਓਵਰ ਡਰਾਫਟ ਇੱਕ ਵੀ ਦਿਨ ਨਹੀਂ ਰਿਹਾ ਔਰ ਇਨ੍ਹਾਂ ਦੇ ਸਮੇਂ 29 ਦਿਨ ਰਿਹਾ । (ਥੰਪਿੰਗ) ਸਪੀਕਰ ਸਾਹਿਬ, ਜਿਹੜੇ ਕਹਿੰਦੇ ਹਨ ਕਿ ਦਸ ਸਾਲ ਸਰਕਾਰ ਬਹੁਤ ਵਧੀਆ ਚਲਾਈ, ਇਹ ਰਿਕਾਰਡ ਦਾ ਹਿੱਸਾ ਹੈ। 2007 ਦੇ ਵਿੱਚ ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਬਣੀ ਸੀ, ਪੰਜਾਬ ਪਰ-ਕੈਪਿਟਾ ਇਨਕਮ ਵਿੱਚ ਨੰਬਰ 1 ਸੀ। ਦਿੱਲੀ ਨੂੰ ਛੱਡ ਕੇ ਨੰਬਰ 1 ਸੀ। ਅੱਜ ਅਸੀਂ ਦਸਾਂ ਸਾਲਾਂ ਵਿੱਚ 11ਵੇਂ ਨੰਬਰ ਤੇ ਆ ਗਏ ਹਾਂ ਔਰ ਇਹ ਕਹਿ ਰਹੇ ਹਨ ਕਿ ਅਸੀਂ ਬਹੁਤ ਵਧੀਆ ਡਿਵੈਲਪਮੈਂਟ ਕਰਵਾਈ ਹੈ। ਸਪੀਕਰ ਸਾਹਿਬ, ਇਹ ਮਨਪ੍ਰੀਤ ਨਹੀਂ ਕਹਿ ਰਿਹਾ। ਇਹ ਕੰਪਟਰੋਲਰ ਆਫ ਆਡੀਟਰ ਜਨਰਲ ਕਹਿ ਰਿਹਾ ਹੈ ਜੀ। ਜਿਹੜਾ ਇਨ੍ਹਾਂ ਦਾ ਅਖੀਰਲਾ ਸਾਲ ਗੁਜ਼ਰਿਆ ਹੈ, ਇਹ ਮੈਂ ਆਗਿਆ ਚਾਹੁੰਦਾ ਹਾਂ ਕਿਉਂਕਿ ਇਹ ਅੰਗਰੇਜ਼ੀ ਵਿੱਚ ਹੈ। ਇਸ ਲਈ ਮੈਂ ਅੰਗਰੇਜ਼ੀ ਵਿੱਚ ਪੜ੍ਹ ਦੇਵਾਂਗਾ। The State Government's Budgetary process has not been sound during the year. Excess Expenditure of Rs.40,185 crore incurred during 2011-17 requires regularisation. Expenditure of Rs.30,262 crore was incurred without making any budgetary provision. ਜਿਹੜੇ ਇਥੋਂ ਬੋਲ ਕੇ ਗਏ ਹਨ। ਉਸੇ ਤਰ੍ਹਾਂ ਅਗਲਾ ਪੈਰ੍ਹਾ ਕਹਿੰਦਾ ਹੈ- Capital Expenditure is less than the projections made in the State Budget which indicates that assets creation was not given much priority.

[ਵਿੱਤ ਮੰਤਰੀ]

ਲਿਖਦਾ ਹੈ:- There has been a consistent decline in growth rate of its tax revenues. The State Government may take necessary action to raise its tax revenue. ਅਖੀਰਲਾ ਪੈਰ੍ਹਾ ਹੈ। ਸਪੀਕਰ ਸਾਹਿਬ, ਮੈਂ ਜ਼ਿਆਦਾ ਲੰਬਾ ਨਹੀਂ ਕਹਾਂਗਾ ਕਿਉਂਕਿ ਬੋਰਿੰਗ ਹੋ ਜਾਵੇਗਾ। ਉਹ ਕਹਿੰਦਾ ਹੈ ਕਿ - The State's spending on Social Sector as a proportion of an aggregate expenditure has declined since 2012-13.

ਸਪੀਕਰ ਸਾਹਿਬ, ਇਸ ਕਿਸਮ ਦੀਆਂ ਕੈਗ ਦੀਆਂ ਸਿਫਾਰਸ਼ਾਂ ਹਨ। ਮੈਂ ਇਹ ਵੀ ਗੱਲ ਕਹਾਂਗਾ ਕਿ ਇਨ੍ਹਾਂ ਨੇ ਮੇਰੇ ਤੇ ਇਲਜ਼ਾਮ ਲਗਾਇਆ ਕਿ ਸ਼ਾਇਦ ਬਜਟ ਦੀਆਂ ਫਿੱਗਰਜ਼ ਵਿੱਚ ਕੋਈ ਹੇਰਫੇਰ ਹੋਈ ਹੈ। ਜਿਸ ਨੂੰ ਕਈ ਵਾਰੀ ਸੁਰਖੀ ਬਿੰਦੀ ਕਹਿੰਦੇ ਹਨ। ਸਪੀਕਰ ਸਾਹਿਬ, ਜੇ ਮਰੀਜ਼ ਦਾ ਇਲਾਜ ਕਰਨਾ ਹੋਵੇ ਅਤੇ ਮਰੀਜ਼ ਡਾਕਟਰ ਨੂੰ ਦੱਸੇ ਹੀ ਨਾ ਕਿ ਮੈਨੂੰ ਬਿਮਾਰੀ ਕੀ ਹੈ, ਉਸ ਦਾ ਇਲਾਜ ਕਿਵੇਂ ਹੋਏਗਾ? ਇਸ ਕਰਕੇ ਮੈਂ ਪਿਛਲੀ ਵਾਰੀ ਵੀ ਇਹ ਕਿਹਾ ਸੀ ਔਰ ਮੈਂ ਪ੍ਰਮਾਤਮਾ ਤੋਂ ਡਰ ਕੇ ਕਹਿੰਦਾ ਹਾਂ, ਅੱਜ ਪ੍ਰਮਾਤਮਾ ਨੂੰ ਸਦਨ ਵਿੱਚ ਹਾਜ਼ਰ ਨਾਜ਼ਰ ਸਮਝ ਕੇ ਕਹਿੰਦਾ ਹਾਂ ਕਿ ਦੇਖੋ ਜਿਥੋਂ ਤੱਕ ਤਾਂ ਬਜਟ ਐਸਟੀਮੇਟ ਦਾ ਸਬੰਧ ਹੈ, ਅਸੀਂ ਇਸ ਵਿਚ ਕੋਈ ਫਿਗਰਾਂ ਨਾਲ ਛੇੜਛਾੜ ਨਹੀਂ ਕੀਤੀ and why we want to fudge the figures? ਪਿਛਲੀ ਵਾਰੀ ਮੈਂ ਕਿਹਾ ਸੀ ਕਿ 10,000 ਕਰੋੜ ਰੁਪਏ ਦਾ ਰਿਸੋਰਸਿਜ਼ ਦਾ ਗੈਪ ਹੈ । ਸਪੀਕਰ ਸਾਹਿਬ, ਜੇ ਮੈਂ ਕਰਨਾ ਹੁੰਦਾ ਤਾਂ ਇਸ ਸਾਲ ਜਿਹੜਾ ਬਿਜਲੀ ਰੈਗੂਲੇਟਰ ਦਾ ਅਵਾਰਡ ਆਇਆ ਹੈ ਉਹ ਮੈਨੂੰ ਲੱਗਦਾ ਹੈ ਕਿ 8900 ਕਰੋੜ ਰੁਪਏ ਦਾ ਆਇਆ ਹੈ । ਜੋ ਰੈਗੂਲੇਟਰ ਦਾ ਅਵਾਰਡ ਸੀ ਤਾਂ ਮੈਂ ਉਹ ਲਗਾ ਦਿੰਦਾ ਪਰ ਮੈਨੂੰ ਪਤਾ ਹੈ ਕਿ ਮੈਂ ਪਿਛਲੇ ਸਾਲ 4000 ਕਰੋੜ ਰੁਪਿਆ ਬਿਜਲੀ ਬੋਰਡ ਨੂੰ ਸਬਸਿਡੀ ਨਹੀਂ ਦੇ ਸਕਿਆ। ਜੇ ਤੁਸੀਂ ਇਸ ਸਾਲ ਦਾ ਪੜ੍ਹੋ ਤਾਂ ਮੈਂ ਉਸ ਨੂੰ ਕੈਰੀਫਾਰਵਰਡ ਕੀਤਾ ਔਰ ਇਹ 12,000 ਕਰੋੜ ਰੁਪਏ ਬਿਜਲੀ ਬੋਰਡ ਸਬਸਿਡੀ ਦੀ ਰਕਮ ਬਣਦੀ ਹੈ। ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿਉਂਕਿ ਪ੍ਰੈੱਸ ਬੈਠੀ ਹੈ, ਇਨ੍ਹਾਂ ਨੇ ਲਿਖਿਆ ਰੈਵੇਨਿਊ ਰਿਸੀਟਸ ਐਕਚੂਅਲ ਤੇ ਬਜਟਿਡ, ਜਿਹੜਾ ਏ.ਜੀ. ਦਾ ਅਕਾਊਂਟ ਹੈ ਜਿਸ ਦਾ ਐਕਚੂਅਲ ਅਕਾਊਂਟ ਸੀ, there is a shortfall at 18.09% in 2011-12, 2012-13 ਵਿੱਚ 15%, 2013-14 ਵਿਚ 17.72%, 2014-15 ਵਿਚ 13.08% ਤੇ 2015-16 ਵਿਚ 10% ਸ਼ਾਰਟਫਾਲ ਹੋਇਆ ਹੈ। ਸਪੀਕਰ ਸਾਹਿਬ, 14-15% ਦਾ ਮਤਲਬ ਕੀ ਹੈ; ਕਿ ਪੰਜ ਪੰਜ ਹਜ਼ਾਰ ਕਰੋੜ ਰੁਪਏ ਦੇ ਫਿਗਰਜ਼ ਇਧਰ ਉਧਰ ਹੋਏ ਹਨ। ਉਸੇ ਤਰ੍ਹਾਂ, ਸਪੀਕਰ ਸਾਹਿਬ, ਕੱਲ੍ਹ ਸਾਬਕਾ ਖਜ਼ਾਨਾ ਮੰਤਰੀ ਨੇ ਕਿਹਾ ਕਿ ਜਿਹੜਾ ਇਹ ਸਾਲ ਗੁਜ਼ਰਿਆ ਹੈ ਕਿ ਐਤਕੀਂ ਕੈਪੀਟਲ ਐਕਸਪੈਂਡੀਚਰ 20% ਵੀ ਨਹੀਂ ਹੋਣਾ । ਇਹ 2016-17 ਦਾ ਹੈ, ਇਹ ਸੀ.ਏ.ਜੀ. ਕਹਿ ਰਿਹਾ ਹੈ, The total expenditure shown against budgeted estimates was shortfall of 70 per cent. ਸਪੀਕਰ ਸਾਹਿਬ, ਪਰ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਐਕਚੂਅਲ ਫਿਗਰਜ਼ ਤਾਂ ਆਈਆਂ ਨਹੀਂ, ਇਸ ਸਾਲ ਜੋ ਮਨਸੂਬੇ ਰੱਖੇ ਸੀ, ਕਿਉਂਕਿ ਰਿਸੋਰਸਿਜ਼ ਗੈਪ ਸੀ ਪਰ ਸਾਡੀ ਕੋਸ਼ਿਸ਼ ਹੈ ਕਿ ਇਹ ਪਲਾਨ 70% ਮੁਕੰਮਲ ਹੋਵੇਗੀ, ਹਾਲਾਂ ਕਿ ਇਹ ਪਲਾਨ ਖਤਮ ਹੋ ਗਿਆ ਹੈ। (ਥੰਪਿੰਗ) ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਇਹ ਕਹਿ ਰਹੇ ਸੀ ਕਿ ਮੈਂ ਜਿਹੜੇ ਆਪਣੇ ਖਰਚੇ ਹਨ ਉਨ੍ਹਾਂ ਨੂੰ ਅੰਡਰ ਐਸਟੀਮੇਟ ਕੀਤਾ ਹੈ, ਇਹ ਠੀਕ ਨਹੀਂ ਹੈ।ਸਪੀਕਰ ਸਾਹਿਬ, ਇਸੇ ਤਰ੍ਹਾਂ ਜਿਹੜੀ ਮੋਟੀ ਜਿਹੀ ਗੱਲ ਹੈ, ਉਹ ਇਹ ਹੈ ਕਿ ਜਿਹੜੇ ਬੋਲ ਕੇ ਗਏ, ਜਿਹੜੇ ਇਹ ਕਹਿ ਕੇ ਗਏ ਹਨ ਕਿ ਫਾਈਨਾਂਸ ਮਨਿਸਟਰ ਨੂੰ ਕੁਝ ਨਹੀਂ ਆਉਂਦਾ। ਸਪੀਕਰ ਸਾਹਿਬ, 2016-17 ਵਿੱਚ ਇਨ੍ਹਾਂ ਦੇ ਸਮੇਂ ਦੀਆਂ, ਜਿਹੜੇ ਬਹੁਤ ਸਿਆਣੇ ਸੀ ਤਾਂ 88% ਕੁਮਿੱਟਿਡ ਲਾਇਬਿਲਟੀਜ਼ ਸੀ, ਭਾਵ ਜੇ ਪੰਜਾਬ 100 ਰੁਪਿਆ ਕਮਾਉਂਦਾ ਹੈ ਤਾਂ ਉਸ ਵਿਚੋਂ 88% ਕੁਮਿੱਟਿਡ ਲਾਇਬਿਲਟੀਜ਼ ਵਿਚ ਜਾਂਦਾ ਸੀ ਤੇ ਜੇ ਇਸ ਵਿਚ ਪਾਵਰ ਸਬਸਿਡੀ ਵੀ ਲਗਾ ਲਵੋ ਤਾਂ

ਇਹ 102% ਬਣਦਾ ਸੀ, ਇਹ ਇਨ੍ਹਾਂ ਦੇ ਸਮੇਂ ਦੀ ਗੱਲ ਹੈ ਜਿਹੜੇ ਕਹਿੰਦੇ ਹਨ ਕਿ ਬਹੁਤ ਵਧੀਆ ਸਰਕਾਰ ਚਲਾ ਕੇ ਗਏ ਹਨ। ਸਪੀਕਰ ਸਾਹਿਬ, ਮੇਰਾ ਇਸ ਹਾਊਸ ਨੂੰ ਦੱਸਣਾ ਮੇਰਾ ਇਹ ਖੁਸ਼ਨਮਾ ਫਰਜ਼ ਹੈ ਕਿ ਜਿਹੜੇ ਬਜਟ ਤਖਮੀਨੇ ਮੈਂ ਤੁਹਾਡੇ ਸਾਹਮਣੇ ਪੇਸ਼ ਕੀਤੇ ਹਨ, ਅਸੀਂ ਇਹ ਕੁਮਿੱਟਿਡ ਲਾਇਬਿਲਟੀਜ਼ 88% ਤੋਂ ਘਟਾ ਕੇ 70% ਤੇ ਲੈ ਆਏ ਹਾਂ। (ਥੰਪਿੰਗ) ਸਪੀਕਰ ਸਾਹਿਬ, ਮੈਂ ਟੋਟਲ ਜਿਹੜੀਆਂ ਸਟੇਟ ਦੀਆਂ ਰਿਸੀਟਸ ਹਨ, ਇਸ ਵਿੱਚ ਰੱਬ ਤੋਂ ਡਰ ਕੇ ਕਹਿੰਦਾ ਹਾਂ ਕਿ 30% ਇਜ਼ਾਫਾ ਇਸ ਸਾਲ ਹੋਣ ਜਾ ਰਿਹਾ ਹੈ । ਕਿਸੇ ਨੂੰ ਇਹ ਸ਼ੱਕ ਸ਼ੁਭਾ ਨਾ ਹੋਵੇ, ਮੈਂ ਬ੍ਰੇਕ-ਅੱਪ ਦੇ ਦਿੰਦਾ ਹਾਂ । ਸਪੀਕਰ ਸਾਹਿਬ, ਇਕ ਤਾਂ ਸਟੇਟ ਦਾ own tax ਰੈਵੇਨਿਊ ਹੁੰਦਾ ਹੈ ਇਹ ਮੈਂ ਜੋ ਲਗਾਏ ਹਨ, ਇਨ੍ਹਾਂ ਵਿਚ 16% ਦਾ ਇਜ਼ਾਫਾ ਹੈ ਕਿਉਂਕਿ 14% ਤਾਂ ਜੀ.ਐਸ.ਟੀ.ਕੌਂਸਲ ਦੇ ਰਹੀ ਹੈ। ਮੈਂ ਇਸ ਵਿੱਚ ਘੱਟ ਜਾਂ ਜ਼ਿਆਦਾ ਕਿਵੇਂ ਕਰਾਂਗਾ ਅਤੇ ਜਿਹੜਾ ਦੂਜਾ ਵੈਟ ਆਉਂਦਾ ਹੈ ਉਹ ਵੈਟ ਐਕਸਾਈਜ਼ ਤੋਂ, ਸ਼ਰਾਬ ਤੋਂ ਅਤੇ ਪੈਟਰੋਲ ਤੋਂ ਆਉਂਦਾ ਹੈ। ਮੈਂ ਆਸ ਕਰਦਾ ਹਾਂ ਕਿ ਇਸ ਵਿੱਚ 2-3% ਵਾਧਾ ਹੋ ਜਾਵੇਗਾ । ਸਪੀਕਰ ਸਾਹਿਬ, ਇਸ ਵਿੱਚ ਮੈਂ ਕੀ fudge ਕਰ ਦਿੱਤਾ? ਸਪੀਕਰ ਸਾਹਿਬ, Grant-in-aid from the Centre ਜੋ ਹੈ, ਇਸ ਵਿਚ ਇਸ ਸਾਲ 17 ਫੀਸਦੀ ਇਜ਼ਾਫਾ ਹੈ, ਇਹ ਸੈਂਟਰਲ ਗੌਰਮਿੰਟ ਦੀ ਚਿੱਠੀ ਆਉਂਦੀ ਹੈ ਕਿ ਐਤਕੀਂ ਤੁਹਾਨੂੰ ਇੰਨੀ ਗਰਾਂਟ-ਇਨ-ਏਡ ਮਿਲੇਗੀ ਉਹ ਮੈਂ ਕਰ ਦਿੱਤਾ । ਉਸੇ ਤਰ੍ਹਾਂ ਹੀ ਇਸ ਵਿੱਚ ਸਟੇਟ ਦਾ ਨਾਨ ਟੈਕਸ ਰੈਵੇਨਿਊ ਆਇਆ ਹੈ, ਢੀਂਡਸਾ ਸਾਹਿਬ ਵੀ ਇਹ ਬੋਲ ਕੇ ਗਏ ਹਨ ਕਿ ਇਹ ਤਾਂ ਡਬਲ ਕਰ ਦਿੱਤਾ, ਡਬਲ ਕਿਵੇਂ ਹੋ ਜਾਵੇਗਾ? ਡਬਲ ਇਸ ਕਰਕੇ ਹੋ ਜਾਵੇਗਾ ਕਿਉਂਕਿ ਪੀ.ਆਈ.ਡੀ.ਬੀ. ਦੀ ਜਿਹੜੀ ਪਹਿਲਾਂ ਸਾਰੀ ਰਕਮ ਆਊਟ ਸਾਈਡ ਬਜਟ ਸੀ ਉਹ ਹੁਣ ਕੰਸੋਲੀਡੇਟਿਡ ਬਜਟ ਵਿੱਚ ਆਉਣ ਲੱਗ ਗਈ ਹੈ, ਉਹ ਉਸ ਵਜ੍ਹਾ ਨਾਲ ਆ ਜਾਵੇਗਾ । ਉਸੇ ਤਰ੍ਹਾਂ ਸਪੀਕਰ ਸਾਹਿਬ, ਜਿਹੜਾ 4200 ਕਰੋੜ ਰੁਪਿਆ ਕਰਜ਼ਾ ਮੁਆਫੀ ਵਾਸਤੇ ਰੱਖਿਆ ਹੈ ਜਿਹੜਾ ਕਿ ਮੰਡੀ ਬੋਰਡ ਤੋਂ ਆਉਣਾ ਹੈ। ਰੂਰਲ ਡਿਵੈਲਪਮੈਂਟ ਤੋਂ ਜਿਹੜਾ ਸੈੱਸ ਲਗਾਇਆ ਹੈ ਉਹ ਅਸੀਂ ਆਪਣੀ ਰਿਸੀਟਸ ਵਿਚ ਬੁੱਕ ਕੀਤਾ ਹੈ, ਇਸ ਕਰਕੇ ਜਿਹੜਾ ਸਾਡਾ ਨਾਨ ਟੈਕਸ ਰੈਵੇਨਿਊ ਹੈ ਜੇਕਰ ਇਸ ਦਾ ਤੁਸੀਂ ਹਿਸਾਬ ਲਗਾਓ ਤਾਂ 5,000 ਕਰੋੜ ਪਹਿਲਾਂ ਸੀ, ਪੀ.ਆਈ.ਡੀ.ਬੀ. ਦਾ 1600 ਕਰੋੜ ਅਤੇ 4200 ਕਰੋੜ ਕਰਜ਼ਾ ਮਾਫੀ ਦਾ ਮਿਲਾ ਲਓ, ਇਹ ਡਬਲ ਹੋ ਰਿਹਾ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਜਿਹੜਾ ਸਾਡਾ ਸਟੇਟ ਐਕਸਾਈਜ਼ ਹੈ, ਸਾਰੇ ਠੇਕਿਆਂ ਦੀ ਨਿਲਾਮੀ ਹੋ ਗਈ ਹੈ, 6,000 ਕਰੋੜ ਰੁਪਿਆ ਬਜਟ ਵਿੱਚ ਰੱਖਿਆ ਹੈ। ਇਹ ਲਾਟਰੀ ਹੈ ਅਤੇ ਸਭ ਨੂੰ ਦੁਕਾਨਾਂ ਨਿਲਾਮ ਹੋ ਗਈਆਂ ਹਨ। ਇਸ ਵਿੱਚ ਦੱਸੋ ਮੈਂ ਕਿਹੜੀ ਅਜਿਹੀ ਨੰਬਰਾਂ ਦੀ ਹੇਰ ਫੇਰ ਕਰ ਦਿੱਤੀ? ਇਸੇ ਤਰ੍ਹਾਂ ਹੀ ਮੈਂ ਇੱਥੇ ਇਹ ਵੀ ਤਸਲੀਮ ਕਰਦਾ ਹਾਂ, ਇਹਤਰਾਮ ਕਰਦਾ ਹਾਂ। ਮੈਨੂੰ ਇਹ ਸੀ ਨਵੀਂ ਟ੍ਰਾਂਸਪੋਰਟ ਪਾਲਿਸੀ ਆ ਜਾਵੇ ਅਤੇ ਇਸ ਪਾਲਿਸੀ ਨਾਲ ਸਾਨੂੰ ਟੈਕਸ ਦੀ buoyancy ਮਿਲੇਗੀ। ਸਪੀਕਰ ਸਾਹਿਬ, ਇਸ ਵਿੱਚ ਜ਼ਰੂਰ ਗਲਤੀ ਹੋ ਗਈ, ਅਸੀਂ ਓਵਰ ਐਸਟੀਮੇਟ ਕਰ ਲਿਆ। ਅਸੀਂ ਐਸਟੀਮੇਟ ਕੀਤਾ ਸੀ ਕਿ 2140 ਕਰੋੜ ਆਵੇਗਾ ਪਰ ਇਹ 1859 ਕਰੋੜ ਆਇਆ ਹੈ। ਇਸ ਸਾਲ ਅਸੀਂ ਇਸ ਵਿੱਚ 15% ਦਾ ਇਜ਼ਾਫਾ ਰੱਖਿਆ ਹੈ।

ਸਪੀਕਰ ਸਾਹਿਬ, ਜਿਹੜੇ ਸਾਡੇ ਕੁਮਿਟਿਡ ਐਕਸਪੈਂਡੀਚਰ ਹਨ, ਮੇਰੇ ਤੋਂ ਪਹਿਲਾਂ ਬੋਲਦਿਆਂ ਸਾਬਕਾ ਮਨਿਸਟਰ ਇਹ ਕਹਿ ਗਏ ਕਿ ਮੈਂ ਇਨ੍ਹਾਂ ਨੂੰ suppress ਕੀਤਾ ਹੈ ਅਤੇ ਖਾਸ ਕਰਕੇ ਤਨਖਾਹਾਂ, ਸੈਲਰੀਜ਼ ਨੂੰ suppress ਕੀਤਾ ਹੈ। ਸਪੀਕਰ ਸਾਹਿਬ, ਇੱਕ ਐਸਟੀਮੇਟ ਹੈ, ਮੈਂ 2016-17 ਦੇ ਬਜਟ ਨਾਲੋਂ 2018-19 ਦੇ ਬਜਟ ਵਿੱਚ 18.32% ਵੱਧ ਰੱਖਿਆ ਹੈ। ਤਕਰੀਬਨ 18% ਤਨਖਾਹਾਂ ਵਧਣਗੀਆਂ, ਮੈਂ ਇਹ ਬਜਟ ਐਸਟੀਮੇਟਸ ਵਿੱਚ ਰੱਖਿਆ ਹੈ। ਪੈਨਸ਼ਨਾਂ ਵਾਸਤੇ 17.46% ਅਤੇ ਇੰਟ੍ਰਸਟ ਪੇਮੈਂਟ ਵਾਸਤੇ 40% ਵਧਾ ਕੇ ਰੱਖਿਆ ਹੈ। ਸਪੀਕਰ ਸਾਹਿਬ, ਤੁਸੀਂ ਦੱਸੋ

[ਵਿੱਤ ਮੰਤਰੀ]

ਕਿ ਸੈਲਰੀਜ਼ 18% ਤੋਂ ਜ਼ਿਆਦਾ ਨਹੀਂ ਵਧਣੀਆਂ। ਮੈਂ ਇਹ ਗੱਲ ਫੇਰ ਕਹਾਂਗਾ ਕਿ ਇਸ ਦੇ ਬਾਵਜੂਦ ਇਹ ਜਿਹੜਾ ਬਜਟ ਹੈ ਇਸ ਵਿੱਚ ਕੈਪੀਟਲ ਐਕਸਪੈਂਡੀਚਰ ਤੇ 47% ਇਜ਼ਾਫਾ ਅਸੀਂ ਲੈ ਕੇ ਆਏ ਹਾਂ।

ਸਪੀਕਰ ਸਾਹਿਬ, ਇਨ੍ਹਾਂ ਨੇ ਆਪਣਾ ਰੈਵੇਨਿਊ ਡੈਫੇਸਿਟ ਵਧਾਇਆ ਜਾਂ ਘਟਾਇਆ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ 1.69% ਤੇ ਛੱਡ ਕੇ ਗਏ ਸੀ ਪਰ ਜਿਹੜੇ ਟਰੇਜ਼ਰੀ ਵਿੱਚ 8,000 ਕਰੋੜ ਦੇ ਬਿਲ ਲੈਪਸ ਹੋ ਗਏ, ਜੇ ਤੁਸੀਂ ਉਨ੍ਹਾਂ ਨੂੰ ਵੀ ਵਿੱਚ ਜੋੜੋ ਤਾਂ ਇਨ੍ਹਾਂ ਦਾ ਰੈਵੇਨਿਊ ਡੈਫੇਸਿਟ 3.48% ਬਣ ਜਾਂਦਾ ਹੈ। ਇਨ੍ਹਾਂ ਦਾ ਜਿਹੜਾ ਫਿਸਕਲ ਡੈਫੇਸਿਟ ਜਿਹੜਾ ਕਿ 3% ਰੱਖਣਾ ਹੁੰਦਾ ਹੈ, ਇਹ ਸਾਨੂੰ ਛੱਡ ਕੇ ਕਿੰਨਾ ਗਏ ਹਨ? ਇਹ 12.18% ਛੱਡ ਕੇ ਗਏ ਹਨ। ਇਸ ਕਰਕੇ ਸਪੀਕਰ ਸਾਹਿਬ, ਮੈਂ ਫੇਰ ਇਸ ਹਾਊਸ ਨੂੰ ਇਸ ਗੱਲ ਦਾ ਵਾਅਦਾ, ਵਿਸ਼ਵਾਸ, ਭਰੋਸਾ, ਤਸੱਲੀ ਦਿਵਾ ਕੇ ਜਾਵਾਂਗਾ ਕਿ ਅਗਲੇ ਦੋ ਸਾਲਾਂ ਵਿੱਚ ਅਸੀਂ ਆਪਣੇ ਫਿਸਕਲ ਡੈਫੇਸਿਟ ਨੂੰ FRBM ਐਕਟ ਦੇ ਤਹਿਤ ਲੈ ਕੇ ਆਵਾਂਗੇ ਅਤੇ ਰੈਵੇਨਿਊ ਡੈਫੇਸਿਟ ਨੂੰ ਬਰਾਬਰ ਕਰਨ ਦੀ ਸਾਡੀ ਕੋਸ਼ਿਸ਼ ਹੈ। ਸਾਡੀ ਇਹ ਵੀ ਕੋਸ਼ਿਸ਼ ਹੈ ਕਿ ਪੰਜਾਬ ਦਾ ਰੈਵੇਨਿਊ ਵੱਧ ਤੋਂ ਵੱਧ ਡਿਵੈਲਪਮੈਂਟ ਵੱਲ ਲੱਗੇ ਅਤੇ ਇਸ ਗੱਲ ਦਾ ਮੈਂ ਵਾਅਦਾ ਦੇ ਕੇ ਜਾਂਦਾ ਹਾਂ।(ਥੰਪਿੰਗ)

ਸਪੀਕਰ ਸਾਹਿਬ, ਦੋ-ਤਿੰਨ ਗੱਲਾਂ ਇਹ ਵੀ ਕਹੀਆਂ ਗਈਆਂ ਹਨ ਕਿ ਪਿਛਲੇ ਸਾਲ ਦੇ ਬਜਟ ਵਿੱਚ ਜਿਹੜੇ ਮਨਸੂਬੇ ਰੱਖੇ ਗਏ ਸਨ, ਉਹੀ ਪੁਰਾਣਾ ਬਜਟ ਪੜ੍ਹ ਦਿੱਤਾ ਹੈ। ਪੁਰਾਣਾ ਬਜਟ ਪੜ੍ਹ ਦਿੱਤਾ? ਸਪੀਕਰ ਸਾਹਿਬ, ਇਸ ਦਾ ਮਤਲਬ ਇਹ ਹੈ ਕਿ ਜੇ ਸਰਕਾਰ ਕੋਈ ਸਕੀਮ ਚਲਾਉਂਦੀ ਹੈ ਤਾਂ ਉਹ ਇੱਕ ਸਾਲ ਵਿੱਚ ਪੂਰੀ ਹੋ ਜਾਂਦੀ ਹੈ? ਇਥੇ ਡਿਜ਼ੀਟਲ ਇੰਡੀਆ ਚੱਲ ਰਿਹਾ ਹੈ, ਸਵੱਛ ਭਾਰਤ, ਸਮਾਰਟ ਸਿਟੀ, ਸਟਾਰਟ-ਅੱਪ ਇੰਡੀਆ ਚੱਲ ਰਿਹਾ ਹੈ ਅਤੇ ਹਰ ਸਾਲ ਜਿਹੜੇ ਯੂਨੀਅਨ ਫਾਈਨਾਂਸ ਮਨਿਸਟਰ ਹਨ, ਉਹ ਇਹੀ ਗੱਲਾਂ ਸਮਾਰਟ ਸਿਟੀ ਵਾਸਤੇ, ਸਟਾਰਟ ਅੱਪ ਇੰਡੀਆ ਵਾਸਤੇ, ਡਿਜ਼ੀਟਲ ਇੰਡੀਆ ਵਾਸਤੇ, ਸਵੱਛ ਭਾਰਤ ਵਾਸਤੇ ਕਰਦੇ ਹਨ। ਢੀਂਡਸਾ ਸਾਹਿਬ ਇਹ ਕਹਿ ਰਹੇ ਸੀ ਕਿ ਗੈਪ 13,000 ਕਰੋੜ ਰੁਪਏ ਦਾ ਹੈ। ਸੁਖਬੀਰ ਬਾਦਲ ਕਹਿ ਕੇ ਗਏ ਹਨ ਕਿ ਭਾਵੇਂ ** ਵੀ ਹੋਵੇ ਪਰ ਇਹ ਕਹਿ ਦਿਆ ਕਰ । ਸੋ, ਇਹ ਆਪਸ ਵਿਚ ਰਾਏ ਕਰ ਲੈਣ ਕਿ ਉਹ ਫਿਗਰਜ਼ ਨੂੰ ਮੈਂ ਕਿਵੇਂ ਕਰਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਮੈਂ ਅੱਜ ਇਕ ਗੱਲ ਹਾਊਸ ਦੇ ਅੱਗੇ ਰੱਖਣੀ ਚਾਹਵਾਂਗਾ ਕਿ ਇਹ ਜਿਹੜਾ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ, 2018 ਲੈ ਕੇ ਆਏ ਹਾਂ। ਸਪੀਕਰ ਸਾਹਿਬ, ਇਸ ਦੀ ਇਕ ਬੜੀ ਬਰੀਫ ਜਿਹੀ ਹਿਸਟਰੀ ਹੈ। ਮੈਂ ਇਸ ਨੂੰ ਜ਼ਿਆਦਾ ਲੰਬਾ ਨਹੀਂ ਲੈ ਕੇ ਜਾਵਾਂਗਾ। ਪਰ ਇਹ ਡਿਵੈਲਪਮੈਂਟ ਟੈਕਸ ਕਿਸ ਨੂੰ ਲੱਗੇਗਾ? ਇਹ ਉਸ ਨੂੰ ਹੀ ਲੱਗੇਗਾ ਜਿਹੜਾ ਇਨਕਮ-ਟੈਕਸ payee ਹੈ ਅਤੇ ਜਿਸ ਦੀ ਮੰਥਲੀ ਸੈਲਰੀ 30,000 ਰੁਪਏ ਤੋਂ ਉਤੇ ਹੈ। 30,000 ਰੁਪਏ ਮੰਥਲੀ ਸੈਲਰੀ ਲੈਣ ਵਾਲਿਆਂ ਤੋਂ ਥੱਲੇ ਵਾਲਿਆਂ ਤੇ ਨਹੀਂ ਲੱਗੇਗਾ। ਇਹ ਸਿਰਫ 200 ਰੁਪਿਆ ਪ੍ਰਤੀ ਮਹੀਨਾ ਲੱਗੇਗਾ। ਸਪੀਕਰ ਸਾਹਿਬ, ਅਜਿਹੇ ਕਈ ਸੂਬੇ ਹਨ ਜਿਨ੍ਹਾਂ ਵਿਚ ਇਹ ਟੈਕਸ 70 ਦੇ ਦਹਾਕਿਆਂ ਤੋਂ ਲੱਗ ਰਿਹਾ ਹੈ ਪਰ ਮੈਂ ਇਸ ਦੀ ਇਕ ਛੋਟੀ ਜਿਹੀ ਮਜਬੂਰੀ ਦੱਸਦਾ ਹਾਂ ਕਿ 200 ਮਿਲੀਅਨ ਯੂ.ਐਸ. ਡਾਲਰ ਦਾ ਏਸ਼ੀਅਨ ਡਿਵੈਲਪਮੈਂਟ ਬੈਂਕ ਨੇ ਇਕ ਲੋਨ ਸੈਂਕਸ਼ਨ ਕੀਤਾ ਸੀ। ਉਨ੍ਹਾਂ ਨੇ 50 ਮਿਲੀਅਨ ਡਾਲਰ ਤਾਂ ਪੰਜਾਬ ਨੂੰ ਦੇ ਦਿੱਤਾ ਪਰ ਉਸ ਵਿਚ ਇਕ ਸ਼ਰਤ ਸੀ। ਮੈਂ

** Expunged as ordered by the Chair.

ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਇਥੇ ਬੈਠੇ ਹਨ, ਜਦੋਂ ਇਹ ਲੋਨ ਨੈਗੋਸ਼ੀਏਟ ਹੋ ਰਿਹਾ ਸੀ ਤਾਂ ਉਦੋਂ ਇਹ ਇਸ ਸ਼ਰਤ ਨੂੰ ਨਾ ਮਨਜ਼ੂਰ ਕਰ ਦਿੰਦੇ ਕਿ ਸਾਨੂੰ ਤਾਂ ਇਹ ਸ਼ਰਤ ਮਨਜ਼ੂਰ ਨਹੀਂ, ਸਾਨੂੰ ਇਹ ਸ਼ਰਤ ਨਾ ਕਾਬਲੇ-ਕਬੂਲ ਹੈ ਅਤੇ ਸਾਨੂੰ ਤੁਸੀਂ ਇਸ ਸ਼ਰਤ ਤੋਂ ਬਿਨਾਂ ਲੋਨ ਦਿਉ। ਸਪੀਕਰ ਸਾਹਿਬ, 975 ਕਰੋੜ ਰੁਪਿਆ ਜਿਹੜਾ ਹੈ, ਉਹ ਹੁਣ ਇਸ ਸ਼ਰਤ ਤੇ ਖੜ੍ਹਾ ਹੈ ਕਿ ਤੁਸੀਂ ਡਿਵੈਲਪਮੈਂਟ ਟੈਕਸ ਲਗਾਉਗੇ ਤਾਂ ਤੁਹਾਨੂੰ ਇਹ ਪੈਸਾ ਮਿਲੇਗਾ। ਸਪੀਕਰ ਸਾਹਿਬ, ਜਿਹੜੇ ਲੋਕ ਇਥੇ ਬੋਲ ਕੇ ਗਏ ਹਨ, ਮੇਰੇ ਕੋਲ ਉਹ ਫਾਈਲਾਂ ਪਈਆਂ ਹਨ ਜਿਨ੍ਹਾਂ ਵਿਚ ਇਸਦਾ ਜ਼ਿਕਰ ਹੈ। ਮੈਂ ਇਹ ਹਾਊਸ/ਸਦਨ ਵਿਚ ਰੱਖ ਦੇਵਾਂਗਾ। ਇਸ ਵਿਚ ਲਿਖਿਆ ਹੈ: Since the Ordinance has to be issued, the matter be put up at CMM for decision. ਇਹ ਪੁਰਾਣੇ ਫਾਈਨਾਂਸ ਮਨਿਸਟਰ ਲਿਖ ਕੇ ਗਏ ਹਨ। ਸਪੀਕਰ ਸਾਹਿਬ, ਉਸੇ ਤਰ੍ਹਾਂ ਹੀ ਜਦੋਂ ਇਹ ਪ੍ਰੋਪੋਜ਼ਲ ਆਈ, ਉਥੇ ਲਿਖਿਆ ਹੈ, The matter may be placed before the CMM, ਇਹ ਸੈਕਟਰੀ ਨੇ ਲਿਖਿਆ। ਆਨਰੇਬਲ ਫਾਈਨਾਂਸ ਮਨਿਸਟਰ ਨੇ ਲਿਖਿਆ, I agree with the proposal. ਆਨਰੇਬਲ ਡਿਪਟੀ ਸੀ.ਐਮ. ਨੇ ਇਸ ਤੇ ਆਪਣੇ ਦਸਤਖਤ ਮਾਰੇ ਕਿ ਠੀਕ ਹੈ। ਇਹ ਡੇਟ 14.12.2015 ਦੀ ਹੈ ਜੀ। ਸਪੀਕਰ ਸਾਹਿਬ, ਇਨ੍ਹਾਂ ਨੇ ਫਿਰ ਲਿਖਿਆ ਕਿ ਮਾਨਯੋਗ ਉਪ ਮੁੱਖ ਮੰਤਰੀ ਜੀ ਦੀ ਪੱਧਰ ਤੇ ਫੈਸਲਾ ਕੀਤਾ ਗਿਆ ਹੈ ਕਿ ਇਹ ਏਜੰਡਾ ਆਬਕਾਰੀ ਤੇ ਕਰ ਵਿਭਾਗ (Excise and Taxation Department) ਵਲੋਂ ਪੇਸ਼ ਕੀਤਾ ਜਾਵੇਗਾ ਅਤੇ ਉਨ੍ਹਾਂ ਵਲੋਂ ਹੀ ਇਹ ਏਜੰਡਾ ਤਿਆਰ ਕੀਤਾ ਜਾਵੇਗਾ। ਸੋ, ਇਹ ਸੁਖਬੀਰ ਸਿੰਘ ਸਾਹਿਬ ਨੇ ਲਿਖ ਦਿੱਤਾ ਜੀ। ਫਿਰ ਉਸੇ ਤਰ੍ਹਾਂ ਹੀ ਇਨ੍ਹਾਂ ਨੇ ਲਿਖ ਦਿੱਤਾ ਕਿ ਫੈਸਲਾ ਲੈਣ ਬਾਰੇ ਅਧਿਕਾਰ ਵਿੱਤ ਮੰਤਰੀ ਜੀ ਨੂੰ ਪਹਿਲਾਂ ਹੀ ਦੇ ਦਿੱਤੇ ਗਏ ਹਨ। ਇਹ ਮਾਮਲਾ ਵਿੱਤ ਵਿਭਾਗ ਦਾ ਹੈ। ਇਸ ਲਈ ਮੰਤਰੀ ਮੰਡਲ ਵੱਲੋਂ ਲੋੜੀਂਦੇ ਮੈਮੋਰੰਡਮ ਵਿੱਤ ਵਿਭਾਗ ਤੋਂ ਤਿਆਰ ਕਰਵਾਏ ਜਾਣ। ਸਪੀਕਰ ਸਾਹਿਬ, ਇਹ ਸਾਰਾ ਘਾਲਾ-ਮਾਲਾ ਇਨ੍ਹਾਂ ਦਾ ਹੈ। ਸਪੀਕਰ ਸਾਹਿਬ, ਇਕ ਮਜਬੂਰੀ ਇਹ ਵੀ ਹੈ ਕਿ ਇਹ ਜਿਹੜਾ ਲੋਨ ਹੈ, ਇਹ ਬਹੁਤ ਸਸਤੇ ਰੇਟ ਤੇ ਮਿਲਣਾ ਹੈ। ਇਸ ਦਾ ਮਤਲਬ ਜੇ ਅਸੀਂ ਇਹ ਨਹੀਂ ਲਿਆਉਂਦੇ ਤਾਂ ਇਸ ਦਾ ਇਹ ਵੀ ਮਤਲਬ ਹੈ ਕਿ ਇਨ ਫਿਊਚਰ ਚਾਹੇ ਉਹ ਵਰਲਡ ਬੈਂਕ ਹੈ, ਚਾਹੇ ਉਹ ਕੋਈ ਵੀ externally aided project ਹੈ, ਚਾਹੇ ਏਸ਼ੀਅਨ ਡਿਵੈਲਪਮੈਂਟ ਬੈਂਕ ਹੈ, ਪੰਜਾਬ ਇਸ ਵਿਚ ਫਿਰ ਕੁਆਲੀਫਾਈ ਨਹੀਂ ਕਰੇਗਾ। ਸਪੀਕਰ ਸਾਹਿਬ, ਮਜ਼ਬੂਰੀ ਅਤੇ ਸਿੱਤਮ-ਜ਼ਰੀਫੀ ਇਸ ਗੱਲ ਦੀ ਹੈ ਕਿ ਇਹ 30,000 ਕਰੋੜ ਵਾਲਾ ਟੋਆ ਵੀ ਪੁੱਟ ਗਏ, ਏ.ਡੀ.ਬੀ. ਵਾਲਾ ਟੋਆ ਵੀ ਪੁੱਟ ਗਏ ਔਰ ਇਸ ਕਿਸਮ ਦੇ ਖਾਲੀ ਖਜ਼ਾਨੇ ਮੇਰੇ ਹੱਥ ਆ ਗਏ ਹਨ।

ਸਪੀਕਰ ਸਾਹਿਬ, ਮੈਂ ਇਸ ਵਿਚ ਇਕ ਹੋਰ ਗੱਲ ਤੁਹਾਨੂੰ ਕਹਿਣਾ ਚਾਹਵਾਂਗਾ ਕਿ ਸ਼੍ਰੀ ਅਮਨ ਅਰੋੜਾ ਜੀ ਨੇ ਇਹ ਗੱਲ ਕਹੀ ਸੀ ਕਿ ਐਕਚੂਅਲ ਬਜਟ ਇੰਨਾ ਹੈ ਅਤੇ ਦਿਖਾਇਆ ਇੰਨਾ ਗਿਆ ਹੈ। ਉਹ ਵੇਅਜ਼ ਐਂਡ ਮੀਨਜ਼ ਹੁੰਦਾ ਹੈ, ਉਹ 27500 ਕਰੋੜ ਰੁਪਿਆ ਸਾਡੇ ਕੋਲ ਹੁੰਦਾ ਹੈ। ਐਕਚੂਅਲੀ ਉਹ ਮੋੜਨਾ ਹੁੰਦਾ ਹੈ, ਉਹ contra entry ਹੁੰਦਾ ਹੈ ਪਰ ਸਾਨੂੰ ਉਹ ਦੇਣਾ ਪੈਂਦਾ ਹੈ।

ਸਪੀਕਰ ਸਾਹਿਬ, ਇਥੇ ਇਹ ਵੀ ਗੱਲ ਆਈ ਕਿ ਜਿਹੜੀਆਂ ਮੁਲਾਜ਼ਮਾਂ ਦੀਆਂ ਸੈਲਰੀਜ਼ ਹਨ, ਉਹ ਇਨ੍ਹਾਂ ਨੇ ਤਾਂ ਕਦੇ ਡਿਲੇਅ ਨਹੀਂ ਕੀਤੀਆਂ ਸੀ। ਸੈਲਰੀਜ਼ ਇਸ ਕਰਕੇ ਡਿਲੇਅ ਹੋ ਗਈਆਂ ਕਿਉਂਕਿ ਜੁਲਾਈ ਦੇ ਵਿਚ ਜੀ.ਐਸ.ਟੀ. ਟੈਕਸ ਨਾਫਿਜ਼ ਹੋਇਆ ਸੀ ਔਰ ਅਗਸਤ ਦੇ ਵਿਚ ਸਾਨੂੰ ਜੀ.ਐਸ.ਟੀ. ਦੀ ਜਿਹੜੀ ਕਿਸ਼ਤ ਮਿਲਣੀ ਸੀ, ਕਿਉਂਕਿ ਪਹਿਲਾਂ ਵੈਟ ਤਾਂ ਸਾਡੇ ਖਜ਼ਾਨੇ ਦੇ ਵਿਚ ਹੀ ਆ ਜਾਂਦਾ ਸੀ ਪਰ ਕਿਉਂਕਿ ਜੀ.ਐਸ.ਟੀ. ਕਾਰਨ ਅੱਧੀਆਂ ਪਾਵਰਾਂ ਗੌਰਮਿੰਟ ਆਫ ਇੰਡੀਆ ਨੂੰ ਚਲੀਆਂ ਗਈਆਂ, ਸਿਰਫ ਦੋ ਮਹੀਨੇ ਹੀ ਸੈਲਰੀਜ਼ ਡਿਲੇਅ ਹੋਈਆਂ ਹਨ। ਉਸ ਦੀ

[ਵਿੱਤ ਮੰਤਰੀ]

ਵਜ੍ਹਾ ਹੈ ਕਿ ਇਕ ਤਾਂ ਸਾਨੂੰ ਜੀ.ਐਸ.ਟੀ. ਦੀ ਕੰਪਨਸੇਸ਼ਨ ਨਹੀਂ ਮਿਲੀ। ਸਪੀਕਰ ਸਾਹਿਬ, ਇਕ ਯੂਨੀਲੈਟਰਲੀ ਗੌਰਮਿੰਟ ਆਫ ਇੰਡੀਆ ਨੇ ਕੀ ਕੀਤਾ ਕਿ ਜਿਹੜਾ ਸਾਡਾ ਸੈਂਟਰਲ ਸ਼ੇਅਰ ਆਉਂਦਾ ਹੈ, ਇਹ ਸੈਂਟਰਲ ਸ਼ੇਅਰ ਸਾਨੂੰ ਇਨਕਮ ਟੈਕਸ ਤੋਂ ਆਉਂਦਾ ਹੈ, ਕਸਟਮਜ਼ ਤੋਂ ਆਉਂਦਾ ਹੈ, ਇਹ ਪਹਿਲਾਂ ਹਰ ਮਹੀਨੇ ਦੀ ਇਕ ਤਰੀਕ ਨੂੰ ਆ ਜਾਂਦਾ ਸੀ। ਪਰ ਹੁਣ ਸੈਂਟਰ ਨੇ ਯੂਨੀਲੈਟਰਲੀ ਇਹ 15 ਤਾਰੀਖ ਨੂੰ ਦੇਣਾ ਸ਼ੁਰੂ ਕਰ ਦਿੱਤਾ, ਜਦੋਂ ਕਿ ਤਨਖਾਹਾਂ ਪਹਿਲੀ ਤਾਰੀਖ ਨੂੰ ਦੇਣੀਆਂ ਹੁੰਦੀਆਂ ਹਨ। ਸਾਨੂੰ ਇਹ ਸੈਂਟਰਲ ਸ਼ੇਅਰ ਦਾ 760 ਕਰੋੜ ਰੁਪਿਆ ਹਰ ਮਹੀਨੇ 15 ਤਾਰੀਖ ਨੂੰ ਆਉਣ ਲੱਗ ਪਿਆ ਹੈ। ਇਸ ਤਰ੍ਹਾਂ ਦੀਆਂ ਸਾਨੂੰ ਕੈਸ਼ flow ਪ੍ਰਾਬਲਮਜ਼ ਦਰਪੇਸ਼ ਆਈਆਂ। ਸਪੀਕਰ ਸਾਹਿਬ, ਢੀਂਡਸਾ ਸਾਹਿਬ ਇਥੇ ਬੋਲ ਕੇ ਗਏ ਹਨ ਕਿ ਪਹਿਲਾਂ ਤਾਂ ਇਹ ਦੱਸੋ ਕਿ ਜੀ.ਐਸ.ਟੀ. ਪੰਜਾਬ ਦੇ ਹਿੱਤ ਵਿਚ ਹੈ ਜਾਂ ਪੰਜਾਬ ਦੇ ਖਿਲਾਫ ਹੈ। ਸਪੀਕਰ ਸਾਹਿਬ, ਕਾਂਗਰਸ ਪਾਰਟੀ ਜੀ.ਐਸ.ਟੀ. ਦਾ ਖੈਰਮਕਦਮ ਕਰਦੀ ਹੈ, ਕਾਂਗਰਸ ਪਾਰਟੀ ਇਸ ਦੇ ਹੱਕ ਵਿਚ ਹੈ। ਕਰੀਬ 225 ਮੁਲਕ ਦੁਨੀਆਂ ਤੇ ਆਬਾਦ ਹਨ ਉਨ੍ਹਾਂ ਵਿਚੋਂ ਲਗਭਗ 175 ਮੁਲਕਾਂ ਵਿਚ ਜੀ.ਐਸ.ਟੀ. ਦਾ ਨਿਜ਼ਾਮ ਨਾਫਿਜ਼ ਹੈ। ਸਪੀਕਰ ਸਾਹਿਬ, ਇਸ ਗੱਲ ਤੋਂ ਮੁਨਕਰ ਨਹੀਂ ਹੈ, ਸਾਨੂੰ ਇਸ ਗੱਲ ਦੀ ਸ਼ਦੀਦ, ਤਕਲੀਫ ਜਾਂ ਦਿੱਕਤ ਸੀ ਕਿ ਜੀ.ਐਸ.ਟੀ. ਦਾ ਜਿਹੜਾ ਤਰੀਕਾਕਾਰ ਹੈ, ਉਹ ਸਹੀ ਨਹੀਂ ਹੈ। ਸਪੀਕਰ ਸਾਹਿਬ, ਕੇਂਦਰ ਸਰਕਾਰ ਵਿਚ ਥੋੜ੍ਹੀ ਜਿਹੀ ਐਰੋਗੈਂਸ ਹੈ। ਇਸ ਚੀਜ਼ ਦੀ ਨਿਸ਼ਾਨਦੇਹੀ ਕਰਵਾਈ ਗਈ ਸੀ ਕਿ ਵਪਾਰੀਆਂ ਨੂੰ ਕਿਸ ਕਿਸਮ ਦੀਆਂ ਮੁਸ਼ਕਲਾਂ ਆਉਣਗੀਆਂ ਪਰ ਜਦੋਂ ਗੁਜਰਾਤ ਦੀਆਂ ਚੋਣਾਂ ਆਈਆਂ ਤਾਂ ਉਹ ਸਾਰੀਆਂ ਮੁਸ਼ਕਲਾਂ ਠੀਕ ਵੀ ਹੋ ਗਈਆਂ। ਹੁਣ ਜੀ.ਐਸ.ਟੀ. ਦਾ ਸਿਸਟਮ ਦਰੁੱਸਤੀ ਵੱਲ ਤੁਰਿਆ ਹੈ ਹਾਲਾਂ ਕਿ ਮੈਂ ਅੱਜ ਵੀ ਕੁਝ ਫਿਗਰਜ਼ ਪੜ੍ਹ ਰਿਹਾ ਸੀ ਕਿ ਜੀ.ਐਸ.ਟੀ. ਦੀ ਕੁਲੈਕਸ਼ਨ ਘਟਦੀ ਜਾ ਰਹੀ ਹੈ। ਇਸ ਵਿਚ ਹਾਲੇ ਵੀ ਪੇਚਕਸ ਲੱਗਣ ਵਾਲਾ ਹੈ। ਸਪੀਕਰ ਸਾਹਿਬ, ਸਾਨੂੰ ਤਾਂ ਇਹ ਦੱਸਿਆ ਗਿਆ ਸੀ ਕਿ ਇਹ ਟੈਕਸ ਦਾ ਬਹੁਤ ਸਰਲ ਤਰੀਕਾ ਹੈ, ਇਸ ਨਾਲ ਮੁਲਕ ਦੀ ਜੀ.ਡੀ.ਪੀ. ਵਧੇਗੀ, ਰੈਵੇਨਿਊ ਵਧੇਗਾ ।ਪਰ ਸਪੀਕਰ ਸਾਹਿਬ, ਮੇਰੀ ਅਕਲ ਦੰਗ ਹੈ ਕਿ ਜੇ ਸਾਡੀ ਜੀ.ਡੀ.ਪੀ. ਵੱਧ ਰਹੀ ਹੈ ਤਾਂ ਜੀ.ਐਸ.ਟੀ. ਕੁਲੈਕਸ਼ਨ ਕਿਉਂ ਘੱਟ ਰਹੀ ਹੈ? ਸੋ, ਕਹਿਣ ਦਾ ਮਤਲਬ ਹੈ ਕਿ ਇਸ ਵਿਚ ਕੋਈ ਨਾ ਕੋਈ ਨੁਕਸ ਅੱਜ ਵੀ ਹੈ। ਢੀਂਡਸਾ ਸਾਹਿਬ ਇਹ ਗੱਲ ਕਹਿ ਕੇ ਗਏ ਕਿ ਜੀ.ਐਸ.ਟੀ. ਦੀਆਂ ਮੀਟਿੰਗਾਂ ਵਿਚ ਮੈਂ ਹੀ ਜਾਂਦਾ ਹੁੰਦਾ ਸੀ ਅਤੇ ਮੈਂ ਉਥੇ ਨੈਗੋਸ਼ੀਏਟ ਕੀਤਾ ਅਤੇ ਪੰਜਾਬ ਨੂੰ ਮੇਰੀ ਵਜ੍ਹਾ ਨਾਲ 14 ਫੀਸਦੀ ਇਨਕਰੀਜ਼ ਮਿਲਿਆ। ਸਪੀਕਰ ਸਾਹਿਬ, ਇਹ 14% ਤਾਂ ਸਾਰੇ ਸੂਬਿਆਂ ਨੂੰ ਮਿਲਿਆ ਹੈ, ਕੋਈ ਪੰਜਾਬ ਨੂੰ ਵੱਖਰਾ ਥੋੜ੍ਹਾ ਮਿਲਿਆ ਹੈ? ਸਪੀਕਰ ਸਾਹਿਬ, ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜਿਹੜਾ ਸਾਡਾ ਟੈਕਸ ਬੇਸ ਸੀ, ਉਸ ਦਾ 40 ਫੀਸਦੀ ਹਿੱਸਾ ਫੂਡ ਗਰੇਨਜ਼ ਦਾ ਸੀ। ਉਹ ਸਬਸਿਊਮ ਹੋ ਗਿਆ ਫਿਰ ਇਹ ਨੈਗੋਸ਼ੀਏਟ ਕੀ ਕਰਕੇ ਆਏ ਹਨ? ਅਗਲਾ ਲਫਜ਼ ਇਨ੍ਹਾਂ ਨੇ ਬੋਲਿਆ ਕਿ ਮੈਨੂੰ ਫਿਕਰ ਹੈ ਕਿ ਜਿਸ ਦਿਨ ਜੀ.ਐਸ.ਟੀ. ਕੰਪਨਸੇਸ਼ਨ ਖਤਮ ਹੋ ਗਈ ਤਾਂ ਫਿਰ ਕੀ ਬਣੇਗਾ। ਸੋ, ਸਪੀਕਰ ਸਾਹਿਬ, ਇਹ ਤਾਂ ਉਨ੍ਹਾਂ ਨੂੰ ਸੋਚਣਾ ਚਾਹੀਦਾ ਸੀ, ਫਿਰ 10 ਸਾਲ ਦਾ ਕਰ ਲੈਂਦੇ। ਸੋ, ਸਪੀਕਰ ਸਾਹਿਬ, ਜਦੋਂ ਸਾਡੀ ਸਰਕਾਰ ਬਣੀ ਤਾਂ ਉਸ ਸਮੇਂ ਤੱਕ ਇਹ ਸਾਰੀਆਂ ਨੈਗੋਸੀਏਸ਼ਨਜ਼ ਖਤਮ ਹੋ ਚੁੱਕੀਆਂ ਸਨ। ਬਹਰਹਾਲ, ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸਦਨ ਨੂੰ ਇਸ ਗੱਲ ਦਾ ਫਿਰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੀ ਕੋਈ ਮਨਸ਼ਾ ਨਹੀਂ ਹੈ ਕਿ ਬਜਟ ਵਿਚ ਕੋਈ ਹੇਰ-ਫੇਰ ਕੀਤੀ ਜਾਵੇ ਕਿਉਂਕਿ ਇਸ ਤਰ੍ਹਾਂ ਨਾ ਪੰਜਾਬ ਦਾ ਭਲਾ ਹੋਣਾ ਹੈ ਅਤੇ ਨਾ ਮੇਰਾ ਭਲਾ ਹੋਣਾ ਹੈ। ਮੇਰੀ ਹਰ ਮੁਮਕਿਨ ਕੋਸ਼ਿਸ਼ ਹੋਵੇਗੀ ਕਿ ਜੋ ਜੋ ਬਜਟ ਵਿਚ ਮਨਸੂਬੇ ਰੱਖੇ ਹਨ ਉਹ ਸਿਰੇ ਚੜ੍ਹ ਸਕਣ। ਸਪੀਕਰ ਸਾਹਿਬ, ਮੈਂ ਸਦਨ ਨੂੰ ਇਹ ਵੀ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਕੇਵਲ ਆਪਣੀ ਕੈਬਨਿਟ ਨੂੰ ਜਵਾਬਦੇਹ ਨਹੀਂ ਹਾਂ, ਮੈਂ ਸਿਰਫ ਇਸ ਸਦਨ ਨੂੰ ਜਵਾਬਦੇਹ ਨਹੀਂ ਹਾਂ, ਮੈਂ ਪੰਜਾਬ ਦੇ ਲੋਕਾਂ ਨੂੰ ਵੀ ਜਵਾਬਦੇਹ ਹਾਂ । ਮੈਂ ਕਿਸੇ ਦਿਨ ਪ੍ਰਮਾਤਮਾ ਦੀ ਕਚਹਿਰੀ ਵਿਚ ਵੀ ਹਾਜ਼ਰ ਹੋਣਾ ਹੈ,

ਤੁਸੀਂ ਇਥੋਂ ਤਾਂ ਮੈਨੂੰ ਮੁਆਫੀ ਦੇ ਦਿਉਗੇ, ਇਲਾਕੇ ਦੇ ਲੋਕ ਵੀ ਮੁਆਫ ਕਰ ਦੇਣਗੇ ਕਿਉਂਕਿ ਤੁਹਾਡੇ ਦਿਲ ਬੜੇ ਵੱਡੇ ਹਨ ਪਰ ਕਿਸੇ ਦਿਨ ਮੈਨੂੰ ਪ੍ਰਮਾਤਮਾ ਦੀ ਕਚਹਿਰੀ ਵਿਚ ਵੀ ਹਾਜ਼ਰ ਹੋਣਾ ਪੈਣਾ ਹੈ। ਉਸ ਦਿਨ ਪ੍ਰਮਾਤਮਾ ਇਹ ਪੁੱਛੇਗਾ ਕਿ ਮੈਂ ਕਿਸੇ ਵੇਲੇ ਇਸ ਮੁਲਕ ਦਾ ਬੋਝ ਤੇਰੇ ਮੋਢਿਆਂ ਤੇ ਰੱਖਿਆ ਸੀ ਕੀ ਤੂੰ ਇਮਾਨਦਾਰੀ ਨਾਲ, ਨੇਕਨੀਤੀ ਨਾਲ, ਦਿਆਨਤਦਾਰੀ ਨਾਲ ਇਸ ਮੁਲਕ ਦੀ ਸੇਵਾ ਕੀਤੀ ਜਾਂ ਨਹੀਂ? (ਥੰਪਿੰਗ) ਸਪੀਕਰ ਸਾਹਿਬ, ਮੈਂ ਪ੍ਰਮਾਤਮਾ ਦੀ ਕਚਹਿਰੀ ਤੋਂ ਡਰਦਾ ਹਾਂ, ਮੈਨੂੰ ਇਨ੍ਹਾਂ ਤੋਂ ਡਰ ਨਹੀਂ ਲਗਦਾ। ਬੰਦਾ ਕਈ ਵਾਰੀ ਸ਼ਰਾਫਤ ਨੂੰ ਕਮਜ਼ੋਰੀ ਸਮਝ ਲੈਂਦਾ ਹੈ। ਸ਼ਰੀਫ ਬੰਦਾ ਤਾਂ ਸ਼ਰਾਫਤ ਤੋਂ ਡਰਦਾ ਹੈ ਪਰ ਜਿਹੜਾ ਬਦਮਾਸ਼ ਹੁੰਦਾ ਹੈ, ਉਹ ਸੋਚਦਾ ਹੈ ਕਿ ਮੈਥੋਂ ਡਰ ਰਿਹਾ ਹੈ। ਸਪੀਕਰ ਸਾਹਿਬ ਕਿਸੇ ਕਵੀ ਨੇ ਲਿਖਿਆ ਹੈ ਕਿ-

ਥੀ ਖਬਰ ਗਰਮ ਕਿ ਗਾਲਿਬ ਕੇ ਉੜੇਂਗੇ ਪੁਰਜ਼ੇ
ਦੇਖਨੇ ਹਮ ਭੀ ਗਏ, ਪਰ ਤਮਾਸ਼ਾ ਨਾ ਹੁਆ

ਇਨ੍ਹਾਂ ਨੂੰ ਕਿਹਾ ਸੀ ਕਿ ਸੁਣ ਕੇ ਜਾਂਦੇ ਪਰ ਇਹ ਇਸ ਬਹਾਨੇ ਨਾਲ ਨਿਕਲ ਗਏ ਕਿ ਗੱਲਾਂ ਸੁਣਨੀਆਂ ਨਾ ਪੈਣ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਵੀ ਅਫਸੋਸ ਹੈ ਕਿ ਜਿਨ੍ਹਾਂ ਨੇ ਪੰਜਾਬ ਨੂੰ ਜਿਹੜੇ ਹਿੰਦੁਸਤਾਨ ਤਬਾਹਸ਼ੁਦਾ ਸੂਬੇ ਹਨ, ਉਨ੍ਹਾਂ ਸੂਬਿਆਂ ਦੀ ਫੇਅਰਿਸਟ ਦੇ ਵਿੱਚ ਜਿਨ੍ਹਾਂ ਨੇ ਖੜ੍ਹਾ ਕੀਤਾ ਹੈ, ਉਹ ਅੱਜ ਪੰਜਾਬ ਦੇ ਠੇਕੇਦਾਰ ਬਣ ਗਏ ਕਿ ਅਸੀਂ ਪੰਜਾਬ ਨੂੰ ਠੀਕ ਕਰਾਂਗੇ। ਜਿਹੜੇ ਸਾਡੇ ਬੱਚਿਆਂ ਨੂੰ 10 ਸਾਲ ਕਿਤਾਬ ਨਹੀਂ ਦੇ ਸਕੇ, ਜਿਹੜੇ ਮਰੀਜ਼ ਨੂੰ ਇਲਾਜ ਨਹੀਂ ਦੇ ਸਕੇ, ਜਿਹੜੇ ਮਜ਼ਲੂਮ ਨੂੰ ਇਨਸਾਫ ਨਹੀਂ ਦੇ ਸਕੇ। ਕਹਿੰਦੇ ਹਨ "

ਕਿ ਆਜ ਕੇ ਦੌਰ ਮੇਂ ਦੁਆ ਕਿਆ ਹੈ, ਦਵਾ ਕਿਆ ਹੈ,
ਯਹਾਂ ਕਾਤਿਲ ਖੁਦ ਪੂਛਤੇ ਹੈ, ਹੂਆ ਕਿਆ ਹੈ, ਹੂਆ ਕਿਆ ਹੈ"।

ਇਸ ਕਰਕੇ ਸਪੀਕਰ ਸਾਹਿਬ, ਮੈਂ ਇਸ ਡਿਸਕਸ਼ਨ ਨੂੰ ਜ਼ਿਆਦਾ ਲੰਬਾ ਨਾ ਲਿਜਾਉਂਦਾ ਹੋਇਆ, ਦੋ-ਚਾਰ ਗੱਲਾਂ ਕਰਨੀਆਂ ਚਾਹੁੰਦਾ ਹਾਂ। ਸਪੀਕਰ ਸਾਹਿਬ, ਇੱਕ ਪਟਿਆਲਾ ਤੇ ਅੰਮ੍ਰਿਤਸਰ ਡਿਜ਼ੀਟਲ ਲਾਇਬ੍ਰੇਰੀ ਲਈ ਪੰਜ ਕਰੋੜ ਰੁਪਿਆ ਸੀ.ਐਮ. ਸਾਹਿਬ ਨੇ ਹੁਕਮ ਕੀਤਾ ਹੈ। (ਥੰਪਿੰਗ) ਸਪੀਕਰ ਸਾਹਿਬ, ਜੇ ਹੁਣ ਅਸੀਂ ਬਜਟ ਬਦਲਦੇ ਹਾਂ ਤਾਂ ਉਹ ਸਾਰੀਆਂ ਫਿੱਗਰਜ਼ ਤੇ ਸਾਰਾ ਬਿਲ ਬਦਲਣਾ ਬੜਾ ਮੁਸ਼ਕਲ ਹੋ ਜਾਏਗਾ। C.M, Sahib I assure you that during the course of time, we will get money ਅਤੇ ਪੰਜ ਕਰੋੜ ਰੁਪਏ ਅੰਮ੍ਰਿਤਸਰ ਅਤੇ ਪਟਿਆਲਾ ਦੀ ਲਾਇਬ੍ਰੇਰੀ ਨੂੰ ਦੇ ਦਿਆਂਗੇ। ਸੀ.ਐਮ. ਸਾਹਿਬ ਨੇ ਹੁਕਮ ਕੀਤਾ ਕਿ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਬਾਬਾ ਬੁੱਢਾ ਜੀ ਚੇਅਰ ਐਸਟੈਬਲਿਸ਼ ਕੀਤੀ ਜਾਵੇ। ਇਸ ਵਾਸਤੇ ਇਸ ਬਜਟ ਵਿੱਚ 2 ਕਰੋੜ ਰੁਪਿਆ ਰੱਖਿਆ ਗਿਆ ਹੈ।(ਥੰਪਿੰਗ) ਸੀ.ਐਮ ਸਾਹਿਬ ਨੇ ਇੱਕ ਹੋਰ ਹੁਕਮ ਕੀਤਾ ਸੀ ਪਰ ਮੈਂ ਮੁਆਫੀ ਚਾਹੁੰਦਾ ਹਾਂ ਕਿ ਮੈਂ ਕਿਸੇ ਵਜ੍ਹਾ ਨਾਲ overlook ਕਰ ਗਿਆ ਕਿ ਹੁਸ਼ਿਆਰਪੁਰ ਦੇ ਵਿੱਚ Tertiary Care Cancer Centre ਬਜਟ ਦੇ ਵਿੱਚ ਅਨਾਊਂਸ ਕਰ ਦਿੱਤਾ ਜਾਵੇ ਕਿ ਇਹ ਬਣੇਗਾ। ਸਪੀਕਰ ਸਾਹਿਬ, ਇਹ ਬਣੇਗਾ ਅਤੇ ਇਸੇ ਸਾਲ ਵਿੱਚ ਇਸ ਨੂੰ ਕੰਪਲੀਟ ਕੀਤਾ ਜਾਏਗਾ। ਮੇਰੇ ਬੜੇ ਫਾਜ਼ਲ ਦੋਸਤ ਹਨ। ਸੰਦੋਆ ਸਾਹਿਬ, ਮੈਂ ਇਨ੍ਹਾਂ ਤੋਂ ਮੁਆਫੀ ਮੰਗਦਾ ਹਾਂ, ਇਹ ਪੰਜ-ਛੇ ਵਾਰ ਮੇਰੇ ਕੋਲ ਸੜਕ ਬਣਾਉਣ ਵਾਸਤੇ ਆਏ ਹਨ।

**ਮਾਨਯੋਗ ਸਪੀਕਰ:** ਸੋ, ਤੁਸੀਂ ਸੜਕ ਬਣਾ ਦਿਓ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਹਾਊਸ ਦੇ ਵਿੱਚ ਐਸ਼ੋਰੈਂਸ ਦਿੰਦਾ ਹਾਂ ਕਿ ਸਾਡੀ ਕੋਸ਼ਿਸ਼ ਹੋਵੇਗੀ ਕਿ ਅਗਲੇ ਦੋ, ਚਾਰ, ਛੇ ਮਹੀਨਿਆਂ ਦੇ ਵਿੱਚ ਸੜਕ ਮੁਕੰਮਲ ਕਰ ਦੇਈਏ। (ਥੰਪਿੰਗ)

**ਮਾਨਯੋਗ ਸਪੀਕਰ** : ਛੇ ਮਹੀਨੇ ਦੀ ਤਾਰੀਖ ਲੰਬੀ ਹੈ। ਇਹ ਤਾਰੀਖ ਥੋੜ੍ਹੀ ਛੋਟੀ ਕਰ ਦਿਉ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਜਿਸ ਦਿਨ ਟੈਂਡਰਿੰਗ ਪ੍ਰੋਸੈੱਸ ਖਤਮ ਹੋ ਗਿਆ, ਉਸ ਤੋਂ 60 ਦਿਨਾਂ ਦੇ ਵਿੱਚ ਬਣਾ ਦਿੱਤੀ ਜਾਵੇਗੀ।

**ਮਾਨਯੋਗ ਸਪੀਕਰ** : ਟੈਂਡਰ ਹੋਇਆ, ਕੰਮ ਅਲਾਟ ਹੋਇਆ, ਕੁਝ ਪੈਸੇ ਚਲੇ ਗਏ, ਸਰਕਾਰ ਬਦਲ ਗਈ, ਇਸ ਕਰਕੇ ਕੰਮ ਰੁਕ ਗਿਆ।

**ਵਿੱਤ ਮੰਤਰੀ** : ਬੜੀ ਮਿਹਰਬਾਨੀ। ਸਪੀਕਰ ਸਾਹਿਬ, ਮੈਂ ਹਾਊਸ ਵਿੱਚ ਐਸ਼ੋਰੈਂਸ ਦਿੰਦਾ ਹਾਂ ਕਿ ਮੈਂ ਕੋਸ਼ਿਸ਼ ਕਰਦਾ ਹਾਂ। ਮੈਂ ਖਲੂਸਦਿਲੀ ਨਾਲ ਕਹਿੰਦਾ ਹਾਂ ਕਿ ਜਿੰਨੀ ਜਲਦੀ ਹੋ ਸਕੇ ਇਹ ਸੜਕ ਬਣਾ ਦਿਆਂਗੇ। ਸਪੀਕਰ ਸਾਹਿਬ, ਪਿੰਡਾਂ ਦੇ ਵਿੱਚ solid waste management ਹੈ ਅਤੇ ਗੰਦੇ ਪਾਣੀ ਦੇ ਨਿਕਾਸ ਦਾ ਮੁੱਦਾ ਹੈ, ਉਸ ਦਾ ਪਾਇਲਟ ਪ੍ਰੋਜੈਕਟ ਜੋ ਹੈ ਉਹ ਭਵਾਨੀਗੜ੍ਹ ਬਲਾਕ ਤੋਂ ਸ਼ੁਰੂ ਕਰਾਂਗੇ। ਸਪੀਕਰ ਸਾਹਿਬ, ਮੈਂ ਜ਼ਿਆਦਾ ਕੁਝ ਹੋਰ ਨਾ ਕਹਿੰਦਾ ਹੋਇਆ ਇਹ ਕਹਾਂਗਾ ਕਿ ਤੁਸੀਂ ਇੰਨੇ ਸਬਰ ਨਾਲ ਮੈਨੂੰ ਸੁਣਿਆ ਹੈ, ਖਾਸ ਕਰਕੇ ਆਪੋਜ਼ੀਸ਼ਨ ਵਾਲਿਆਂ ਨੇ ਸੁਣਿਆ ਹੈ। ਤੁਹਾਡੇ ਜਿੰਨੇ ਵੀ ਤਾਮੀਰੀ ਸੁਝਾਅ ਹਨ, ਖਾਸ ਕਰਕੇ ਫੂਲਕਾ ਸਾਹਿਬ ਦੇ, ਸੰਧੂ ਸਾਹਿਬ ਦੇ ਹਨ, ਉਹ ਸਾਰੇ ਹੀ ਮੇਰੇ ਡਿਪਾਰਟਮੈਂਟ ਵਾਲਿਆਂ ਨੇ ਨੋਟ ਕੀਤੇ ਹਨ। ਇੱਕ ਸੰਧੂ ਸਾਹਿਬ ਤੁਸੀਂ ਪੀ.ਏ.ਯੂ ਦੇ ਵਿੱਚ ਖਾਸ ਰਿਸਰਚ ਦੀ ਗੱਲ ਕੀਤੀ ਸੀ। ਇੱਕ PAU ਨਾਲ bilateral meeting ਹੋਈ ਸੀ। ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਜਿੰਨੇ ਪੈਸੇ ਉਨ੍ਹਾਂ ਨੇ ਸਾਡੇ ਕੋਲੋਂ ਮੰਗੇ, ਮੈਂ ਇਹ ਨਹੀਂ ਕਹਾਂਗਾ ਕਿ ਮੈਂ ਉਨ੍ਹਾਂ ਨੂੰ ਜ਼ੋਰ ਦੇ ਕੇ ਕਿਹਾ ਹੈ, ਪਰ ਜਿੰਨੇ ਪੈਸੇ ਉਨ੍ਹਾਂ ਨੇ ਸਾਡੇ ਤੋਂ ਮੰਗੇ ਉਨੇ ਪੈਸੇ ਬਜਟ ਵਿੱਚ ਅਸੀਂ ਦੇ ਦਿੱਤੇ ਹਨ। ਫਾਇਨਾਂਸ ਮਨਿਸਟਰ ਦਾ ਜਿਹੜਾ ਰੋਲ ਹੁੰਦਾ ਹੈ, ਇਸ ਨੂੰ ਕਦੇ ਜਸ ਨਹੀਂ ਮਿਲ ਸਕਦਾ ਹੈ, ਕੋਈ ਖੁਸ਼ ਨਹੀਂ ਹੋ ਸਕਦਾ ਹੈ। ਜੇ ਤੁਸੀਂ ਆਪਣੇ ਬੇਟੇ ਨੂੰ ਸਕੂਲ ਜਾਂ ਕਾਲਜ ਜਾਂਦੇ ਨੂੰ 100 ਰੁਪਿਆ ਘੱਟ ਦੇ ਦਿਓ ਤਾਂ ਉਹ ਵੀ ਬੁੱਲ ਮੋਟੇ ਕਰ ਲੈਂਦਾ ਹੈ। ਰਾਜ਼ੀ ਤਾਂ ਨਹੀਂ ਹੋਣਗੇ ਪਰ ਕੋਸ਼ਿਸ਼ ਇਹ ਹੈ ਕਿ ਪੰਜਾਬ ਇੱਕ ਵਾਰ ਫੇਰ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ। ਪੰਜਾਬ ਆਪਣੇ ਪੈਰਾਂ ਤੇ ਚਲ ਸਕੇ। ਸਪੀਕਰ ਸਾਹਿਬ, ਅਸੀਂ ਆਪਣੇ ਬੱਚਿਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰ ਸਕੀਏ। ਸਾਡੇ ਬੱਚਿਆਂ ਨੂੰ ਕੋਈ ਗਰੀਬ ਸਮਝ ਕੇ ਹੰਕਾਰ ਦੀ ਨਿਗਾਹ ਨਾਲ ਨਾ ਦੇਖੇ। ਜਿਵੇਂ ਇਰਾਕ ਵਿੱਚ ਸਾਡੇ ਬੱਚੇ ਰੋਟੀ ਪਿੱਛੇ ਕਤਲ ਹੋਏ ਹਨ, ਉਨ੍ਹਾਂ ਨੂੰ ਦਰ-ਬਦਰ ਦੀਆਂ ਠੋਕਰਾਂ ਨਾ ਖਾਣੀਆਂ ਪੈਣ। ਜਿਹੜਾ ਸਾਡਾ ਕਾਰੋਬਾਰ ਦਾ ਪਹੀਆ ਹੈ, ਉਹ ਇੱਕ ਵਾਰ ਫਿਰ ਤੇਜ਼ੀ ਨਾਲ ਚੱਲ ਸਕੇ। ਜਦੋਂ ਬਜਟ ਬਣਦਾ ਹੈ, ਇਹ ਬਜਟ ਇੱਕ ਸਾਲ ਦਾ ਨਹੀਂ ਹੁੰਦਾ, ਇਹ ਦਰਅਸਲ ਇੱਕ ਸਮਿਟ ਹੁੰਦੀ ਹੈ। ਜਿਵੇਂ ਕ੍ਰਿਕਟ ਵਿੱਚ ਕਹਿੰਦੇ ਹਨ ਕਿ ਬਾਲਿੰਗ ਦੀ ਲਾਈਨ ਅਤੇ ਲੈਂਥ ਹੁੰਦੀ ਹੈ, ਉਹ ਲਾਈਨ ਐਂਡ ਲੈਂਥ ਇਹੀ ਹੈ ਕਿ ਜਿਹੜੇ ਪੰਜਾਬ ਦੇ ਜੀ.ਡੀ.ਪੀ. ਦੇ ਦੋ ਵੱਡੇ ਹਿੱਸੇ ਹਨ ਉਨ੍ਹਾਂ ਵਿੱਚ ਇੱਕ ਟਰੇਡ ਅਤੇ ਇੰਡਸਟਰੀ ਹੈ ਅਤੇ ਦੂਜਾ ਐਗਰੀਕਲਚਰ ਹੈ। ਸਪੀਕਰ ਸਾਹਿਬ, ਜਿਸ ਦਿਨ ਇਹ ਚੱਲ ਗਏ, ਜਿਸ ਦਿਨ ਐਗਰੀਕਲਚਰ ਚੱਲ ਗਿਆ, ਜਿਸ ਦਿਨ ਸਾਡੀ ਇੰਡਸਟਰੀ ਚੱਲ ਗਈ, ਜਿਸ ਦਿਨ ਰੀਅਲ ਅਸਟੇਟ ਚੱਲ ਗਈ, ਜਿਸ ਦਿਨ ਕਾਰੋਬਾਰ ਚੱਲ ਗਿਆ ਤਾਂ ਇਹ ਜਿਹੜੇ ਬਜਟ ਦੇ ਫਿੱਗਰਜ਼ ਹਨ, ਇਹ ਬਹੁਤ ਛੋਟੇ ਲੱਗਣਗੇ। ਤੁਸੀਂ ਇੰਨੇ ਅਦਬ ਤੇ ਸਬਰ ਨਾਲ ਮੇਰੀ ਗੱਲ ਸੁਣੀ, ਮੈਂ ਤੁਹਾਡਾ ਮਸ਼ਕੂਰ ਹਾਂ, ਮਨਮੂਨ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ** : ਧੰਨਵਾਦ ਜੀ। ਅਗਲੀ ਆਈਟਮ, ਵਿੱਤੀ ਕੰਮ ਕਾਰ।

---

## FINANCIAL BUSINESS

**ਮਾਨਯੋਗ ਸਪੀਕਰ:** ਹੁਣ ਵਿੱਤ ਮੰਤਰੀ ਸਾਲ 2018-19 ਲਈ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਪੇਸ਼ ਕਰਨਗੇ।

## 1.(i) PRESENTATION OF DEMANDS FOR GRANTS RELATING TO THE BUDGET ESTIMATES FOR THE YEAR 2018-19

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਸਾਲ 2018-19 ਲਈ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਪੇਸ਼ ਕਰਦਾ ਹਾਂ:-

**ਮੰਗ ਨੰ:** 1

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 144253296000 ਰੁਪਏ ਅਤੇ ਪੂੰਜੀਗਤ ਲੇਖੇ ਤੇ 20400000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:** 2

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 5411000000 ਰੁਪਏ ਅਤੇ ਪੂੰਜੀਗਤ ਲੇਖੇ ਤੇ 111733000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:** 3

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1496182000 ਰੁਪਏ ਅਤੇ ਪੂੰਜੀਗਤ ਲੇਖੇ ਤੇ 2763525000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:** 4

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 950671000 ਰੁਪਏ ਅਤੇ ਪੂੰਜੀਗਤ ਲੇਖੇ ਤੇ 84100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:** 5

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 108303668000 ਰੁਪਏ ਅਤੇ ਪੂੰਜੀਗਤ ਲੇਖੇ ਤੇ 3188305000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿੱਚ ਕੀਤੀ ਜਾਵੇਗੀ।

[ਵਿੱਤ ਮੰਤਰੀ]

**ਮੰਗ ਨੰ: 6**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1165927000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 7**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1882959000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 8**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 288826383000 ਰੁਪਏ ਅਤੇ ਪੂੰਜੀਗਤ ਲੇਖੇ ਤੇ 361846891000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 9**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2298922000 ਰੁਪਏ ਅਤੇ ਪੂੰਜੀਗਤ ਲੇਖੇ ਤੇ 5000680000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 10**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2208899000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 11**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 31236492000 ਰੁਪਏ ਅਤੇ ਪੂੰਜੀਗਤ ਲੇਖੇ ਤੇ 18000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 12**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 62862000000 ਰੁਪਏ ਅਤੇ ਪੂੰਜੀਗਤ ਲੇਖੇ ਤੇ 1541401000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਹਿ ਮਾਮਲਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 13**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 16584959000 ਅਤੇ ਪੂੰਜੀਗਤ ਲੇਖੇ ਤੇ 171355000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 14**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 430284000 ਰੁਪਏ ਅਤੇ ਪੂੰਜੀਗਤ ਲੇਖੇ ਤੇ 10000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 15**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 12692149000 ਰੁਪਏ ਅਤੇ ਪੂੰਜੀਗਤ ਲੇਖੇ ਤੇ 8384595000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਜਲ ਸਰੋਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 16**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 275675000 ਰੁਪਏ ਅਤੇ ਪੂੰਜੀਗਤ ਲੇਖੇ ਤੇ 100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤੇ ਕਿਰਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 17**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 22002264000 ਰੁਪਏ ਅਤੇ ਪੂੰਜੀਗਤ ਲੇਖੇ ਤੇ 14049914000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 18**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 205727000 ਰੁਪਏ ਅਤੇ ਪੂੰਜੀਗਤ ਲੇਖੇ ਤੇ 10000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸੋਨਲ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 19**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1478542000 ਰੁਪਏ ਅਤੇ ਪੂੰਜੀਗਤ ਲੇਖੇ ਤੇ 2673592000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 20**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 29604144000 ਰੁਪਏ ਅਤੇ ਪੂੰਜੀਗਤ ਲੇਖੇ ਤੇ 529000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਬਿਜਲੀ ਦੇ ਸਬੰਧ ਵਿਚ ਕੀਤੀ ਜਾਵੇਗੀ।

[ਵਿੱਤ ਮੰਤਰੀ]

### ਮੰਗ ਨੰ: 21

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4987912000 ਰੁਪਏ ਅਤੇ ਪੂੰਜੀਗਤ ਲੇਖੇ ਤੇ 11484150000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 22

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 14170979000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 23

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 27277864000 ਰੁਪਏ ਅਤੇ ਪੂੰਜੀਗਤ ਲੇਖੇ ਤੇ 2918533000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 24

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 173679000 ਰੁਪਏ ਅਤੇ ਪੂੰਜੀਗਤ ਲੇਖੇ ਤੇ 225325000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 25

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 25018266000 ਰੁਪਏ ਅਤੇ ਪੂੰਜੀਗਤ ਲੇਖੇ ਤੇ 438000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬੱਚਿਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 26

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 461884000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 27

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4428619000 ਰੁਪਏ ਅਤੇ ਪੂੰਜੀਗਤ ਲੇਖੇ ਤੇ 351700000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 28

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 398849000 ਰੁਪਏ ਅਤੇ ਪੂੰਜੀਗਤ ਲੇਖੇ ਤੇ 3841297000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 29

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 3831239000 ਰੁਪਏ ਅਤੇ ਪੂੰਜੀਗਤ ਲੇਖੇ ਤੇ 13001000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 30

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 511108000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 31

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1101692000 ਰੁਪਏ ਅਤੇ ਪੂੰਜੀਗਤ ਲੇਖੇ ਤੇ 150100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੁਜ਼ਗਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 32

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1940130000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਣ ਅਤੇ ਜੰਗਲੀ ਜੀਵਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 33

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2316584000 ਰੁਪਏ ਅਤੇ ਪੂੰਜੀਗਤ ਲੇਖੇ ਤੇ 150200000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸ਼ਾਸਨਿਕ ਸੁਧਾਰਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

### ਮੰਗ ਨੰ: 34

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1119788000 ਰੁਪਏ ਅਤੇ ਪੂੰਜੀਗਤ ਲੇਖੇ ਤੇ 7500000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਬਾਗਬਾਨੀ ਦੇ ਸਬੰਧ ਵਿਚ ਕੀਤੀ ਜਾਵੇਗੀ।

[ਵਿੱਤ ਮੰਤਰੀ]

**ਮੰਗ ਨੰ: 35**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 7377470000 ਰੁਪਏ ਅਤੇ ਪੂੰਜੀਗਤ ਲੇਖੇ ਤੇ 6068000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 36**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2429169000 ਰੁਪਏ ਅਤੇ ਪੂੰਜੀਗਤ ਲੇਖੇ ਤੇ 3764000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਜੇਲ੍ਹਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 37**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 6820562000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 38**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 5309687000 ਰੁਪਏ ਅਤੇ ਪੂੰਜੀਗਤ ਲੇਖੇ ਤੇ 3588000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 39**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 370186000 ਰੁਪਏ ਅਤੇ ਪੂੰਜੀਗਤ ਲੇਖੇ ਤੇ 400000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਿੰਟਿੰਗ ਅਤੇ ਸਟੇਸ਼ਨਰੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 40**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1597534000 ਰੁਪਏ ਅਤੇ ਪੂੰਜੀਗਤ ਲੇਖੇ ਤੇ 105350000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 41**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 5742405000 ਰੁਪਏ ਅਤੇ ਪੂੰਜੀਗਤ ਲੇਖੇ ਤੇ 9151100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰਬਰ:** 42

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 11956967000 ਰੁਪਏ ਅਤੇ ਪੂੰਜੀਗਤ ਲੇਖੇ ਤੇ 645500000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਐਸ.ਸੀਜ਼, ਐਸ ਟੀਜ਼, ਓ.ਬੀ.ਸੀਜ਼ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

---

## DISCUSSION AND VOTING ON THE DEMANDS FOR GRANTS RELATING TO THE BUDGET ESTIMATES FOR THE YEAR 2018-19

**Mr.Speaker:** There are total 42 Demands for Grants relating to the Budget Estimates for the year 2018-19, which are to be discussed and Voted upon to-day. Also there are Cut Motions received from various Members in respect of Demand Nos.1, 2, 5, 7 to 13, 16, 20, 23 to 25, 29, 31, 33 and 42 i.e. totalling 19 Cut Motion Demands out of total of 42 Demands. ਕਿਉਂਜ ਕਾਫੀ ਮੰਗਾਂ ਤੇ ਕਟੌਤੀ ਪ੍ਰਸਤਾਵ ਦੇ ਨੋਟਿਸ ਪ੍ਰਾਪਤ ਹੋਏ ਹਨ, ਇਸ ਲਈ ਇਹ ਸਾਰੀਆਂ ਮੰਗਾਂ ਕ੍ਰਮਵਾਰ ਇੱਕ-ਇੱਕ ਕਰਕੇ (including Cut Motion Demands) ਪੜ੍ਹੀਆਂ ਜਾਣ, ਫਿਰ ਪ੍ਰਸਤਾਵ ਕੀਤੀਆਂ ਜਾਣ ਅਤੇ ਫਿਰ voting ਲਈ ਲੈ ਲਈਆਂ ਜਾਣ?

(**Voice**s: Yes. Yes.)

### ਮੰਗ ਨੰਬਰ 1 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ :** ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਅਤੇ ਸ਼੍ਰੀ ਜੈ ਕ੍ਰਿਸ਼ਨ ਸਿੰਘ ਐਮ.ਐਲ.ਏ. ਵੱਲੋਂ ਮੰਗ ਨੰਬਰ 1 ਉਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ,ਪਹਿਲਾਂ Demand for grants is related to Agriculture and Forestry.

**ਮਾਨਯੋਗ ਸਪੀਕਰ** : ਤੁਸੀਂ ਮੰਗ ਨੰਬਰ 1 ਤੇ ਬੋਲੋ। ਤੁਹਾਡਾ 100/- ਰੁਪਏ ਦਾ ਕੱਟ ਮੋਸ਼ਨ ਹੈ, ਤੁਸੀਂ ਪਹਿਲਾਂ ਪ੍ਰਸਤਾਵ ਪੇਸ਼ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਖਹਿਰਾ ਜੀ, ਤੁਸੀਂ ਕੱਟ ਮੋਸ਼ਨ ਤੇ ਬੋਲੋ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ)** : ਸਪੀਕਰ ਸਾਹਿਬ, ਵੈਸੇ ਐਗਰੀਕਲਚਰ ਉਤੇ ਤਾਂ ਬਹੁਤ ਅਹਿਮ ਬਹਿਸ ਹੋਣੀ ਚਾਹੀਦੀ ਸੀ ਕਿਉਂਕਿ ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਦਲਿਤਾਂ ਅਤੇ ਖੇਤ ਮਜ਼ਦੂਰਾਂ ਦੀਆਂ ਜਿਹੜੀਆਂ ਮੌਤਾਂ ਹਨ, ਉਹ ਪੰਜਾਬ ਦਾ ਅੱਜ ਦਾ ਭਖਦਾ ਹੋਇਆ ਮਸਲਾ ਹੈ। ਇਸ ਬਜਟ ਵਿੱਚ ਵਿੱਤ ਮੰਤਰੀ ਜੀ ਨੇ ਜ਼ਿਕਰ ਕੀਤਾ ਸੀ ਕਿ ਅਸੀਂ ਫਿੱਗਰਜ਼ ਵਿੱਚ ਕੋਈ ਬਹੁਤ ਜ਼ਿਆਦਾ ਅੰਤਰ ਨਹੀਂ ਰੱਖਿਆ.....

**ਮਾਨਯੋਗ ਸਪੀਕਰ** : ਬਾਕੀ ਅੱਗੇ ਬੋਲ ਲੈਣਾ। ਤੁਸੀਂ ਸਪੈਸੀਫਿਕ ਮੰਗ ਤੇ ਬੋਲੋ। ਬਾਕੀ ਜਦੋਂ ਅਗਲੀ ਮੰਗ ਦੀ ਵਾਰੀ ਆਈ ਤਾਂ ਉਸ ਦੀ ਗੱਲ ਕਰ ਲਿਉ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਅਸੀਂ ਜੇਕਰ ਰਿਪੋਰਟ ਤੇ ਬੋਲਣਾ ਚਾਹੁੰਦੇ ਹਾਂ ਤਾਂ ਉਸ ਤੇ ਬੋਲਣ ਨਹੀਂ ਦਿੱਤਾ, ਹੁਣ ਜੇਕਰ ਅਸੀਂ ਡਿਮਾਂਡਜ਼ ਤੇ ਬੋਲਣ ਲੱਗੇ ਹਾਂ ਤਾਂ ਉਸ ਤੇ ਵੀ ਨਹੀਂ ਬੋਲਣ ਦਿੱਤਾ।

**ਮਾਨਯੋਗ ਸਪੀਕਰ** : ਜਿਹੜਾ ਤੁਹਾਡਾ ਕੱਟ ਮੋਸ਼ਨ ਹੈ, ਤੁਸੀਂ ਉਸ ਤੇ ਗੱਲ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਕੱਟ ਮੋਸ਼ਨ ਤੇ ਹੀ ਆ ਰਿਹਾ ਹਾਂ। ਜਿਹੜਾ ਕਰਜ਼ਾ ਮੁਆਫੀ ਦਾ ਮਸਲਾ ਸ਼ੁਰੂ ਹੋਇਆ ਸੀ ਉਸ ਬਾਰੇ ਮੁੱਖ ਮੰਤਰੀ ਸਾਹਿਬ ਨੇ ਬਿਆਨ ਦਿੱਤਾ ਸੀ। ਇਲੈਕਸ਼ਨ ਤੋਂ ਪਹਿਲਾਂ ਜਿਹੜੇ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਤਾਂ ਛੱਡ ਦਿਉ। ਫਿਰ ਉਨ੍ਹਾਂ ਨੇ ਕਿਹਾ ਕਿ ਅਸੀਂ ਸਾਢੇ 10 ਲੱਖ ਪਰਿਵਾਰਾਂ ਨੂੰ 2 ਲੱਖ ਰੁਪਏ ਦੇ ਹਿਸਾਬ ਨਾਲ ਛੋਟ ਦੇਵਾਂਗੇ, ਇਹ 21,000 ਕਰੋੜ ਰੁਪਏ ਰਕਮ ਬਣਦੀ ਸੀ। ਪਿਛਲੇ ਬਜਟ ਵਿੱਚ ਇਹ 9500 ਕਰੋੜ ਰੁਪਿਆ ਸੁਣਿਆ ਲੇਕਿਨ ਉਸੇ ਬਜਟ ਵਿੱਚ 1500 ਕਰੋੜ ਰੁਪਿਆ ਹੀ ਰੱਖਿਆ ਗਿਆ। ਪਿਛਲੇ ਵਰ੍ਹੇ ਵਿੱਚ ਜਿਹੜੇ ਕਰਜ਼ਾ ਮੁਆਫੀ ਦੇ ਦੋ ਸਮਾਗਮ ਕੀਤੇ ਗਏ ਸੀ, ਉਹ 329 ਕਰੋੜ ਰੁਪਏ ਤੇ ਸਿਮਟ ਗਏ। ਸੋ, ਜਿਹੜੇ ਤੁਸੀਂ ਐਸਟੀਮੇਟ ਰੱਖੇ ਸਨ, they are 75% way off the target. ਹੁਣ ਇਨ੍ਹਾਂ ਨੇ ਬਜਟ ਵਿਚ 4200 ਕਰੋੜ ਰੁਪਏ ਦੇ ਕਰੀਬ ਰੱਖਿਆ ਹੈ। ਇਸ ਕਰਕੇ ਹੀ ਜਿਹੜਾ ਸ਼ੱਕ ਪੈਂਦਾ ਹੈ ਕਿ ਕੀ ਇਹ ਵਾਅਦੇ ਤੇ ਪੂਰੇ ਉਤਰ ਸਕਣਗੇ? ਦੂਜੀ, ਮੈਂ ਤੁਹਾਡੇ ਜ਼ਰੀਏ ਬੇਨਤੀ ਕਰਨੀ ਚਾਹੁੰਦਾ ਹਾਂ, ਮੁੱਖ ਮੰਤਰੀ ਜੀ ਨੂੰ ਮੇਰੀ ਬੜੀ ਹੰਬਲ ਰਿਕੁਐਸਟ ਹੈ ਕਿ ਅਸੀਂ ਕਿਸਾਨਾਂ ਨੂੰ ਦੋ ਲੱਖ ਰੁਪਏ ਦੇ ਰਹੇ ਹਾਂ ਅਤੇ ਜਿਸ ਕਿਸੇ ਗਰੀਬ ਦਾ ਦੋ ਲੱਖ ਇੱਕ ਹਜ਼ਾਰ ਰੁਪਿਆ ਵੀ ਹੋਵੇ, ਉਹ ਲਿਸਟ ਵਿੱਚੋਂ ਉੱਡ ਜਾਂਦਾ ਹੈ।ਇਸ ਵਿਚ ਇੰਨੀਆਂ ਸ਼ਰਤਾਂ ਲੱਗ ਗਈਆਂ ਹਨ ਕਿ ਅਸਲ ਬੈਨੀਫਿਸ਼ਰੀਜ਼ ਨੂੰ ਫਾਇਦਾ ਨਹੀਂ ਹੋ ਰਿਹਾ। ਫਿਰ ਤੁਹਾਡੇ ਐਮ.ਐਲ.ਏਜ਼ ਨੇ ਕਿਹਾ ਕਿ ਸਾਨੂੰ ਇਨਕਲੂਡ ਕਰੋ। ਫਿਰ ਜਦੋਂ ਤੁਸੀਂ ਇਨ੍ਹਾਂ ਨੂੰ ਇਨਕਲੂਡ ਕਰਨ ਲਈ ਕਹਿੰਦੇ ਹੋ ਤਾਂ ਹਰ ਗੱਲ ਪੁਲੀਟੀਸਾਈਜ਼ ਹੁੰਦੀ ਹੈ। ਉਹ ਬੁਲਾਉਂਦੇ ਹਨ ਕਿ ਕੀ ਤੁਸੀਂ ਸਾਡੇ ਨਾਲ ਸਹਿਮਤ ਹੋ, ਤੁਹਾਨੂੰ ਦੋ ਲੱਖ ਰੁਪਿਆ ਦਿਵਾ ਦਿੰਦੇ ਹਾਂ। ਇਹ ਛੋਟੀਆਂ ਛੋਟੀਆਂ ਸ਼ਰਤਾਂ ਠੀਕ ਨਹੀਂ ਹਨ। ਇੰਨੀ ਵੱਡੀ ਸਮਾਜਿਕ ਚੁਣੌਤੀ ਵਾਸਤੇ ਸਰਕਾਰ ਪੈਸੇ ਖਰਚ ਰਹੀ ਹੈ। ਉਸ ਵਿੱਚ ਮੇਰੀ ਮੁੱਖ ਮੰਤਰੀ ਜੀ ਨੂੰ ਬੇਨਤੀ ਹੈ ਕਿ please be liberal. ਇਹ ਛੋਟੀਆਂ ਛੋਟੀਆਂ ਦੋ ਤਿੰਨ ਗਲਤ ਸ਼ਰਤਾਂ ਹਟਾ ਦਿਉ। ਜਿਹੜੇ 5 ਕਿੱਲੇ ਤੋਂ ਥੱਲੇ ਵਾਲੇ ਕਿਸਾਨ ਹਨ, ਉਨ੍ਹਾਂ ਸਾਰਿਆਂ ਨੂੰ 2 ਲੱਖ ਰੁਪਿਆ ਦੇ ਦਿਉ ਜੀ। ਸਾਨੂੰ ਕੋਈ ਇਤਰਾਜ਼ ਨਹੀਂ ਹੈ।

**ਮਾਨਯੋਗ ਸਪੀਕਰ** : ਬੈਠੋ ਜੀ, ਹੁਣ। ਤੁਸੀਂ ਅੱਗੇ ਬੋਲਣਾ ਹੈ, ਤੁਹਾਡੇ ਹੋਰ ਵੀ ਕੱਟ ਮੋਸ਼ਨ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਫੋਰੈਸਟ ਤੇ ਮੇਰੀ ਡਿਮਾਂਡ ਬੜੀ ਇੰਪਾਰਟੈਂਟ ਹੈ ਜੀ। ਮੈਂ ਫੋਰੈਸਟ ਦੀ ਡਿਮਾਂਡ ਤੇ ਕਹਿਣਾ ਚਾਹੁੰਦਾ ਹਾਂ ਕਿ ਬਿਸਤ ਦੁਆਬ ਕੈਨਾਲ ਦੇ ਨਾਲ ਪੰਜਾਬ ਦੀ ਬਹੁਤ ਬਿਹਤਰੀਨ ਸੜਕ ਸੀ। ਸਪੀਕਰ ਸਾਹਿਬ, ਪਹਿਲਾਂ ਸਭ ਤੋਂ top ਦੀ ਰੋਡ ਉਹ ਸੀ।

**ਮਾਨਯੋਗ ਸਪੀਕਰ:** ਇਹ ਅੱਗੇ ਆਉਣਾ ਹੈ। ਜਦੋਂ ਫੋਰੈਸਟ ਵਾਲੀ ਮੰਗ ਆਈ, ਤੁਸੀਂ ਉਦੋਂ ਬੋਲ ਲੈਣਾ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇਸ ਵਿੱਚ ਫੋਰੈਸਟ ਲਿਖਿਆ ਹੋਇਆ ਹੈ।

**ਮਾਨਯੋਗ ਸਪੀਕਰ:** ਨਹੀਂ, ਨਹੀਂ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੇਰੇ ਕੋਲ ਜਿਹੜੀ ਲਿਸਟ ਹੈ ਉਸ ਵਿੱਚ ਤਾਂ ਫੋਰੈਸਟ ਬਾਰੇ ਲਿਖਿਆ ਹੋਇਆ ਹੈ।

**ਮਾਨਯੋਗ ਸਪੀਕਰ:** ਜਦੋਂ ਤੁਹਾਡੀ ਅੱਗੇ ਵਾਰੀ ਆਏਗੀ, ਤੁਸੀਂ ਉਦੋਂ ਬੋਲਣਾ। ਹੁਣ ਤੁਸੀਂ ਮੰਗ ਨੰ: 1 ਤੇ ਬੋਲ ਲਏ ਹੋ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

*ਪ੍ਰਸਤਾਵ ਅਪ੍ਰਵਾਨ ਹੋਇਆ।*

**ਮੰਗ ਨੰਬਰ** 1

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 144253296000 ਰੁਪਏ ਅਤੇ ਪੂੰਜੀਗਤ ਲੇਖੇ ਤੇ 20400000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 144253296000 ਰੁਪਏ ਅਤੇ ਪੂੰਜੀਗਤ ਲੇਖੇ ਤੇ 20400000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

## ਮੰਗ ਨੰਬਰ 2 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ:** ਸਰਦਾਰ ਕੰਵਰ ਸੰਧੂ, ਐਮ.ਐਲ.ਏ. ਵੱਲੋਂ ਮੰਗ ਨੰ: 2 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਤ ਐਮ.ਐਲ.ਏ. ਸਾਹਿਬਾਨ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਕੰਵਰ ਸੰਧੂ:** ਸ਼੍ਰੀਮਾਨ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਕੰਵਰ ਸੰਧੂ ਜੀ।

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਦੱਸਣਾ ਚਾਹੁੰਦਾ ਹਾਂ ਕਿ ਵੈਸੇ ਤਾਂ ਇਹ ਬਹੁਤ ਚੰਗੀ ਗੱਲ ਹੋਵੇਗੀ ਕਿ Wheat and Paddy ਦੇ ਸਾਈਕਲ ਨੂੰ ਤੋੜਨ ਵਾਸਤੇ ਡੇਅਰੀ ਫਾਰਮਿੰਗ ਨੂੰ ਬੜਾਵਾ ਦਿੱਤਾ ਜਾਵੇ Animal Husbandry ਔਰ Fisheries ਦੇ ਧੰਦੇ ਨੂੰ ਵਧਾਇਆ ਜਾਵੇ ਕਿਉਂਕਿ ਹੁਣ ਤੱਕ ਪੰਜਾਬ ਵਿੱਚ ਚਿੱਟੇ ਦਾ ਰਾਜ ਰਿਹਾ ਹੈ ਅਤੇ ਵਾਈਟ ਰੈਵੋਲਿਊਸ਼ਨ ਦੀ ਪੰਜਾਬ ਵਿੱਚ ਲੋੜ ਵੀ ਹੈ। ਇਸ ਤੇ ਮੇਰਾ ਸੁਝਾਅ ਇਹ ਹੈ ਕਿ ਇਹ ਉਨਾ ਚਿਰ ਤੱਕ ਨਹੀਂ ਹੋ ਸਕਦਾ ਹੈ ਜਿੰਨੇ ਚਿਰ ਤੱਕ ਆਪਾਂ ਦੁੱਧ ਦੀ ਐਮ.ਐਸ.ਪੀ. ਫਿਕਸ ਨਹੀਂ ਕਰਦੇ। ਸੋ, ਮੇਰਾ ਸੁਜੈਸ਼ਨ ਹੈ ਕਿ ਦੁੱਧ ਦਾ ਐਮ.ਐਸ.ਪੀ. ਫਿਕਸ ਕੀਤਾ ਜਾਵੇ ਕਿ ਜੇ ਇਸ ਤੋਂ ਥੱਲੇ ਦੁੱਧ ਦਾ ਰੇਟ ਗਿਰ ਜਾਵੇ ਤਾਂ ਸਰਕਾਰ ਉਸ ਵਿੱਚ ਇੰਟਰਵੀਨ ਕਰਕੇ ਮਿਨੀਮਮ ਰੇਟ ਜ਼ਰੂਰ ਦੇਵੇਗੀ। ਦੂਸਰਾ ਸੁਝਾਅ ਇਹ ਹੈ ਕਿ ਇਸ ਵਿੱਚ ਫਿਸ਼ਰੀਜ਼ ਔਰ ਸ਼੍ਰਿੰਪ-ਫਾਰਮਿੰਗ ਜਿਸ ਨੂੰ ਆਪਾਂ ਝਿੰਗਾ ਕਹਿੰਦੇ ਹਾਂ, ਕਿਉਂਕਿ ਉਸ ਵਾਸਤੇ ਇਹ saline area ਹੈ ਤੇ ਜਿਥੇ ਬਹੁਤ ਸੇਮ ਹੈ, ਉਥੇ ਡਰ ਇਹ ਹੈ ਕਿ ਉਥੇ ਯੂਰੇਨੀਅਮ ਦਾ ਕੰਟੈਂਟ ਵੀ ਬਹੁਤ ਹੈ। ਇਸ ਨਾਲ ਕਿਤੇ ਇਹ ਨਾ ਹੋਵੇ ਕਿ ਆਪਾਂ ਇੱਕ ਪ੍ਰਾਬਲਮ ਦੇ ਨਾਲ ਦੂਜੀ ਪ੍ਰਾਬਲਮ ਖੜ੍ਹੀ ਕਰ ਲਈਏ। ਇਸ ਕਰਕੇ ਇਸ ਦਾ ਪਹਿਲਾਂ ਇੱਕ ਪਾਇਲਟ ਪ੍ਰੋਜੈਕਟ ਬਣਾਇਆ ਜਾਵੇ ਕਿ ਜਿਹੜਾ ਉਥੇ ਸ਼੍ਰਿੰਪ ਔਰ ਮੱਛੀ ਪੈਦਾ ਹੁੰਦੀ ਹੈ ਉਸ ਵਿੱਚ ਕਿਤੇ ਯੂਰੇਨੀਅਮ ਦਾ ਕੰਟੈਂਟ ਤਾਂ ਨਹੀਂ ਹੈ। ਇਸ ਨਾਲ ਜਿਹੜੇ ਲੋਕ ਇਹ ਕੁਝ ਖਾਂਦੇ ਹਨ ਉਨ੍ਹਾਂ ਨੂੰ ਨੁਕਸਾਨ ਹੋਵੇਗਾ।

Mr.Speaker : Thank You.

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

*ਪ੍ਰਸਤਾਵ ਅਪ੍ਰਵਾਨ ਹੋਇਆ।*

**ਮੰਗ ਨੰਬਰ 2**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 5411000000 ਰੁਪਏ ਅਤੇ ਪੂੰਜੀਗਤ ਲੇਖੇ ਤੇ 111733000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 5411000000 ਰੁਪਏ ਅਤੇ ਪੂੰਜੀਗਤ ਲੇਖੇ ਤੇ 111733000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 3**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 3 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1496182000 ਰੁਪਏ ਅਤੇ ਪੂੰਜੀਗਤ ਲੇਖੇ ਤੇ 2763525000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1496182000 ਰੁਪਏ ਅਤੇ ਪੂੰਜੀਗਤ ਲੇਖੇ ਤੇ 2763525000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 4**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 4 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 950671000 ਰੁਪਏ ਅਤੇ ਪੂੰਜੀਗਤ ਲੇਖੇ ਤੇ 84100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 950671000 ਰੁਪਏ ਅਤੇ ਪੂੰਜੀਗਤ ਲੇਖੇ ਤੇ 84100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 5 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਐੱਮ.ਐੱਲ.ਏ., ਸਰਦਾਰ ਕੰਵਰ ਸੰਧੂ ਐੱਮ.ਐੱਲ.ਏ., ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਐੱਮ.ਐੱਲ.ਏ. ਅਤੇ ਸਰਦਾਰ ਕੁਲਤਾਰ ਸਿੰਘ ਸੰਧਵਾਂ ਐੱਮ.ਐੱਲ.ਏ. ਵੱਲੋਂ ਮੰਗ ਨੰਬਰ 5 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐੱਮ.ਐੱਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਮਾਨਸ਼ਾਹੀਆ ਜੀ ਤੁਸੀਂ ਕੁਝ ਕਹਿਣਾ ਹੈ ?

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ (ਮਾਨਸਾ) :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਸਿੱਖਿਆ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਕੂਲੀ ਸਿੱਖਿਆ ਦਾ

ਮਿਆਰ ਬਹੁਤ ਡਿੱਗ ਚੁੱਕਾ ਹੈ। ਕੋਈ ਟਾਈਮ ਸੀ ਜਦੋਂ ਸਕੂਲਾਂ ਦੇ ਵਿੱਚ ਨਕਲ ਮਾਰਨ ਵਾਸਤੇ ਲੋਕ ਪਰਚੀਆਂ ਬਣਾਉਂਦੇ ਸੀ ਜਾਂ ਇੱਧਰ-ਉੱਧਰ ਦੇਖ ਕੇ ਆਪਣਾ ਪੇਪਰ ਹੱਲ ਕਰਦੇ ਸੀ।

**ਮਾਨਯੋਗ ਸਪੀਕਰ:** ਤੁਸੀਂ ਕੱਟ ਮੋਸ਼ਨ ਤੇ ਬੋਲੋ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਮੈਂ just ਇੱਕ-ਦੋ ਮਿੰਟ ਲਵਾਂਗਾ। ਉਹ ਫਿਰ ਇੱਥੋਂ ਤੱਕ ਹੋ ਗਿਆ ਕਿ ਪਰਚੀਆਂ ਦੀ ਬਜਾਏ ਬੋਰਡਾਂ ਤੇ ਪੇਪਰ ਹੱਲ ਹੋਣ ਲੱਗ ਪਏ। ਹੁਣ ਇਹ ਹੋ ਗਿਆ ਹੈ ਕਿ ਉਹ ਬੱਚੇ ਲਿਖਣਾ ਵੀ ਭੁੱਲ ਗਏ ਹਨ ਤੇ ਹੁਣ impersonation ਚੱਲ ਪਈ ਹੈ ਕਿ ਇੱਕ ਬੰਦੇ ਦੀ ਜਗ੍ਹਾ ਦੂਜਾ ਬੰਦਾ ਬਿਠਾਇਆ ਜਾਂਦਾ ਹੈ। ਇਸ ਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

**Mr. Speaker :** Thank you.

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਦੂਸਰਾ। ਜਿਹੜੇ ਸੀਨੀਅਰ ਸੈਕੰਡਰੀ ਸਕੂਲ ਹਨ। ਮੈਂ ਐਗਜ਼ਾਂਪਲ ਦਿੰਦਾ ਹਾਂ ਕਿ ਮੇਰੇ ਜ਼ਿਲ੍ਹਾ ਮਾਨਸਾ ਵਿੱਚ 66 ਦੇ ਕਰੀਬ ਸਕੂਲ ਹਨ। ਉਸ ਦੇ ਵਿੱਚੋਂ ਜਿਹੜੀ ਸਾਇੰਸ ਹੈ, ਉਹ ਸਿਰਫ ਛੇ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਹੈ। ਅਸੀਂ ਜਿੱਥੇ ਸੀਨੀਅਰ ਸੈਕੰਡਰੀ ਸਕੂਲ ਖੋਲ੍ਹੇ ਹਨ ਅਗਰ ਉਸ ਪਿੰਡ ਦੇ ਬੱਚਿਆਂ ਨੂੰ ਮਨਚਾਹਿਆ ਸਬਜੈਕਟ ਪੜ੍ਹਨ ਦੀ ਸਹੂਲਤ ਨਹੀਂ ਦੇ ਸਕਦੇ।

**ਮਾਨਯੋਗ ਸਪੀਕਰ:** ਤੁਸੀਂ ਕੱਟ ਮੋਸ਼ਨ ਤੇ ਗੱਲ ਕਰੋ। ਅਗਰ ਕੱਟ ਮੋਸ਼ਨ ਨੂੰ ਜਸਟੀਫਾਈ ਕਰਨਾ ਹੈ ਤਾਂ ਬੋਲੋ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਮੈਂ ਮੰਤਰੀ ਜੀ ਨੂੰ ਇਸ ਚੀਜ਼ ਦੀ ਸਲਾਹ ਦਿੰਦਾ ਹਾਂ ਕਿ ਸਕੂਲਾਂ ਦੇ ਕਲੱਸਟਰ ਬਣਾ ਕੇ ਜੇ ਲੈਕਚਰਾਰ ਨਹੀਂ ਰੱਖ ਸਕਦੇ ਤਾਂ ਘੱਟੋ-ਘੱਟ ਬੱਸਾਂ ਦਾ ਪ੍ਰਬੰਧ ਕਰ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਰੂਟਾਂ ਉੱਤੇ ਬੱਸਾਂ ਚੱਲ ਸਕਣ।

**ਮਾਨਯੋਗ ਸਪੀਕਰ:** ਕਿਸੇ ਹੋਰ ਨੂੰ ਵੀ ਬੋਲਣ ਦਿਉ। ਬਾਕੀ ਮੈਂਬਰ ਵੀ ਤੁਹਾਡੇ ਹੀ ਹਨ।ਹਾਂ ਜੀ, ਮਾਣੂਕੇ ਜੀ, ਤੁਸੀਂ ਬੋਲੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਐਜੂਕੇਸ਼ਨ ਦੀ ਮੰਗ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇੱਕ ਗੱਲ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਪਿਛਲੀ ਸਰਕਾਰ ਨੇ ਨਬਾਰਡ ਦੇ ਅਧੀਨ ਬਹੁਤ ਸਾਰੇ ਸਾਇੰਸ ਗਰੁੱਪ ਖੋਲ੍ਹਣ ਲਈ ਬਿਲਡਿੰਗਜ਼ ਬਣਾਈਆਂ ਸਨ ਪਰ ਮੰਦਭਾਗੀ ਗੱਲ ਇਹ ਹੈ ਕਿ ਜਿੱਥੇ ਉਨ੍ਹਾਂ ਨੇ ਬਿਲਡਿੰਗਜ਼ ਬਣਾਈਆਂ, ਉੱਥੇ ਸਾਇੰਸ ਗਰੁੱਪ ਹੀ ਨਹੀਂ ਹੈ। ਜਿੱਥੇ ਸਾਇੰਸ ਗਰੁੱਪ ਹੈ, ਉੱਥੇ ਉਨ੍ਹਾਂ ਕੋਲ ਕੈਮੀਕਲ ਇੰਫਰਾਸਟਰਕਚਰ ਨਹੀਂ ਹੈ। ਮੇਰੀ ਇੱਕ ਸੁਜੈਸ਼ਨ ਹੈ ਕਿ ਜੇ ਅਸੀਂ ਉਸ ਨੂੰ ਉਥੋਂ ਬਦਲ ਕੇ ਲੈ ਆਉਂਦੇ ਹਾਂ ਤਾਂ ਸਰਕਾਰ ਦਾ ਪੈਸਾ ਵੀ ਬਚ ਸਕਦਾ ਹੈ ਜਿਸ ਦੇ ਨਾਲ ਸਾਇੰਸ ਵਾਲੇ ਬੱਚੇ ਅੱਗੇ ਵੱਧ ਸਕਦੇ ਹਨ।

**Mr. Speaker:** Thank you. ਸਰਦਾਰ ਕੁਲਤਾਰ ਸਿੰਘ ਜੀ ਤੁਸੀਂ ਕੱਟ ਮੋਸ਼ਨ ਤੇ ਗੱਲ ਕਰੋ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਬੜਾ ਵੱਡਾ ਅਮਾਊਂਟ ਇਸ ਮੱਦ ਦੇ ਵਿੱਚ ਰੱਖਿਆ ਗਿਆ ਹੈ। ਮੈਂ ਮੰਤਰੀ ਜੀ ਨੂੰ ਇਹ ਬੇਨਤੀ ਕਰਦਾ ਹਾਂ ਕਿ ਇਸ ਮੱਦ ਦੇ ਵਿੱਚੋਂ ਜਿਹੜੇ ਫੰਡ ਸ਼ਹੀਦ ਭਗਤ ਸਿੰਘ ਕਾਲਜ, ਕੋਟਕਪੂਰਾ ਵਾਸਤੇ ਰੱਖੇ ਗਏ ਹਨ, ਉਸ ਬਾਰੇ ਮੈਂ ਤੁਹਾਨੂੰ ਦੱਸਦਾ ਹਾਂ ਕਿ ਉਸ ਕਾਲਜ ਦੀ ਸਾਰੀ ਬਿਲਡਿੰਗ ਅਨਸੇਫ ਹੈ।ਉਥੇ ਬੱਚੇ ਬਾਹਰ ਬੈਠਦੇ ਹਨ ਅਤੇ ਗਰੀਬ ਐਡਮਿਸ਼ਨ ਲੈਣ ਤੋਂ ਡਰਦੇ ਹਨ। ਜਿਹੜੇ ਗਰੀਬਾਂ ਨੇ ਉੱਥੇ ਐਡਮਿਸ਼ਨ ਲਈ ਹੈ, ਉਨ੍ਹਾਂ ਦੇ ਬੈਠਣ ਵਾਸਤੇ ਉੱਥੇ ਜਗ੍ਹਾ ਨਹੀਂ ਹੈ।

**ਮਾਨਯੋਗ ਸਪੀਕਰ:** ਬੈਠੋ, ਤੁਸੀਂ ਪਹਿਲਾਂ ਵੀ ਬਹੁਤ ਮੰਗਾਂ ਰੇਜ਼ ਕੀਤੀਆਂ ਹਨ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਗੱਲ ਪੂਰੀ ਕਰ ਲੈਣ ਦਿਉ ਜੀ। ਇਹ ਉਨ੍ਹਾਂ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ, ਨਹੀਂ ਤਾਂ ਇਹ ਫੰਡ ਘਟਾ ਦਿੱਤੇ ਜਾਣ ਜੀ।

**ਮਾਨਯੋਗ ਸਪੀਕਰ:** ਸਵਾਲ ਜਵਾਬ ਨਹੀਂ ਹੋਣਾ। ਤੁਸੀਂ ਕੱਟ ਮੋਸ਼ਨ ਤੇ ਗੱਲ ਕਰੋ। ਸੰਧੂ ਸਾਹਿਬ, ਤੁਸੀਂ ਬੋਲੋ।

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਸਬਜੈਕਟ ਹੈ। ਮੇਰੇ ਇਸ ਤੇ ਦੋ ਸੁਝਾਅ ਹਨ। ਇੱਕ ਤਾਂ ਇਹ ਹੈ ਕਿ ਬਹੁਤ ਥਾਵਾਂ ਤੇ ਟੀਚਰਜ਼ ਨਹੀਂ ਹਨ। ਮੇਰਾ ਸੁਝਾਅ ਹੈ ਕਿ ਜਿਵੇਂ ਪੰਜਾਬ ਸਿਵਲ ਸਰਵਿਸ ਹੈ, ਉਸੇ ਤਰ੍ਹਾਂ ਹੀ ਇੱਕ ਪੰਜਾਬ ਸਿਵਲ ਟੀਚਰ ਸਰਵਿਸ ਕਰੀਏਟ ਕੀਤੀ ਜਾਵੇ ਤਾਂ ਕਿ ਟੀਚਰਜ਼ ਉਸ ਦੇ ਤਹਿਤ ਭਰਤੀ ਹੋ ਸਕਣ ਅਤੇ ਉਨ੍ਹਾਂ ਨੂੰ ਚੰਗੀ ਤਨਖਾਹ ਦਿੱਤੀ ਜਾ ਸਕੇ। ਦੂਜਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪ੍ਰਾਈਵੇਟ ਸਕੂਲਜ਼ ਦਾ ਬਹੁਤ ਰੌਲਾ ਰਿਹਾ ਹੈ, ਉਨ੍ਹਾਂ ਨੂੰ ਰੈਗੂਲੇਟ ਕਰਨ ਵਾਸਤੇ ਇੱਕ ਰੈਗੂਲੇਟਰੀ ਬਾਡੀ ਬਣੇ ਕਿਉਂਕਿ ਉਹ ਹਰ ਸਾਲ ਐਡਮਿਸ਼ਨ ਫੀਸ ਦੁਬਾਰਾ ਦੁਬਾਰਾ ਲੈ ਰਹੇ ਹਨ। ਸੋ, ਪ੍ਰਾਈਵੇਟ ਸਕੂਲਾਂ ਵਾਸਤੇ ਰੈਗੂਲੇਟਰੀ ਬਾਡੀ ਅਤੇ ਸਿਵਲ ਟੀਚਰ ਸਰਵਿਸ ਬਣਾਏ ਜਾਣ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

*ਪ੍ਰਸਤਾਵ ਅਪ੍ਰਵਾਨ ਹੋਇਆ।*

**ਮੰਗ ਨੰਬਰ 5**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 108303668000 ਰੁਪਏ ਅਤੇ ਪੂੰਜੀਗਤ ਲੇਖੇ ਤੇ 3188305000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ, ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 108303668000 ਰੁਪਏ ਅਤੇ ਪੂੰਜੀਗਤ ਲੇਖੇ ਤੇ 3188305000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ, ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 6**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰ: 6 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1165927000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ, ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1165927000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ, ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 7 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਐਮ.ਐਲ.ਏ. ਵੱਲੋਂ ਮੰਗ ਨੰਬਰ 7 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਮਿਲਿਆ ਹੈ।ਸਬੰਧਿਤ ਐਮ.ਐਲ.ਏ. ਸਾਹਿਬਾਨ ਆਪਣਾ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਜੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ (ਮਾਨਸਾ):** ਸਪੀਕਰ ਸਾਹਿਬ, ਐਕਸਾਈਜ਼ ਡਿਪਾਰਟਮੈਂਟ ਵੱਲੋਂ ਜਿਹੜੀ ਹੁਣ ਪਾਲਿਸੀ ਬਣਾਈ ਗਈ ਹੈ, ਉਸ ਮੁਤਾਬਿਕ ਰੇਟ ਘੱਟਣ ਦੀ ਇੱਕ ਪੇਸ਼ੀਨਗੋਈ ਕੀਤੀ ਸੀ, ਪਰ ਕੱਲ੍ਹ ਹੀ ਮੈਨੂੰ ਮਲੋਟ ਤੋਂ ਫੋਨ ਆਏ ਹਨ, ਜਿਹੜੀ ਮੋਟਾ ਸੰਤਰਾ ਸ਼ਰਾਬ 120/- ਰੁਪਏ ਦੀ ਬੋਤਲ ਮਿਲਦੀ ਸੀ ਉਹ ਹੁਣ 200/- ਰੁਪਏ ਦੀ ਮਿਲਣੀ ਸ਼ੁਰੂ ਹੋ ਗਈ।ਨੰਬਰ ਦੋ ਜਿਹੜੀਆਂ ਗਾਈਡਲਾਈਨਜ਼ ਹਨ..........

**ਮਾਨਯੋਗ ਸਪੀਕਰ:** ਸਸਤੀ ਕਰਨੀ ਹੈ?

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਜਿਹੜੀਆਂ ਗਾਈਡਲਾਈਨਜ਼ ਹਨ, ਉਹ ਇੰਟਰਨੈਟ ਤੇ ਵੀ ਉਪਲਬਧ ਨਹੀਂ ਹਨ। ਸ਼ਰਾਬ ਦੇ ਠੇਕੇ ਸਕੂਲਾਂ ਦੇ ਨੇੜੇ ਵੀ ਖੋਲ੍ਹੇ ਜਾ ਰਹੇ ਹਨ, ਪਿੰਡਾਂ ਦੇ ਨੇੜੇ ਅਤੇ ਸੱਥਾਂ ਦੇ ਵਿੱਚ ਵੀ ਖੋਲ੍ਹੇ ਜਾ ਰਹੇ ਹਨ।ਇੱਕ ਪਾਸੇ ਜਿਹੜੀ ਆਪਣੀ ਪੰਜਾਬ ਗੌਰਮਿੰਟ ਦੀ ਪਾਲਿਸੀ ਹੈ, ਉਹ ਪੰਜਾਬ ਵਿੱਚ ਨਸ਼ਾ ਰਹਿਤ ਕਰਨ ਦੀ ਹੈ। ਸਪੀਕਰ ਸਾਹਿਬ, ਮੈਂ ਇਸ ਉਤੇ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਕਿ ਠੇਕੇ ਸਿਰਫ ਮਿਉਂਸਿਪਲ ਕਮੇਟੀਆਂ ਦੀ ਹਦੂਦ ਅੰਦਰ ਖੋਲ੍ਹੇ ਜਾਣ।

**ਮਾਨਯੋਗ ਸਪੀਕਰ:** ਅੱਜ ਗੱਲ ਸਿਰਫ ਕਟੌਤੀ ਨੋਟਿਸ ਦੀ ਕਰੋ।ਭਾਸ਼ਣ ਪਹਿਲਾਂ ਬਥੇਰੇ ਹੋ ਗਏ ਹਨ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਫਿਰ ਵੀ ਦੱਸਣਾ ਬਣਦਾ ਹੈ। ਸਰ, ਨਸ਼ਾ ਘਟਾਉਣ ਵਾਸਤੇ ਘੱਟੋ ਘੱਟ ਇਕੱਲੇ ਮਿਉਂਸਿਪਲ ਕਮੇਟੀ ਲਿਮਿਟ ਦੇ ਅੰਦਰ ਕਮਰਸ਼ੀਅਲ ਏਰੀਏ ਵਿੱਚ ਹੀ ਠੇਕੇ ਅਲਾਓ ਕੀਤੇ ਜਾਣ, ਕਿਸੇ ਵੀ ਰਿਹਾਇਸ਼ੀ ਏਰੀਏ ਵਿੱਚ ਠੇਕੇ ਅਲਾਓ ਨਾ ਕੀਤੇ ਜਾਣ, ਕੇਵਲ ਕਮਰਸ਼ੀਅਲ ਏਰੀਏ ਵਿੱਚ ਅਲਾਓ ਕੀਤੇ ਜਾਣ। ਇਹ ਮੇਰਾ ਸੁਝਾਅ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰਬਰ 7**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1882959000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ, ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1882959000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ, ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 8 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਅਤੇ ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਵੱਲੋਂ ਮੰਗ ਨੰਬਰ 8 ਉਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ।ਸਬੰਧਤ ਮੈਂਬਰ ਸਾਹਿਬ ਪ੍ਰਸਤਾਵ ਕਰਨ।

**ਸ਼੍ਰੀ ਅਮਨ ਅਰੋੜਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸ਼੍ਰੀ ਅਮਨ ਅਰੋੜਾ ਜੀ, ਤੁਸੀਂ ਬੋਲੋ ਜੀ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ।ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸੀ.ਐਮ. ਸਾਹਿਬ ਅਤੇ ਐਫ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ 200 ਰੁਪਏ ਡਿਵੈਲਪਮੈਂਟ ਟੈਕਸ per month ਲਗਾਇਆ ਹੈ, ਉਹ ਠੀਕ ਹੈ।ਉਨ੍ਹਾਂ ਦੀ ਗੱਲ ਜਾਇਜ਼ ਹੈ ਤੇ ਇਹ ਸਮਝ ਵੀ ਆਈ ਪਰੰਤੂ ਅੱਜ ਜਿਹੜੇ ਪ੍ਰੋਫੈਸ਼ਨਲਜ਼ ਹਨ, ਇੰਪਲਾਈਜ਼ ਹਨ, ਉਹ ਪਹਿਲਾਂ ਹੀ ਮਾਰੇ ਪਏ ਹਨ।ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਏ.ਡੀ.ਬੀ. ਤੋਂ ਬਹੁਤ ਘੱਟ ਰੇਟ ਆਫ ਇੰਟਰੈਸਟ ਤੇ ਲੋਨ ਮਿਲ ਰਿਹਾ ਹੈ।ਉਥੇ ਸਰਕਾਰ ਨੂੰ ਬੈਨੀਫਿਟ ਹੋ ਰਿਹਾ ਹੈ।ਜਿਹੜੇ ਇੰਪਲਾਈਜ਼ ਇਹ ਟੈਕਸ ਦੇਣਗੇ, ਉਨ੍ਹਾਂ ਦੇ ਉੱਪਰ ਇਨਕਮ ਟੈਕਸ deductions ਤੋਂ ਬਾਅਦ ਜਿੰਨਾ ਨੈਟ ਇਫੈਕਟ ਆਵੇ, ਉਨ੍ਹਾਂ ਨੂੰ ਰਿਫੰਡ ਕਰਨ ਦਾ ਕੋਈ ਤਰੀਕਾ ਬਣਾ ਲਿਆ ਜਾਵੇ

[ਸ਼੍ਰੀ ਅਮਨ ਅਰੋੜਾ]
ਕਿਉਂਕਿ ਜਿਹੜੇ ਪ੍ਰੋਫੈਸ਼ਨਲਜ਼, ਇੰਪਲਾਈਜ਼ ਹਨ, ਉਹ ਪਹਿਲਾਂ ਹੀ ਮਾਰੇ ਹੋਏ ਹਨ।ਸਪੀਕਰ ਸਾਹਿਬ, ਨੰਬਰ ਦੋ ਮੈਂ ਇਹ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਸਟੇਟਾਂ ਦੇ ਵਿੱਚ ਐਮ.ਪੀ. ਲੈਂਡ ਦੀ ਤਰਜ ਉੱਤੇ ਐਮ.ਐਲ.ਏ. ਲੈਂਡ ਫੰਡ ਵੀ ਹੈ, ਇਹ 2 ਕਰੋੜ ਤੋਂ 4 ਕਰੋੜ ਰੁਪਏ ਹਰ ਸਟੇਟ ਦੇ ਵਿਚ ਹੈ, ਐਮ.ਪੀਜ਼ ਨੂੰ 5 ਕਰੋੜ ਰੁਪਿਆ ਮਿਲਦਾ ਹੈ।ਮੈਂ ਚਾਹੁੰਦਾ ਹਾਂ ਕਿ ਆਪਣੇ ਪੰਜਾਬ ਵਿਚ ਇਹ ਹੋਣਾ ਚਾਹੀਦਾ ਹੈ।ਸਪੀਕਰ ਸਾਹਿਬ, ਲੁਧਿਆਣਾ ਕਾਰਪੋਰੇਸ਼ਨ ਦੀ ਗੱਲ ਕਰ ਲਵੋ, ਮੇਰੇ ਵੀਰ **ਆਸ਼ੂ** ਜੀ, ਬੈਂਸ ਸਾਹਿਬ ਜੀ ਬੈਠੇ ਹਨ, ਲੁਧਿਆਣਾ ਕਾਰਪੋਰੇਸ਼ਨ ਵਿਚ ਇੱਕ ਐਮ.ਸੀ. ਨੂੰ, ਇੱਕ ਕਾਰਪੋਰੇਟਰ ਨੂੰ 2 ਕਰੋੜ ਰੁਪਿਆ ਮਿਲਦਾ ਹੈ।

**ਮਾਨਯੋਗ ਸਪੀਕਰ :** ਕੱਟ ਮੋਸ਼ਨ, ਤੁਸੀਂ ਕੱਟ ਮੋਸ਼ਨ ਤੇ ਬੋਲੋ ਜੀ।

**ਸ਼੍ਰੀ ਅਮਨ ਅਰੋੜਾ :** ਮੇਰੀ ਸਿਰਫ ਬੇਨਤੀ ਇੰਨੀ ਹੈ ਕਿ ਉਹ ਵੀ ਪ੍ਰੋਵੀਜ਼ਨ ਕਰ ਦਿੱਤੀ ਜਾਵੇ।ਇਹ ਕੈਪੀਟਲ ਐਕਸਪੈਂਡੀਚਰ ਹੀ ਹੈ, ਵੇਸਟਫੁੱਲ ਐਕਸਪੈਂਡੀਚਰ ਨਹੀਂ ਹੈ। Thank you Sir.

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰਬਰ 8**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 288826383000 ਰੁਪਏ ਅਤੇ ਪੂੰਜੀਗਤ ਲੇਖੇ ਤੇ 361846891000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 288826383000 ਰੁਪਏ ਅਤੇ ਪੂੰਜੀਗਤ ਲੇਖੇ ਤੇ 361846891000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰਬਰ 9 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ :** ਸ਼੍ਰੀ ਅਮਨ ਅਰੋੜਾ, ਐਮ.ਐਲ.ਏ., ਵੱਲੋਂ ਮੰਗ ਨੰਬਰ 9 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਮੈਂਬਰ ਸਾਹਿਬ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਅਮਨ ਅਰੋੜਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸ਼੍ਰੀ ਅਮਨ ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ (ਸੁਨਾਮ):** ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਸਦਨ ਨੂੰ ਅਤੇ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਅਗਰ ਮੈਨੂੰ ਦੋ ਮਿੰਟ ਦੇਵੋਗੇ ਤਾਂ ਕਾਫੀ ਮੈਂਬਰ ਇਹ ਸਮਝ ਜਾਣਗੇ ਕਿ ਪਿਛਲੇ ਕਾਫੀ ਸਮੇਂ ਤੋਂ 31000 ਕਰੋੜ ਰੁਪਏ ਦੇ ਫੂਡ ਸਕੈਮ ਦੀ ਗੱਲ ਚੱਲ ਰਹੀ ਹੈ।

**ਮਾਨਯੋਗ ਸਪੀਕਰ :** ਤੁਸੀਂ ਕੱਟ ਮੋਸ਼ਨ ਤੇ ਗੱਲ ਕਰੋ।

**ਸ਼੍ਰੀ ਅਮਨ ਅਰੋੜਾ :** ਸਰ, ਮੈਂ ਉਸ ਤੇ ਹੀ ਗੱਲ ਕਰ ਰਿਹਾ ਹਾਂ। ਸਰ, ਮੇਰੇ ਹੱਥ ਦੇ ਵਿਚ ਐਲੋਕੇਸ਼ਨ ਆਫ ਬਿਜਨਸ ਰੂਲਜ਼, 1994 ਦੀ ਕਾਪੀ ਹੈ ਇਹ ਪੰਜਾਬ ਗੌਰਮਿੰਟ ਦਾ ਡਾਕੂਮੈਂਟ ਹੈ ਜਿਸ ਦੇ ਵਿਚ ਵੇਅਰ ਹਾਊਸਿੰਗ ਦਾ ਜਿਹੜਾ ਕੰਮ ਹੈ ਉਸ ਬਾਰੇ ਪਿਛਲੀ ਸਰਕਾਰ ਦੇ ਟਾਈਮ ਬਹੁਤ ਗਲਤ ਪ੍ਰਥਾ ਪਈ ਸੀ। ਜਿਹੜੀਆਂ ਸਾਰੀਆਂ ਏਜੰਸੀਆਂ ਹਨ ਉਹ ਪ੍ਰੋਕਿਓਰਮੈਂਟ ਦੇ ਵਿਚ ਵੀ ਪੈ ਗਈਆਂ, ਸਟੋਰੇਜ ਦੇ ਵਿਚ ਵੀ ਪੈ ਗਈਆਂ। ਇਸ ਵਿੱਚ ਐਕਚੂਅਲ ਹੁੰਦਾ ਕੀ ਹੈ ਕਿ ਜਦੋਂ ਇੱਕੋ ਹੀ ਇੰਸਪੈਕਟਰ ਪ੍ਰਕਿਓਰਮੈਂਟ ਵੀ ਕਰਦਾ ਹੈ, ਸਟੋਰ ਵੀ ਕਰਦਾ ਹੈ, ਡਿਸਪੈਚ ਵੀ ਕਰਦਾ ਹੈ ਤਾਂ ਉੱਥੇ ਨਾ ਕੋਈ ਕੰਡੇ ਦੀ ਰਸੀਦ ਲਈ ਜਾਂਦੀ ਹੈ, ਨਾ ਹੀ ਉਸ ਦੀ ਕੋਈ ਜ਼ਿੰਮੇਵਾਰੀ ਫਿਕਸ ਹੁੰਦੀ ਹੈ। ਸਰ, ਮੇਰੀ ਤੁਹਾਨੂੰ ਬੇਨਤੀ ਹੈ ਕਿ ਇਸ ਦੇ ਲਈ ਵੇਅਰ ਹਾਊਸਿੰਗ ਨੂੰ ਵੇਅਰ ਹਾਊਸਿੰਗ ਦਾ ਕੰਮ ਦਿੱਤਾ ਜਾਵੇ ਬਾਕੀ ਜਿਹੜੀਆਂ ਏਜੰਸੀਆਂ ਹਨ ਉਨ੍ਹਾਂ ਨੂੰ ਖਰੀਦ ਦਾ ਕੰਮ ਦਿੱਤਾ ਜਾਵੇ।

**ਮਾਨਯੋਗ ਸਪੀਕਰ:** ਤੁਸੀਂ ਸੁਝਾਅ ਨਾ ਦੇਵੋ। ਤੁਸੀਂ ਕੱਟ ਮੋਸ਼ਨ ਨੂੰ justify ਕਰਨਾ ਹੈ।

**ਸ਼੍ਰੀ ਅਮਨ ਅਰੋੜਾ:** ਸਰ, ਮੈਂ ਕੱਟ ਮੋਸ਼ਨ ਨੂੰ ਹੀ justify ਕਰ ਰਿਹਾ ਹਾਂ। 31000 ਕਰੋੜ ਦਾ ਪਹਿਲਾ ਸਕੈਮ ਹੋ ਗਿਆ ਹੈ, ਅਸੀਂ ਅਗਲਾ ਸਕੈਮ ਰੋਕਣਾ ਹੈ। ਉਸ ਬਾਰੇ ਮੈਂ ਦੱਸ ਰਿਹਾ ਹਾਂ ਪਰ ਤੁਸੀਂ ਬੋਲਣ ਨਹੀਂ ਦੇ ਰਹੇ। ਅਲਟੀਮੇਟਲੀ ਜਿਹੜੇ ਫੂਡ ਗ੍ਰੇਨ ਲੋਸਿਜ ਹੋਏ ਹਨ, ਸਕੈਮ ਹੋਇਆ ਹੈ ਉਹ ਰੁਕੇਗਾ ਕਿਵੇਂ? ਇੱਕੋ ਹੀ ਬੰਦਾ ਪਰਚੇਜ਼ ਕਰ ਰਿਹਾ ਹੈ, ਉਹੀ ਬੰਦਾ ਪ੍ਰੋਕਿਓਰ ਕਰਦਾ ਹੈ, ਉਹੀ ਸਟੋਰ ਕਰਦਾ ਹੈ ਅਤੇ ਉਹੀ ਡਿਸਪੈਚ ਕਰਦਾ ਹੈ। ਇਸ ਨੂੰ ਜੇ ਰੋਕਣਾ ਹੈ ਤਾਂ as per rules ਰੋਕੋ, ਸੀ.ਏ.ਜੀ. ਦੀ ਰਿਪੋਰਟ ਚੁੱਕ ਦੇ ਦੇਖ ਲਵੋ ਜਿਸ ਵਿਚ ਫੂਡ ਅਤੇ ਸਪਲਾਈ ਡਿਪਾਰਟਮੈਂਟ ਦੀਆਂ ਬੇਤਹਾਸ਼ਾ ਅਨਾਮਲੀਜ਼ ਪਾਈਆਂ ਗਈਆਂ ਹਨ। ਸਰ, ਮੇਰੀ ਬੇਨਤੀ ਹੈ ਕਿ ਇਸ ਬਾਰੇ ਸੀ.ਐਮ. ਸਾਹਿਬ ਕੋਈ ਹਾਊਸ ਦੀ ਕਮੇਟੀ ਬਣਾ ਦੇਣ ਤਾਂ ਕਿ ਜਿਹੜੀ ਚੋਰੀ ਹੁੰਦੀ ਹੈ ਉਹ ਰੋਕੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰਬਰ 9**

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2298922000 ਰੁਪਏ ਅਤੇ ਪੂੰਜੀਗਤ ਲੇਖੇ ਤੇ 5000680000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2298922000 ਰੁਪਏ ਅਤੇ ਪੂੰਜੀਗਤ ਲੇਖੇ ਤੇ 5000680000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 10 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸ਼੍ਰੀਮਤੀ ਬਲਜਿੰਦਰ ਕੌਰ ਐਮ.ਐਲ.ਏ. ਵੱਲੋਂ ਮੰਗ ਨੰ: 10 ਸਬੰਧੀ ਕਟੌਤੀ ਪ੍ਰਸਤਾਵ ਦਾ ਨੋਟਿਸ ਆਇਆ ਹੈ। ਸਬੰਧਿਤ ਐਮ.ਐਲ.ਏ ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਤੁਸੀਂ ਆਨੰਦ ਮੈਰਿਜ ਐਕਟ ਤਾਂ ਪਾਸ ਨਹੀਂ ਕੀਤਾ। ਸ਼੍ਰੀਮਤੀ ਪਹਿਲਾਂ ਹੀ ਕਹਿ ਦਿੱਤਾ।

**ਮਾਨਯੋਗ ਸਪੀਕਰ :** ਅੱਛਾ ਅੱਛਾ, I am sorry.

**Prof. Baljinder Kaur:** Thank you. Speaker sahib.

**ਮਾਨਯੋਗ ਸਪੀਕਰ :** ਉਹ ਤਾਂ ਹੈ ਹੀ ਪ੍ਰੋਫੈਸਰ ਹਨ। ਮੇਰੇ ਕਹਿਣ ਨਾਲ ਫਰਕ ਨਹੀਂ ਪੈਂਦਾ। ਇਹ ਗਲਤ ਲਿਖਿਆ ਗਿਆ ਸੀ। I am sorry.

**Prof. Baljinder Kaur:** Its OK. Sir. ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਪ੍ਰੋਫੈਸਰ ਬਲਜਿੰਦਰ ਕੌਰ ਜੀ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ) :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਇਸ ਸਦਨ ਦਾ ਧਿਆਨ ਇਸ ਇੰਪਾਰਟੈਂਟ ਇਸ਼ੂ ਉਤੇ ਲਿਆਉਣਾ ਚਾਹੁੰਦੀ ਹਾਂ। ਮੈਂ ਸਮਝਦੀ ਹਾਂ ਕਿ ਸਾਡੇ ਬਹੁਤ ਸਾਰੇ ਐਮ.ਐਲ.ਏਜ਼ ਪਿੰਡਾਂ ਦੀ ਹਕੀਕਤ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਔਰ most of them, ਪਿੰਡਾਂ ਨੂੰ ਬਿਲੌਂਗ ਕਰਦੇ ਹਨ । ਆਮ ਦੇਖਣ ਵਿੱਚ ਆਉਂਦਾ ਹੈ ਕਿ ਪਿੰਡਾਂ ਦੇ ਝਗੜੇ ਇੰਨੇ ਇੰਨੇ ਲੰਬੇ ਚਲੇ ਜਾਂਦੇ ਹਨ ਤੇ ਜਿਉਂ ਜਿਉਂ ਪਰਿਵਾਰ ਵੱਧਦੇ ਜਾਂਦੇ ਹਨ ਤਾਂ ਉਨ੍ਹਾਂ ਦੇ ਝਗੜੇ ਵੀ ਵੱਧਦੇ ਜਾਂਦੇ ਹਨ ਤੇ ਕੋਰਟ ਕਚਹਿਰੀਆਂ ਦੇ ਵਿੱਚ ਹੀ ਉਨ੍ਹਾਂ ਦੀ ਸਾਰੀ ਦੀ ਸਾਰੀ ਜ਼ਿੰਦਗੀ ਨਿਕਲ ਜਾਂਦੀ ਹੈ, ਸਾਰੀਆਂ ਪੀੜ੍ਹੀਆਂ ਦੀ ਜ਼ਿੰਦਗੀ ਕੋਰਟ ਕਚਹਿਰੀਆਂ ਦੇ ਚੱਕਰਾਂ ਵਿੱਚ ਨਿਕਲ ਜਾਂਦੀ ਹੈ । ਮੈਂ ਕੋਰਟ ਕਚਹਿਰੀਆਂ ਤੋਂ ਇਲਾਵਾ ਇੱਕ ਗੱਲ ਹੋਰ ਐਡ ਕਰਦੀ ਹਾਂ ਕਿ ਜਿਹੜੇ ਤਹਿਸੀਲਦਾਰ, ਪਟਵਾਰੀ ਤੇ ਕਾਨੂੰਗੋ ਹਨ, ਉਹ ੳ,ਅ,ੲ, ਦੇ ਨਕਸ਼ਿਆਂ ਵਿੱਚ ਹੀ ਉਨ੍ਹਾਂ ਨੂੰ ਉਲਝਾ ਕੇ ਰੱਖਦੇ ਹਨ । ਸੋ, ਮੇਰੀ ਇੰਨੀ ਕੁ ਫਾਈਨਾਂਸ ਮਨਿਸਟਰ ਸਾਹਿਬ ਨੂੰ ਗੁਜ਼ਾਰਿਸ਼ ਹੈ ਕਿ ਕੱਲ੍ਹ ਉਨ੍ਹਾਂ ਨੇ ਬਜਟ ਅਨਾਊਂਸ ਕੀਤਾ ਹੈ, I want ਕਿ ਉਸ ਵਿੱਚ ਇਹੋ ਜਿਹੀ ਕ੍ਰੀਏਸ਼ਨ ਕਰੋ, ਫਾਸਟ ਕੋਰਟ ਅਦਾਲਤਾਂ ਵਾਸਤੇ ਕੁਝ ਨਾ ਕੁਝ ਬਜਟ ਪ੍ਰੋਵਾਈਡ ਹੋਵੇ । ਧੰਨਵਾਦ ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਿਆ ਘੱਟ ਕਰ ਦਿੱਤੀ ਜਾਵੇ ।

*ਪ੍ਰਸਤਾਵ ਅਪ੍ਰਵਾਨ ਹੋਇਆ ।*

**ਮੰਗ ਨੰਬਰ 10**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2208899000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿੱਚ ਕੀਤੀ ਜਾਵੇਗੀ ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2208899000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿੱਚ ਕੀਤੀ ਜਾਵੇਗੀ ।

*ਪ੍ਰਸਤਾਵ ਪ੍ਰਵਾਨ ਹੋਇਆ ।*

## ਮੰਗ ਨੰਬਰ 11 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ :** ਸਰਦਾਰ ਮਨਜੀਤ ਸਿੰਘ, ਐਮ.ਐਲ.ਏ., ਅਤੇ ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ., ਵੱਲੋਂ ਮੰਗ ਨੰਬਰ 11 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਤ ਐਮ.ਐਲ.ਏ. ਸਾਹਿਬ ਆਪਣਾ ਕਟੌਤੀ ਪ੍ਰਸਤਾਵ ਪੇਸ਼ ਕਰਨ ।

**ਸਰਦਾਰ ਮਨਜੀਤ ਸਿੰਘ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ ।

ਹਾਂ ਜੀ, ਸਰਦਾਰ ਮਨਜੀਤ ਸਿੰਘ ਜੀ ਤੁਸੀਂ ਬੋਲੋ।

**ਸਰਦਾਰ ਮਨਜੀਤ ਸਿੰਘ (ਨਿਹਾਲ ਸਿੰਘ ਵਾਲਾ, ਐਸ.ਸੀ.) :** ਸਪੀਕਰ ਸਾਹਿਬ, ਇਸ ਪਵਿੱਤਰ ਸਦਨ ਵਿੱਚ ਕਰਜ਼ਿਆਂ ਦੀ ਗੱਲ ਕੀਤੀ ਗਈ ਹੈ । ਮੈਂ ਕਾਮਨਾ ਕਰਦਾ ਹੈ ਕਿ ਕਰਜ਼ੇ ਭਾਵੇਂ ਕਿਸਾਨਾਂ ਦੇ ਹਨ, ਚਾਹੇ ਦਲਿਤਾਂ ਦੇ ਹਨ, ਉਹ ਮਾਫ ਕਰ ਦਿੱਤੇ ਜਾਣ । ਜਿਸ ਤਰ੍ਹਾਂ ਕਿਹਾ ਜਾ ਰਿਹਾ ਹੈ ਕਿ 370 ਕਰੋੜ ਰੁਪਏ ਦੇ ਕਰਜ਼ੇ ਮਾਫ ਕਰ ਦਿੱਤੇ ਗਏ .....

**ਮਾਨਯੋਗ ਸਪੀਕਰ :** ਇਹ ਮਾਮਲਾ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦਾ ਹੈ । ਇਸ ਵਿੱਚ ਕਿਸਾਨੀ ਦੀ ਗੱਲ ਨਹੀਂ ਕੀਤੀ ਜਾ ਸਕਦੀ । ਇਹ ਡਿਮਾਂਡ ਹੈਲਥ ਨਾਲ ਸਬੰਧਤ ਹੈ, ਮਾਮਲਾ ਕਰਜ਼ੇ ਦਾ ਨਹੀਂ ਹੈ।ਹਾਂ ਜੀ, ਸਰਦਾਰ ਕੁਲਤਾਰ ਸਿੰਘ ਜੀ ।

**ਸਰਦਾਰ ਮਨਜੀਤ ਸਿੰਘ :** ਸਰ, ਮੈਨੂੰ ਦੋ ਮਿੰਟ ਦੇ ਦਿਓ ।

**ਮਾਨਯੋਗ ਸਪੀਕਰ :** ਨਹੀਂ, ਇਸ ਤਰ੍ਹਾਂ ਨਹੀਂ ਹੋਵੇਗਾ । (ਵਿਘਨ) ਬਿਲਕੁਲ ਵੀ ਨਹੀਂ । ਮਾਮਲਾ ਸਿਹਤ ਵਿਭਾਗ ਦਾ ਹੈ, ਤੁਸੀਂ ਗੱਲ ਕਰਜ਼ੇ ਦੀ ਕਰਦੇ ਹੋ ? ਹਾਂ ਜੀ, ਸਰਦਾਰ ਕੁਲਤਾਰ ਸਿੰਘ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਸਪੀਕਰ ਸਾਹਿਬ, ਮੈਂ ਇਸ ਹਾਊਸ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਮੈਡੀਕਲ ਕਾਲਜ, ਸੈਕਟਰ-32, ਚੰਡੀਗੜ੍ਹ ਦਾ ਹੈ, ਉਸ ਨੂੰ 100 ਕਰੋੜ ਰੁਪਿਆ ਦਿੱਤਾ ਗਿਆ ਹੈ ਤੇ ਜਿਹੜੀ ਬਾਬਾ ਫਰੀਦ ਯੂਨੀਵਰਸਿਟੀ ਆਫ ਮੈਡੀਕਲ ਸਾਇੰਸਿਜ਼ ਹੈ, ਉਸ ਨੂੰ ਵੀ 100 ਕਰੋੜ ਰੁਪਿਆ ਦਿੱਤਾ ਗਿਆ ਹੈ । ਇਸ ਤੇ ਮੈਂ ਤੁਹਾਡੀ ਤਵੱਕੋ ਦਿਵਾਉਣਾ ਚਾਹੁੰਦਾ ਹਾਂ ਕਿ ਉਥੇ ਬਹੁਤ ਹੀ ਗਰੀਬ ਲੋਕ ਇਲਾਜ ਕਰਵਾਉਣ ਲਈ ਜਾਂਦੇ ਹਨ। ਇਸ ਗਰਾਂਟ ਨੂੰ ਵਧਾਉਣਾ ਚਾਹੀਦਾ ਹੈ ਤਾਂ ਕਿ ਸਹੀ ਤਰੀਕੇ ਨਾਲ ਡਿਸਪਰਸਲ ਹੋ ਸਕੇ । ਸਪੀਕਰ ਸਾਹਿਬ, ਇਹ ਕੋਈ ਪੈਰਿਟੀ ਨਹੀਂ ਹੈ । ਭਾਵੇਂ ਉਹ ਆਪਾਂ ਨਹੀਂ ਦਿੱਤੀ। ਇੱਕ ਮੈਡੀਕਲ ਕਾਲਜ ਨੂੰ ਵੀ 100 ਕਰੋੜ ਰੁਪਿਆ ਖਰਚਾ ਆਉਂਦਾ ਹੈ ਉਹ ਤਰਕ ਸੰਗਤ ਹੈ ਲੇਕਿਨ ਯੂਨੀਵਰਸਿਟੀ ਦਾ ਬੜਾ ਵੱਡਾ ਇਨਫਰਾਸਟਰਕਚਰ ਹੁੰਦਾ ਹੈ, ਬਹੁਤ ਲੋਕ ਉਥੇ ਜਾਂਦੇ ਹਨ, ਪੜ੍ਹਦੇ ਹਨ, ਗਰੀਬ ਲੋਕ ਉਥੇ ਇਲਾਜ ਕਰਵਾਉਣ ਲਈ ਵੀ ਜਾਂਦੇ ਹਨ, ਉਥੇ ਕੋਈ ਇਨਕਮ ਜੈਨਰੇਸ਼ਨ ਨਹੀਂ ਹੁੰਦੀ, ਇਸ ਕਰਕੇ ਇਹ ਰਾਸ਼ੀ ਵਧਾਉਣੀ ਚਾਹੀਦੀ ਹੈ । ਜੇ ਇਹ ਨਹੀਂ ਵਧਾਉਣੀ ਤਾਂ ਇਹ 100 ਰੁਪਏ ਘਟਾ ਦਿੱਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ ।

*ਪ੍ਰਸਤਾਵ ਅਪ੍ਰਵਾਨ ਹੋਇਆ ।*

**ਮੰਗ ਨੰਬਰ 11**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 31236492000 ਰੁਪਏ ਅਤੇ ਪੂੰਜੀਗਤ ਲੇਖੇ ਤੇ 18000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 31236492000 ਰੁਪਏ ਅਤੇ ਪੂੰਜੀਗਤ ਲੇਖੇ ਤੇ 18000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ ।*

**ਮੰਗ ਨੰਬਰ 12 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ** : ਪ੍ਰੋਫੈਸਰ ਬਲਜਿੰਦਰ ਕੌਰ, ਐਮ.ਐਲ.ਏ. ਅਤੇ ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ. ਵੱਲੋਂ ਮੰਗ ਨੰਬਰ 12 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਪ੍ਰੋਫੈਸਰ ਬਲਜਿੰਦਰ ਕੌਰ** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ -

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਪ੍ਰੋਫੈਸਰ ਸਾਹਿਬ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ)** : ਸਪੀਕਰ ਸਾਹਿਬ, ਧੰਨਵਾਦ । ਮੈਂ ਕਹਿਣਾ ਚਾਹੁੰਦੀ ਹਾਂ ਕਿ ਸਾਡੀਆਂ ਫੋਰਸਿਜ਼ ਦਾ ਇੱਕ ਬਹੁਤ ਵੱਡਾ ਮਸਲਾ ਹੈ। ਇਸ ਗੱਲ ਦੀ ਉਨ੍ਹਾਂ ਸਾਰਿਆਂ ਨੂੰ ਖੁਸ਼ੀ ਹੋਈ ਸੀ ਕਿ ਜਦੋਂ ਮੈਨੀਫੈਸਟੋ ਦੇ ਵਿੱਚ ਅਨਾਊਂਸ ਕੀਤਾ ਸੀ ਕਿ ਜਿਹੜੇ ਜਿਹੜੇ ਸਪੈਸ਼ਲੀ ਕਮਾਂਡੋ ਦੇ ਅੰਦਰ ਆ ਜਾਂਦੇ ਹਨ, ਜਦੋਂ ਉਨ੍ਹਾਂ ਨੇ ਆਪਣੇ ਪੰਜ ਸਾਲ ਪੂਰੇ ਕਰ ਲਏ ਤਾਂ they are allowed ਕਿ ਉਹ ਆਪਣੇ ਹੋਮ ਟਾਊਨ ਦੇ ਵਿੱਚ ਜਾ ਕੇ ਕੰਮ ਕਰ ਸਕਦੇ ਹਨ। ਮੈਂ ਮੈਨੀਫੈਸਟੋ ਦੀਆਂ ਦੋ ਲਾਈਨਾਂ ਵੀ ਪੜ੍ਹਨਾ ਚਾਹਾਂਗੀ :-

> Henceforth all new recruitment into the police will be in the PAP and after five years of service, the policemen will be moved to their home districts. After five years of service, they will be eligible to serve under the various wings of the Police e.g. Vigilance, CID, Excise, etc.

ਪਰ ਅਫਸੋਸ ਹੈ ਕਿ ਜਿਹੜਾ ਸਰਕਾਰ ਨੇ ਮਿਤੀ 1 ਮਾਰਚ, 2018 ਨੂੰ ਆਰਡੀਨੈਂਸ ਜਾਰੀ ਕੀਤਾ ਹੈ, ਉਸ ਵਿੱਚ ਇਹ ਕਿਹਾ ਗਿਆ ਹੈ ਕਿ ਟਰਾਂਸਫਰ ਬਿਲਕੁਲ ਨਹੀਂ ਹੋਏਗੀ। ਉਨ੍ਹਾਂ ਕੇਸਿਜ਼ ਦੇ ਵਿਚ ਆਏਗੀ, ਜਿਹੜੇ ਕਿਸੇ ਸਪੈਸ਼ਲ ਓਪਰੇਸ਼ਨ ਵਿੱਚ ਭਾਗ ਲੈਂਦੇ ਹਨ ਅਤੇ ਜਿਹੜੇ ਕਮਾਂਡੋ ਡਿਸਏਬਲ ਹੋ ਜਾਂਦੇ ਹਨ। ਮੇਰੀ ਗੁਜ਼ਾਰਿਸ਼ ਹੈ ਕਿ ਉਨ੍ਹਾਂ ਲਈ ਇਹ 24-24 ਘੰਟੇ ਨੌਕਰੀ ਕਰਨੀ very hard ਹੈ। ਮੈਂ ਚਾਹੁੰਦੀ ਹਾਂ ਕਿ ਜਿਹੜਾ ਚੋਣ ਮੈਨੀਫੈਸਟੋ ਦੇ ਵਿੱਚ ਪ੍ਰਾਮਿਸ ਕੀਤਾ ਹੈ ਉਸ ਨੂੰ ਪੂਰਾ ਕੀਤਾ ਜਾਵੇ ਤਾਂ ਕਿ ਉਹ ਆਪਣੇ ਹੋਮ ਟਾਊਨ ਦੇ ਵਿੱਚ ਜਾ ਸਕਣ । ਉਨ੍ਹਾਂ ਨੂੰ ਆਪਣੇ ਹੋਮ ਟਾਊਨ ਵਿਚ ਜਾਣ ਲਈ ਅਲਾਓ ਕੀਤਾ ਜਾਵੇ, ਜਿਥੇ ਉਹ ਆਪਣੀਆਂ ਫੈਮਿਲੀਜ਼ ਦੀਆਂ ਸਰਵਿਸਿਜ਼ ਪੂਰੀਆਂ ਕਰਦੇ ਹੋਏ ਸਾਡੀ ਸਟੇਟ ਦੀਆਂ ਵੀ ਸਰਵਿਸਿਜ਼ ਪੂਰੀਆਂ ਕਰਨ। Thank you.

**ਮਾਨਯੋਗ ਸਪੀਕਰ** : ਪ੍ਰੋਫੈਸਰ ਸਾਹਿਬ, ਕਟੌਤੀ ਤੇ ਤੁਸੀਂ ਕੁਝ ਨਹੀਂ ਬੋਲੇ। ਹਾਂ ਜੀ, ਸਰਦਾਰ ਹਰਪਾਲ ਸਿੰਘ ਚੀਮਾ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.)**: ਸਰ, ਮੈਂ ਚਾਹੁੰਦਾ ਹਾਂ ਕਿ ਪੰਜਾਬ ਪੁਲਿਸ ਦਾ ਕੰਮ ਅੱਠ ਘੰਟੇ ਦਾ ਹੋਣਾ ਚਾਹੀਦਾ ਹੈ ਤਾਂ ਕਿ ਉਹ ਮਾਨਸਿਕ ਪ੍ਰੇਸ਼ਾਨੀ ਤੋਂ ਬਚੇ ਰਹਿਣ। ਦੂਸਰਾ ਹੈ ਕਿ ਪੰਜਾਬ ਵਿੱਚ ਜਿਹੜੀਆਂ ਰੈਵੇਨਿਊ ਕੋਰਟਸ ਹਨ, ਉਨ੍ਹਾਂ ਵਿੱਚ ਐਸ.ਡੀ.ਐਮਜ਼ ਉਤੇ, ਤਹਿਸੀਲਦਾਰਾਂ ਉਤੇ, ਡੀ.ਸੀਜ਼ ਉਤੇ ਇੰਨਾ ਬਰਡਨ ਹੈ ਜਿਸ ਕਾਰਨ ਲੰਬਾ ਸਮਾਂ ਕੇਸ ਪੈਂਡਿੰਗ ਰਹਿੰਦੇ ਹਨ। ਉਨ੍ਹਾਂ ਦੇ ਹੱਲ ਲਈ ਇੱਕ ਵੱਖਰਾ ਕਾਡਰ ਬਣਾ ਦਿੱਤਾ ਜਾਵੇ ਤਾਂ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਸਕੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰਬਰ 12**

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 62862000000 ਰੁਪਏ ਅਤੇ ਪੂੰਜੀਗਤ ਲੇਖੇ ਤੇ 1541401000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਹਿ ਮਾਮਲਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 62862000000 ਰੁਪਏ ਅਤੇ ਪੂੰਜੀਗਤ ਲੇਖੇ ਤੇ 1541401000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਹਿ ਮਾਮਲਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 13 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ** : ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਵੱਲੋਂ ਮੰਗ ਨੰਬਰ 13 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਅਮਨ ਅਰੋੜਾ** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਇਹ ਮੰਗ 100/– ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

ਕਿ ਇਹ ਮੰਗ 100/– ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸ਼੍ਰੀ ਅਮਨ ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ (ਸੁਨਾਮ)** : ਸਰ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਉਂਕਿ ਅੱਜ ਪੰਜਾਬ ਆਗਰੇਰੀਅਨ ਸਟੇਟ ਹੈ, ਉਹ ਪੀਕ ਤੇ ਪਹੁੰਚ ਚੁੱਕੀ ਹੈ। ਜੇ ਇੱਕੋ ਇੱਕ ਚੀਜ਼ ਕੋਈ ਪੰਜਾਬ ਦੀ ਇਕਾਨਮੀ ਨੂੰ ਬਚਾ ਸਕਦੀ ਹੈ ਤਾਂ ਉਹ ਇੰਡਸਟਰੀ ਹੀ ਬਚਾ ਸਕਦੀ ਹੈ। ਪੰਜਾਬ ਵਿੱਚ ਇਸ ਵੇਲੇ ਤਕਰੀਬਨ 1,72,000 ਟੋਟਲ ਇੰਡਸਟਰੀਅਲ ਯੂਨਿਟ ਹਨ, ਜਿਨ੍ਹਾਂ ਦੀ ਗੁਡਜ਼ ਦੀ ਟੋਟਲ ਪ੍ਰੋਡਕਟੀਵਿਟੀ ਹੈ, ਉਹ 2 ਲੱਖ 2000 ਕਰੋੜ ਤੇ ਪਹੁੰਚ ਜਾਂਦੀ ਹੈ which amounts to almost

[ਸ਼੍ਰੀ ਅਮਨ ਅਰੋੜਾ]

25% of GSVA. ਸਰ, ਹੁਣ ਸਵਾਲ ਇਹ ਹੈ ਕਿ ਇਸ ਬਜਟ ਦੇ ਵਿੱਚ ਸਿਰਫ ਔਰ ਸਿਰਫ 137 ਕਰੋੜ ਦੀ ਐਲੋਕੇਸ਼ਨ ਕੀਤੀ ਗਈ ਹੈ, which is even less than 1%. ਸਰ, ਜੇ ਪਿਛਲੇ ਸਾਲ ਦੀ ਗੱਲ ਕਰੀਏ ਤਾਂ 209 ਕਰੋੜ ਰੁਪਏ ਦੀ ਐਲੋਕੇਸ਼ਨ ਕੀਤੀ ਸੀ, ਜਿਸ ਵਿਚੋਂ ਸਿਰਫ 10.43 ਕਰੋੜ ਰੁਪਿਆ ਰਹਿ ਗਿਆ ਸੀ। ਸਰ, ਇੰਡਸਟਰੀ ਕਿਵੇਂ ਬਚੇਗੀ ਅਤੇ ਕਿਵੇਂ ਪਰਾਸਪਰ ਹੋਏਗੀ? ਮੈਂ ਦੂਜੀ ਗੱਲ ਕਰਨੀ ਚਾਹੁੰਦਾ ਹਾਂ ਕਿ ਸਕਿੱਲ ਡਿਵੈਲਪਮੈਂਟ ਦੇ ਸੈਂਟਰਜ਼ ਲਈ ਸਿਰਫ 10 ਕਰੋੜ ਰੁਪਿਆ ਅਤੇ ਚਾਰ ਫੋਕਲ ਪੁਆਇੰਟਸ ਲਈ ਸਿਰਫ 10 ਕਰੋੜ ਰੁਪਏ ਰੱਖੇ ਗਏ ਹਨ ਜਿਹੜੇ ਕਿ ਬਹੁਤ ਘੱਟ ਹਨ। ਫੋਕਲ ਪੁਆਇੰਟ ਬਹੁਤ ਬੁਰੀ ਹਾਲਤ ਵਿੱਚ ਹਨ। ਸਰ, ਇਸੇ ਤਰ੍ਹਾਂ, ਵੈਟ ਕੇਸਿਜ਼ ਬਾਰੇ ਐਫ.ਐਮ. ਸਾਹਿਬ ਦੇ ਵੀ ਧਿਆਨ ਵਿੱਚ ਹੈ, ਤਕਰੀਬਨ 40,000 ਦੇ ਕਰੀਬ ਵੈਟ ਕੇਸਿਜ਼ ਸਕਰੂਟਨੀ ਦੇ ਲਈ ਲਗਾ ਦਿੱਤੇ ਗਏ ਹਨ, ਜਿਨ੍ਹਾਂ ਨਾਲ ਵਪਾਰੀਆਂ ਦੀ ਐਕਸਪਲਾਇਟੇਸ਼ਨ ਹੋ ਰਹੀ ਹੈ। ਉਸ ਦੇ ਉਪਰ ਵੀ ਧਿਆਨ ਦੇ ਕੇ ਤੁਰੰਤ ਹੱਲ ਕੀਤਾ ਜਾਵੇ। ਸਰ, ਮੈਂ ਲਾਸਟ ਵਿੱਚ ਗੱਲ ਕਹਿਣੀ ਚਾਹਾਂਗਾ ਕਿ ਅੱਜ ਦੇ ਪੇਪਰ ਦੇ ਵਿੱਚ ਲੱਗਿਆ ਹੈ ਕਿ ''ਗੁੰਡਾ ਟੈਕਸ ਵਰਗੀ ਜੁਗਗਰਦੀ ਤੋਂ ਅੱਕੀ ਬਠਿੰਡਾ ਰਿਫਾਈਨਰੀ ਵਿੱਚ ਰੇਲ ਰੂਟ ਰਾਹੀਂ ਪਹੁੰਚੀ ਰੇਤਾ ਬੱਜਰੀ''।

**ਮਾਨਯੋਗ ਸਪੀਕਰ** : ਤੁਸੀਂ ਕੋਈ ਕੱਟ ਮੋਸ਼ਨ ਬਾਰੇ ਗੱਲ ਹੈ ਤਾਂ ਕਰੋ, ਤੁਸੀਂ ਕੱਟ ਮੋਸ਼ਨ ਤੇ ਗੱਲ ਕਰ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਰ, ਪਿੱਛੇ ਜਿੰਨੀਆਂ ਵੀ ਕੱਟ ਮੋਸ਼ਨਜ਼ ਆਈਆਂ ਹਨ, ਉਨ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਵਿੱਚ ਇੱਕ ਟਰੈਂਡ ਵੇਖ ਰਿਹਾ ਹਾਂ ਕਿ ਕੱਟ ਮੋਸ਼ਨਜ਼ ਦੇ ਉਤੇ ਬਿਲਕੁਲ ਨਹੀਂ ਬੋਲਿਆ ਜਾ ਰਿਹਾ । ਆਪਣੀਆਂ ਸਪੀਚਜ਼ ਦਿੱਤੀਆਂ ਜਾ ਰਹੀਆਂ ਹਨ।

**ਮਾਨਯੋਗ ਸਪੀਕਰ:** ਸਪੀਚਾਂ ਬਹੁਤ ਆ ਰਹੀਆਂ ਹਨ।

**ਸੰਸਦੀ ਮਾਮਲੇ ਮੰਤਰੀ:** ਮੇਰਾ ਖਿਆਲ ਹੈ ਕਿ ਜਿੰਨੀਆਂ ਸਪੀਚਜ਼ ਕੀਤੀਆਂ ਗਈਆਂ ਹਨ, ਉਹ ਐਕਸਪੰਜ ਹੋਣੀਆਂ ਚਾਹੀਦੀਆਂ ਹਨ।

**ਮਾਨਯੋਗ ਸਪੀਕਰ:** ਸਪੀਚਜ਼ ਬਹੁਤ ਆ ਰਹੀਆਂ ਹਨ। ਮਾਫ ਕਰਨਾ, ਇਸ ਤਰ੍ਹਾਂ ਨਹੀਂ ਚੱਲੇਗਾ। ਇਸ ਤਰ੍ਹਾਂ ਨਹੀਂ ਚੱਲੇਗਾ। There cannot be general speech. No general speech. ਕੋਈ ਜਨਰਲ ਸਪੀਚ ਨਹੀਂ ਕਰਨੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

ਕਿ ਇਹ ਮੰਗ 100/– ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

## ਮੰਗ ਨੰਬਰ 13

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 16584959000 ਅਤੇ ਪੂੰਜੀਗਤ ਲੇਖੇ ਤੇ 171355000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 16584959000 ਅਤੇ ਪੂੰਜੀਗਤ ਲੇਖੇ ਤੇ 171355000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

## ਮੰਗ ਨੰਬਰ 14

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 14 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 430284000 ਰੁਪਏ ਅਤੇ ਪੂੰਜੀਗਤ ਲੇਖੇ ਤੇ 10000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 430284000 ਰੁਪਏ ਅਤੇ ਪੂੰਜੀਗਤ ਲੇਖੇ ਤੇ 10000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 15**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰਬਰ 15 ਦੇ ਸਬੰਧ ਵਿੱਚ ਕੋਈ ਕਟੌਤੀ ਪ੍ਰਸਤਾਵ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 12692149000 ਰੁਪਏ ਅਤੇ ਪੂੰਜੀਗਤ ਲੇਖੇ ਤੇ 8384595000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਜਲ ਸਰੋਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 12692149000 ਰੁਪਏ ਅਤੇ ਪੂੰਜੀਗਤ ਲੇਖੇ ਤੇ 8384595000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਜਲ ਸਰੋਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 16 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ:** ਸਰਦਾਰ ਬਲਦੇਵ ਸਿੰਘ ਐਮ.ਐਲ.ਏ. ਵਲੋਂ ਮੰਗ ਨੰ: 16 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ । ਸਬੰਧਿਤ ਐਮ.ਐਲ.ਏ.ਸਾਹਿਬ ਆਪਣਾ ਕਟੌਤੀ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਬਲਦੇਵ ਸਿੰਘ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/-ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸਰਦਾਰ ਬਲਦੇਵ ਸਿੰਘ ਜੀ।

**ਸਰਦਾਰ ਬਲਦੇਵ ਸਿੰਘ (ਜੈਤੋ, ਐਸ.ਸੀ.):** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਦੇ ਜ਼ਰੀਏ ਸਦਨ ਵਿਚ ਇਹ ਦੱਸਣਾ ਚਾਹਾਂਗਾ ਕਿ ਜੋ ਕਿਰਤ ਕਾਨੂੰਨ ਬਣਿਆ ਹੈ ਉਸ ਵਿਚ ਜਿਹੜਾ ਦਿਹਾੜੀਦਾਰ ਹੈ, ਜੋ ਬਿਲਕੁਲ ਅਨਪੜ੍ਹ **ਹੈ**, ਉਸ ਵਾਸਤੇ 7623 ਰੁਪਏ 50 ਪੈਸੇ ਹਨ। ਜਿਹੜਾ ਸਿੱਖਿਅਤ ਹੈ ਜਿਹੜਾ ਅੱਠ, ਦਸ, ਬਾਰ੍ਹਾਂ ਜਮਾਤਾਂ ਪੜ੍ਹਿਆ ਹੈ, ਉਸ ਲਈ ਕਿਰਤ ਕਾਨੂੰਨ ਵਿੱਚ

9300 ਰੁਪਏ 10 ਪੈਸੇ ਹੈ। ਜੋ ਮੁਲਾਜ਼ਮ ਕੰਮ ਕਰ ਰਹੇ ਹਨ, ਉਨ੍ਹਾਂ ਵਿੱਚ ਈ.ਜੀ.ਐਸ. ਵਾਲਿਆਂ ਨੂੰ ਪੰਜ ਹਜ਼ਾਰ ਰੁਪਿਆ ਮਿਲਦਾ ਹੈ, ਆਂਗਨਵਾੜੀ ਵਾਲਿਆਂ ਨੂੰ 5600 ਰੁਪਿਆ ਮਿਲਦਾ ਹੈ, ਜਿਹੜਾ ਹੈਲਪਰ ਹੈ ਉਸ ਨੂੰ 2800 ਰੁਪਿਆ ਮਿਲਦਾ ਹੈ, ਮਿੱਡ ਡੇਅ ਮੀਲ ਵਾਲਿਆਂ ਨੂੰ ਸਿਰਫ 1700 ਰੁਪਿਆ ਮਿਲਦਾ ਹੈ। ਜਿਹੜਾ ਸਿੱਖਿਆ ਪ੍ਰੋਵਾਈਡਰ ਹੈ ਉਸ ਨੂੰ 42,000 ਰੁਪਏ ਤੋਂ ਘਟਾ ਕੇ 10,000 ਰੁਪਏ ਦੇਣ ਦੀ ਗੱਲ ਕੀਤੀ ਜਾ ਰਹੀ ਹੈ..

**ਮਾਨਯੋਗ ਸਪੀਕਰ:** ਤੁਸੀਂ ਕੱਟ ਮੋਸ਼ਨ ਤੇ ਗੱਲ ਕਰੋ, ਕੱਟ ਮੋਸ਼ਨ ਤੇ ਗੱਲ ਕਰੋ।

**ਸਰਦਾਰ ਬਲਦੇਵ ਸਿੰਘ:** ਇਹ ਕੱਟ ਮੋਸ਼ਨ ਤੇ ਹੀ ਕਹਿ ਰਿਹਾ ਹਾਂ । ਜਿਹੜਾ ਕਿਰਤ ਕਾਨੂੰਨ ਦੇ ਮੁਤਾਬਿਕ ਬਣਦਾ ਹੈ ਉਹ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ।

**Mr. Speaker :** Thank you.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਇਹ ਮੰਗ 100/–ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰ:16**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 275675000 ਰੁਪਏ ਅਤੇ ਪੂੰਜੀਗਤ ਲੇਖੇ ਤੇ 100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਦੇ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 275675000 ਰੁਪਏ ਅਤੇ ਪੂੰਜੀਗਤ ਲੇਖੇ ਤੇ 100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਦੇ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਦੇ ਸਬੰਧ ਵਿਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 17**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰਬਰ 17 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

[ਮਾਨਯੋਗ ਸਪੀਕਰ]

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 22002264000 ਰੁਪਏ ਅਤੇ ਪੂੰਜੀਗਤ ਲੇਖੇ ਤੇ 14049914000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 22002264000 ਰੁਪਏ ਅਤੇ ਪੂੰਜੀਗਤ ਲੇਖੇ ਤੇ 14049914000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 18**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 18 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 205727000 ਰੁਪਏ ਅਤੇ ਪੂੰਜੀਗਤ ਲੇਖੇ ਤੇ 10000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸੋਨਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 205727000 ਰੁਪਏ ਅਤੇ ਪੂੰਜੀਗਤ ਲੇਖੇ ਤੇ 10000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸੋਨਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

## ਮੰਗ ਨੰਬਰ 19

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰਬਰ 19 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

> ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1478542000 ਰੁਪਏ ਅਤੇ ਪੂੰਜੀਗਤ ਲੇਖੇ ਤੇ 2673592000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

> ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1478542000 ਰੁਪਏ ਅਤੇ ਪੂੰਜੀਗਤ ਲੇਖੇ ਤੇ 2673592000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

## ਮੰਗ ਨੰਬਰ 21 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ :** ਸਰਦਾਰ ਸੁਖਪਾਲ ਸਿੰਘ ਖਹਿਰਾ, ਸ਼੍ਰੀ ਅਮਨ ਅਰੋੜਾ ਅਤੇ ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ. ਵੱਲੋਂ ਮੰਗ ਨੰਬਰ 20 ਉਤੇ ਕਟੌਤੀ ਦਾ ਪ੍ਰਸਤਾਵ ਪ੍ਰਾਪਤ ਹੋਇਆ ਹੈ, ਸਬੰਧਿਤ ਐਮ.ਐਲ.ਏ. ਸਾਹਿਬਾਨ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਅਮਨ ਅਰੋੜਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

> ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ (ਸੁਨਾਮ):** ਸਰ, ਕੱਲ੍ਹ ਜਿਹੜੀ ਇੰਡਸਟਰੀ ਨੂੰ ਬਿਜਲੀ ਪੰਜ ਰੁਪਏ ਪ੍ਰਤੀ ਯੂਨਿਟ ਦਿੱਤੀ ਗਈ ਹੈ, ਮੈਂ ਉਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ।ਸਰ, ਮੈਂ ਫੈਡਰੇਸ਼ਨ ਆਫ ਸਮਾਲ ਸਕੇਲ ਐਸੋਸੀਏਸ਼ਨ ਦੀ ਇੱਕ ਲੈਟਰ ਤੁਹਾਨੂੰ ਪੜ੍ਹ ਕੇ ਸੁਣਾਉਣੀ ਚਾਹੁੰਦਾ ਹਾਂ । ਇਹ ਇੱਕ ਲਾਈਨ ਹੀ ਹੈ..

**ਮਾਨਯੋਗ ਸਪੀਕਰ:** ਨਹੀਂ ਜੀ, ਲੈਟਰ ਨਾ ਪੜ੍ਹੋ, ਤੁਸੀਂ ਪੜ੍ਹੀ ਹੋਈ ਹੈ, ਤੁਸੀਂ ਬੋਲ ਦਿਉ।

**ਸ਼੍ਰੀ ਅਮਨ ਅਰੋੜਾ :** ਇਸ ਵਿੱਚ ਇਨ੍ਹਾਂ ਨੇ ਲਿਖ ਕੇ ਦਿੱਤਾ ਹੈ which I want to place on record. ਜਿਹੜੀ ਤੁਸੀਂ 1440 ਕਰੋੜ ਦੀ ਸਬਸਿਡੀ ਇੰਡਸਟਰੀ ਨੂੰ ਦਿੱਤੀ ਹੈ, ਉਹ ਕਿਰਪਾ ਕਰਕੇ ਵਾਪਸ ਲੈ ਲਓ। ਉਸ ਦਾ ਰੀਜ਼ਨ ਇਹ ਹੈ ਕਿ 5/- ਰੁਪਏ ਪ੍ਰਤੀ ਯੂਨਿਟ ਫਿਕਸ ਰੇਟ ਕਰ ਦਿੱਤਾ ਹੈ ਪਰ ਜਿਹੜਾ ਪਹਿਲਾਂ KWH ਦਾ ਸਿਸਟਮ ਸੀ ਉਹ two part system ਟੈਰਿਫ ਕਰ ਦਿੱਤਾ। That has been converted into KVAH. ਮੇਰੇ ਕੋਲ ਬਿਲਜ਼ ਪਏ ਹਨ, ਪਹਿਲਾਂ ਬਿਜਲੀ ਸਾਢੇ 7 ਰੁਪਏ ਪ੍ਰਤੀ ਯੂਨਿਟ ਪੈਂਦੀ ਸੀ ਜੋ ਕਿ ਇਸ ਸਮੇਂ 12 ਤੋਂ 15 ਰੁਪਏ ਪ੍ਰਤੀ ਯੂਨਿਟ ਪੈ ਰਹੀ ਹੈ।

**ਮਾਨਯੋਗ ਸਪੀਕਰ** : ਤੁਸੀਂ ਜਨਰਲ ਸਪੀਚ ਨਾ ਦਿਓ। ਕੱਟ ਮੋਸ਼ਨ ਤੇ ਆਓ।

**ਸ਼੍ਰੀ ਅਮਨ ਅਰੋੜਾ** : ਸਰ, ਮੈਂ ਕੱਟ ਮੋਸ਼ਨ ਤੇ ਹੀ ਹਾਂ। ਮੈਂ 1440 ਕਰੋੜ ਰੁਪਿਆ ਬਚਾਉਣ ਦੀ ਗੱਲ ਕਰ ਰਿਹਾ ਹਾਂ।

**ਮਾਨਯੋਗ ਸਪੀਕਰ** : ਜਨਰਲ ਸਪੀਚਾਂ ਹੋ ਲਈਆਂ। ਪਿਛਲੇ ਕਈ ਦਿਨਾਂ ਤੋਂ ਸਪੀਚਾਂ ਹੋ ਲਈਆਂ। ਤੁਸੀਂ ਕੱਟ ਮੋਸ਼ਨ ਤੇ ਆਓ।

**ਸ਼੍ਰੀ ਅਮਨ ਅਰੋੜਾ** : ਸਰ, ਮੈਂ 1440 ਕਰੋੜ ਰੁਪਿਆ ਬਚਾਉਣ ਦੀ ਗੱਲ ਕਰ ਰਿਹਾ ਹਾਂ, ਤੁਸੀਂ ਮੈਨੂੰ ਬੋਲਣ ਨਹੀਂ ਦੇ ਰਹੇ। ਇਹ ਇੰਡਸਟਰੀ ਦੀ ਲੈਟਰ ਹੈ, ਉਹ ਕਹਿੰਦੇ ਹਨ ਕਿ 1440 ਕਰੋੜ ਰੁਪਿਆ ਸਾਡੇ ਤੋਂ ਵਾਪਸ ਲੈ ਲਓ ਪਰ ਸਾਨੂੰ ਪਹਿਲਾਂ ਵਾਲਾ one part system ਸੀ, ਉਹ ਕਰ ਦਿਓ ਕਿਉਂਕਿ two part system ਕਰਕੇ ਬਿਜਲੀ 14-15 ਰੁਪਏ ਪ੍ਰਤੀ ਯੂਨਿਟ ਪੈਣ ਲੱਗ ਗਈ ਹੈ।

**ਮਾਨਯੋਗ ਸਪੀਕਰ** : ਕੀ ਤੁਸੀਂ ਕੱਟ ਮੋਸ਼ਨ ਤੇ ਕੋਈ ਗੱਲ ਕਰਨੀ ਹੈ?....

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਸਰਦਾਰ ਪਿਰਮਲ ਸਿੰਘ ਨੂੰ ਬੋਲਣ ਦਿਓ। ਇਨ੍ਹਾਂ ਨੂੰ ਟਾਈਮ ਨਹੀਂ ਮਿਲਿਆ।

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਜਨਰਲ ਡਿਸਕਸ਼ਨ ਨਹੀਂ ਹੋਣੀ।

**ਸ਼੍ਰੀ ਅਮਨ ਅਰੋੜਾ** : ਸਪੀਕਰ ਸਾਹਿਬ, ਮੈਂ ਪੈਸੇ ਬਚਾਉਣ ਦੀ ਗੱਲ ਕਰ ਰਿਹਾ ਸੀ।

**ਮਾਨਯੋਗ ਸਪੀਕਰ** : ਤੁਸੀਂ ਬੈਠੋ, ਅਰੋੜਾ ਸਾਹਿਬ। ਤੁਸੀਂ ਪੈਸੇ ਬਚਾਉਣ ਲਈ ਗੱਲ ਕਰ ਲਈ, ਪਿੱਛੇ ਬਜਟ ਤੇ ਕਰ ਲਈ ਅਤੇ ਗਵਰਨਰ ਐਡਰੈੱਸ ਤੇ ਵੀ ਗੱਲ ਕਰ ਲਈ ਹੈ।

**ਸਰਦਾਰ ਪਿਰਮਲ ਸਿੰਘ ਧੌਲਾ (ਭਦੌੜ, ਐਸ.ਸੀ.)**: ਸਪੀਕਰ ਸਾਹਿਬ, ਪਾਵਰਕੋਮ (ਪੀ.ਐਸ.ਪੀ.ਸੀ.ਐਲ.) ਦੀ ਗੱਲ ਹੋ ਰਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਾਵਰਕੋਮ ਵਿੱਚ ਪਿਛਲੇ 10 ਸਾਲਾਂ ਵਿੱਚ ਆਊਟ ਸੋਰਸ ਰਾਹੀਂ ਲਾਈਨਾਂ ਦੀ ਮੇਨਟੀਨੈਂਸ ਅਤੇ ਮੀਟਰ ਰੀਡਿੰਗ ਦਾ ਬਹੁਤ

ਜ਼ਿਆਦਾ ਕੰਮ ਕਰਵਾਇਆ ਗਿਆ। ਜਿਸ ਨਾਲ ਪਿਛਲੀ ਸਰਕਾਰ ਵੇਲੇ ਦੇ ਮੁੱਖ ਮੰਤਰੀ ਸਾਹਿਬ ਦੇ ਜਵਾਈ ਕੋਲ ਠੇਕਾ ਸੀ ਅਤੇ ਸਰਕਾਰ ਦਾ ਬਹੁਤ ਸਾਰਾ ਪੈਸਾ ਉਨ੍ਹਾਂ ਦੇ ਖਾਤੇ ਵਿੱਚ ਗਿਆ ਹੈ। ਇੰਪਲਾਈਜ਼ ਤੋਂ ਨਿਗੂਣੀ ਤਨਖਾਹ ਤੇ ਕੰਮ ਕਰਵਾਇਆ ਜਾਂਦਾ ਹੈ। ਜੇਕਰ ਉਹ ਸਾਰਾ ਕੰਮ ਗੌਰਮਿੰਟ ਆਪਣੇ ਇੰਪਲਾਈਜ਼ ਦੇ ਥਰੂ ਕਰਵਾਏ...

**ਮਾਨਯੋਗ ਸਪੀਕਰ** : ਤੁਸੀਂ ਕੱਟ ਮੋਸ਼ਨ ਤੇ ਬੋਲੋ।

**ਸਰਦਾਰ ਪਿਰਮਲ ਸਿੰਘ** : ਮੈਂ ਕੱਟ ਮੋਸ਼ਨ ਤੇ ਹੀ ਗੱਲ ਕਰ ਰਿਹਾ ਹਾਂ। ਜੇਕਰ ਗੌਰਮਿੰਟ ਆਪਣੇ ਨਵੇਂ ਇੰਪਲਾਈਜ਼ ਭਰਤੀ ਕਰਕੇ ਇਹ ਕੰਮ ਕਰਵਾਵੇ ਤਾਂ ਬਹੁਤ ਸਾਰਾ ਪੈਸਾ ਬਚਾਇਆ ਜਾ ਸਕਦਾ ਹੈ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

*ਪ੍ਰਸਤਾਵ ਅਪ੍ਰਵਾਨ ਹੋਇਆ।*

**ਮੰਗ ਨੰਬਰ** 21

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 29604144000 ਰੁਪਏ ਅਤੇ ਪੂੰਜੀਗਤ ਲੇਖੇ ਤੇ 529000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਬਿਜਲੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 29604144000 ਰੁਪਏ ਅਤੇ ਪੂੰਜੀਗਤ ਲੇਖੇ ਤੇ 529000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਬਿਜਲੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ** 21

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰਬਰ 21 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

[ਮਾਨਯੋਗ ਸਪੀਕਰ]

ਇਕ ਰਕਮ ਜੋ ਮਾਲੀਆ ਲੇਖੇ ਤੇ 4987912000 ਰੁਪਏ ਅਤੇ ਪੂੰਜੀਗਤ ਲੇਖੇ ਤੇ 11484150000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4987912000 ਰੁਪਏ ਅਤੇ ਪੂੰਜੀਗਤ ਲੇਖੇ ਤੇ 11484150000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 22**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 22 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 14170979000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 14170979000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

## ਮੰਗ ਨੰਬਰ 23 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ** : ਸਰਦਾਰ ਕੰਵਰ ਸੰਧੂ, ਐਮ.ਐਲ.ਏ. ਵੱਲੋਂ ਮੰਗ ਨੰਬਰ 23 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਕੰਵਰ ਸੰਧੂ** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸੰਧੂ ਸਾਹਿਬ ਜੀ।

**ਸ਼੍ਰੀ ਕੰਵਰ ਸੰਧੂ (ਖਰੜ)** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਸਾਹਿਬ ਦਾ ਧਿਆਨ The Village Common Land Act, 1961 ਵੱਲ ਦਿਵਾਉਣਾ ਚਾਹੁੰਦਾ ਹਾਂ, ਇਸ ਐਕਟ ਤਹਿਤ 33 ਫੀਸਦੀ ਪਿੰਡ ਦੀ ਪੰਚਾਇਤ ਲੈਂਡ ਐਸ.ਸੀ. ਭਾਈਚਾਰੇ ਵਾਸਤੇ ਰਿਜ਼ਰਵ ਹੈ। ਇਸ ਵੇਲੇ ਕੀ ਹੋ ਰਿਹਾ ਹੈ ਕਿ ਉਹ ਜ਼ਮੀਨ ਕੁਝ ਰਸੂਖ ਵਾਲੇ ਲੋਕਾਂ ਨੇ ਕਿਸੇ ਨਾ ਕਿਸੇ ਦੇ ਨਾਂ ਤੇ ਲਈ ਹੋਈ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪਿੰਡਾਂ ਦਾ ਐਸ.ਸੀ. ਭਾਈਚਾਰਾ ਹੈ, ਉਨ੍ਹਾਂ ਦੀ ਇਕ ਕੋਆਪਰੇਟਿਵ ਸੁਸਾਇਟੀ ਬਣਾ ਕੇ ਉਨ੍ਹਾਂ ਨੂੰ ਇਹ ਜ਼ਮੀਨ ਵਾਹੁਣ ਦੀ ਇਜਾਜ਼ਤ ਦਿੱਤੀ ਜਾਵੇ ਅਤੇ ਇਸ ਦਾ ਕੋਈ ਫਿਕਸ ਰੇਟ ਰੱਖ ਦਿੱਤਾ ਜਾਵੇ। ਇਸ ਨਾਲ ਸਰਕਾਰ ਦੇ ਪੈਸੇ ਵੀ ਬਚਣਗੇ ਅਤੇ ਉਸ ਭਾਈਚਾਰੇ ਨੂੰ ਵੀ ਇਸ ਦਾ ਕੋਈ ਨਾ ਕੋਈ ਫਾਇਦਾ ਹੋ ਜਾਵੇਗਾ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

## ਮੰਗ ਨੰਬਰ 23

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 27277864000 ਰੁਪਏ ਅਤੇ ਪੂੰਜੀਗਤ ਲੇਖੇ ਤੇ 2918533000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 27277864000 ਰੁਪਏ ਅਤੇ ਪੂੰਜੀਗਤ ਲੇਖੇ ਤੇ 2918533000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 24 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.ਵੱਲੋਂ ਮੰਗ ਨੰਬਰ 24 ਤੇ ਕਟੌਤੀ ਦਾ ਪ੍ਰਸਤਾਵ ਪ੍ਰਾਪਤ ਹੋਇਆ ਹੈ। ਸਬੰਧਿਤ ਮੈਂਬਰ ਸਾਹਿਬ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/-ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ (ਮਾਨਸਾ) :** ਸਰ, ਵਾਤਾਵਰਣ ਦੇ ਐਂਗਲ ਤੋਂ ਇਹ ਜਿਹੜਾ ਸੀਵੇਜ ਅਤੇ ਸੋਲਿਡ ਵੇਸਟ ਡਿਸਪੋਜ਼ਲ ਦਾ ਇਸ਼ੂ ਹੈ, ਇਹ ਬਹੁਤ ਇੰਪਾਰਟੈਂਟ ਹੈ। ਪਰ ਇਸ ਵੇਲੇ ਇਹ ਹੋ ਰਿਹਾ ਹੈ ਕਿ ਨਾ ਤਾਂ ਸੀਵੇਜ ਦੀ ਪਰਾਪਰ ਡਿਸਪੋਜ਼ਲ ਹੈ ਅਤੇ ਨਾ ਹੀ ਸੋਲਿਡ ਵੇਸਟ ਦੀ ਪਰਾਪਰ ਡਿਸਪੋਜ਼ਲ ਹੈ। ਸ਼ਹਿਰਾਂ ਵਿਚ ਖਾਲੀ ਪਲਾਟਾਂ ਦੇ ਵਿੱਚ ਗੰਦੇ ਪਾਣੀ ਦੇ ਛੱਪੜ ਬਣ ਰਹੇ ਹਨ। ਜਦੋਂ ਕਿ ਦੂਜੇ ਪਾਸੇ ਹੈਲਥ ਡਿਪਾਰਟਮੈਂਟ ਦੀਆਂ ਡੇਂਗੂ ਖਤਮ ਕਰਨ ਵਾਸਤੇ ਡਿਊਟੀਆਂ ਲਗਾਈਆਂ ਜਾਂਦੀਆਂ ਹਨ ਕਿ ਸਾਡੇ ਕਿਤੇ ਕੂਲਰਾਂ ਦੇ ਵਿਚ ਪਾਣੀ ਤਾਂ ਨਹੀਂ ਖੜ੍ਹਾ। ਫਿਰ ਉਹ ਕੌਣ ਚੈੱਕ ਕਰੇਗਾ ਜਿਹੜੀ ਕਮੇਟੀ ਦੀ ਆਪਣੀ ਗਲਤੀ ਹੈ। ਮੈਂ ਕਹਿੰਦਾ ਹਾਂ ਕਿ ਲੋਕਲ ਬਾਡੀਜ਼ ਡਿਪਾਰਟਮੈਂਟ ਉਧਰ ਧਿਆਨ ਕਿਉਂ ਨਹੀਂ ਦਿੰਦਾ? ਨੰਬਰ ਦੋ, ਅੱਜ ਤੋਂ ਤਕਰੀਬਨ 10 ਸਾਲ ਪਹਿਲਾਂ ਸਾਰੇ ਪੰਜਾਬ ਨੂੰ ਸੋਲਿਡ ਵੇਸਟ ਡਿਸਪੋਜ਼ਲ ਵਾਸਤੇ 8 ਕਲੱਸਟਰਾਂ ਦੇ ਵਿਚ ਵੰਡਿਆ ਸੀ। ਮੇਰਾ ਜ਼ਿਲ੍ਹਾ ਮਾਨਸਾ-ਬਠਿੰਡਾ ਕਲੱਸਟਰ ਨਾਲ ਜੋੜਿਆ ਗਿਆ ਸੀ। ਉਥੇ 18 ਕਮੇਟੀਆਂ ਲਈ ਬਠਿੰਡੇ ਦੇ ਵਿਚ ਸੋਲਿਡ ਵੇਸਟ ਡਿਸਪੋਜ਼ਲ ਦਾ ਪ੍ਰਬੰਧ ਲੈ ਕੇ ਆਉਣਾ ਸੀ। ਮੈਂ ਕਹਿੰਦਾ ਹਾਂ ਕਿ ਇਕੱਲਾ ਮਾਨਸਾ ਦਾ ਹੀ ਨਹੀਂ, ਤਕਰੀਬਨ ਸਾਰੇ ਪੰਜਾਬ ਦਾ ਹੀ ਕਲੱਸਟਰ ਸਿਸਟਮ ਫਲਾਪ ਹੋ ਚੁੱਕਿਆ ਹੈ। ਕੀ ਮਾਨਯੋਗ ਲੋਕਲ ਬਾਡੀਜ਼ ਮੰਤਰੀ ਇੱਧਰ ਧਿਆਨ ਦੇ ਕੇ ਜਿਹੜਾ ਜੇ.ਆਈ.ਐਫ.ਟੀ. ਨਾਲ ਸੋਲਿਡ ਵੇਸਟ ਵਾਸਤੇ ਕੰਟਰੈਕਟ ਕੀਤਾ ਗਿਆ ਸੀ, ਉਸ ਨੂੰ ਰਿਵਿਊ ਕਰਨਗੇ? ਕੀ ਉਸ ਦੀ ਕਦੇ ਸਮੀਖਿਆ ਹੋਵੇਗੀ ਤਾਂ ਕਿ ਉਨ੍ਹਾਂ ਨੂੰ ਬਣਦੀ ਸਜ਼ਾ ਵੀ ਦਿੱਤੀ ਜਾ ਸਕੇ?

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

*ਪ੍ਰਸਤਾਵ ਅਪ੍ਰਵਾਨ ਹੋਇਆ।*

**ਮੰਗ ਨੰਬਰ 24**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 173679000 ਰੁਪਏ ਅਤੇ ਪੂੰਜੀਗਤ ਲੇਖੇ ਤੇ 225325000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 173679000 ਰੁਪਏ ਅਤੇ ਪੂੰਜੀਗਤ ਲੇਖੇ ਤੇ 225325000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 25 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ:** ਪ੍ਰੋਫੈਸਰ ਬਲਜਿੰਦਰ ਕੌਰ, ਐਮ.ਐਲ.ਏ. ਅਤੇ ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਵੱਲੋਂ ਮੰਗ ਨੰਬਰ 25 ਉਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਪ੍ਰੋਫੈਸਰ ਬਲਜਿੰਦਰ ਕੌਰ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

ਕਿ ਇਹ ਮੰਗ 100/-ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/-ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ। ਪ੍ਰੋਫੈਸਰ ਬਲਜਿੰਦਰ ਕੌਰ ਜੀ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਪਿਛਲੀ ਵਾਰੀ ਵੀ ਹਾਊਸ ਵਿਚ ਇਹ ਮੁੱਦਾ ਉਠਾਇਆ ਸੀ। ਮਾਨਯੋਗ ਸੀ.ਐਮ. ਸਾਹਿਬ ਵੀ ਬੈਠੇ ਹਨ, ਮੈਂ ਕਹਿਣਾ ਚਾਹੁੰਦੀ ਹਾਂ ਕਿ ਜਿਹੜੀਆਂ ਸਾਡੀਆਂ acid victims females ਹਨ, ਉਨ੍ਹਾਂ ਦੀ ਰੀਹੈਬਲੀਟੇਸ਼ਨ ਵਾਸਤੇ ਬਜਟ ਦੇ ਵਿਚ ਸਰਕਾਰ ਨੇ ਕੋਈ ਵੀ ਪਾਲਿਸੀ ਨਹੀਂ ਦਿੱਤੀ। ਇਸ ਸਬੰਧੀ ਬਜਟ ਵਿਚ ਕਿਸੇ ਵੀ ਪਾਲਿਸੀ ਦੀ ਪ੍ਰੋਵੀਜ਼ਨ ਨਹੀਂ ਕਰਵਾਈ ਗਈ। ਸੋ, ਮੇਰਾ ਇੰਨਾ ਕੁ ਕਹਿਣਾ ਹੈ ਕਿ ਇਕ ਤਾਂ ਉਸ ਕੇਸ ਦਾ ਜਿਹੜਾ ਟਰੈਕ ਹੈ, ਉਸ ਨੂੰ within 6 months ਲਈ ਟਾਈਮ ਬਾਊਂਡ ਕਰਕੇ ਉਸ ਨੂੰ ਪੂਰਾ ਕਰਨ ਦਾ ਵਿਸ਼ਵਾਸ ਦਿਵਾਇਆ ਜਾਵੇ।

[ਪ੍ਰੋਫੈਸਰ ਬਲਜਿੰਦਰ ਕੌਰ]
ਸੈਕਿੰਡ, ਜਿਹੜੀ ਏਡ ਹੈ, ਉਸ ਨੂੰ ਵੀ ਟਾਈਮ ਬਾਊਂਡ ਕਰਕੇ within 30 days ਕੀਤਾ ਜਾਵੇ। ਇਸ ਦੇ ਨਾਲ ਹੀ ਬਜਟ ਦੇ ਵਿਚ ਕੁਝ ਨਾ ਕੁਝ ਅਜਿਹਾ ਜ਼ਰੂਰ ਲੈ ਕੇ ਆਉ ਜਿਸ ਦੇ ਨਾਲ ਸਾਡੀਆਂ ਲੜਕੀਆਂ ਦੀ 10+2 ਤੋਂ ਪੀ.ਐਚ.ਡੀ. ਤੱਕ ਐਜੂਕੇਸ਼ਨ ਫਰੀ ਕੀਤੀ ਜਾਵੇ। ਇਸ ਬਜਟ ਦੇ ਵਿਚ ਉਨ੍ਹਾਂ ਲਈ ਵੀ ਕੋਈ ਪ੍ਰੋਵੀਜ਼ਨ ਨਹੀਂ ਰੱਖੀ ਗਈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

ਕਿ ਇਹ ਮੰਗ 100/–ਰੁਪਏ ਘੱਟ ਕਰ ਦਿੱਤੀ ਜਾਵੇ।

*ਪ੍ਰਸਤਾਵ ਅਪ੍ਰਵਾਨ ਹੋਇਆ।*

**ਮੰਗ ਨੰਬਰ 25**

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 25018266000 ਰੁਪਏ ਅਤੇ ਪੂੰਜੀਗਤ ਲੇਖੇ ਤੇ 438000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬੱਚਿਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 25018266000 ਰੁਪਏ ਅਤੇ ਪੂੰਜੀਗਤ ਲੇਖੇ ਤੇ 438000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬੱਚਿਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 26**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 26 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 461884000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 461884000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 27**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 27 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 4428619000 ਰੁਪਏ ਅਤੇ ਪੂੰਜੀਗਤ ਲੇਖੇ ਤੇ 351700000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 4428619000 ਰੁਪਏ ਅਤੇ ਪੂੰਜੀਗਤ ਲੇਖੇ ਤੇ 351700000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 28**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 28 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

[ਮਾਨਯੋਗ ਸਪੀਕਰ]

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 398849000 ਰੁਪਏ ਅਤੇ ਪੂੰਜੀਗਤ ਲੇਖੇ ਤੇ 3841297000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 398849000 ਰੁਪਏ ਅਤੇ ਪੂੰਜੀਗਤ ਲੇਖੇ ਤੇ 3841297000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਸੁਜੈਸਟ ਕਰਨਾ ਚਾਹੁੰਦਾ ਹਾਂ ਕਿ ਜਿਹੜੀਆਂ ਕੱਟ ਮੋਸ਼ਨ ਵਾਲੀਆਂ ਤੋਂ ਇਲਾਵਾ ਬਾਕੀ ਡਿਮਾਂਡਾਂ ਹਨ, ਉਨ੍ਹਾਂ ਨੂੰ ਤੁਸੀਂ ਇਕੋ ਵਾਰ ਵਿਚ ਪਾਸ ਕਰਵਾ ਲਵੋ। ਕੱਟ ਮੋਸ਼ਨ ਵਾਲੀਆਂ ਡਿਮਾਂਡਾਂ ਤੇ ਭਾਵੇਂ ਬਹਿਸ ਹੋ ਜਾਵੇ।

(**ਕੁਝ ਅਵਾਜ਼ਾਂ:** ਸਪੀਕਰ ਸਾਹਿਬ, ਇਕੱਠੀਆਂ ਪਾਸ ਕਰਵਾਉ, ਕਰਵਾਉ ਜੀ।)

**ਮਾਨਯੋਗ ਸਪੀਕਰ:** ਨਹੀਂ ਜੀ, ਇਹ ਮੰਗਾਂ ਸੀਰੀਅਲ-ਵਾਈਜ਼ ਹੀ ਆਉਣਗੀਆਂ। ਇਸ ਤਰ੍ਹਾਂ ਹੀ ਹੋ ਰਿਹਾ ਹੈ। ਬੈਠੋ ਜੀ, ਪਲੀਜ਼।

**ਸੰਸਦੀ ਮਾਮਲੇ ਮੰਤਰੀ:** ਠੀਕ ਹੈ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਕੱਟ ਮੋਸ਼ਨ ਤੇ ਤਾਂ ਕੋਈ ਬੋਲਦਾ ਹੀ ਨਹੀਂ, ਇਹ ਤਾਂ ਸਪੀਚ ਦੇ ਰਹੇ ਹਨ।

**ਮਾਨਯੋਗ ਸਪੀਕਰ:** ਇਹ ਗੱਲ ਤਾਂ ਠੀਕ ਹੈ, ਪਲੀਜ਼ ਦੇਖੋ, (ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਸਪੀਚਾਂ ਨਾ ਕਰੋ। ਸੰਧੂ ਸਾਹਿਬ, please be specific.

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਅਸੀਂ ਸਪੈਸੀਫਿਕ ਗੱਲਾਂ ਹੀ ਕੀਤੀਆਂ ਹਨ।

**ਮਾਨਯੋਗ ਸਪੀਕਰ:** ਤੁਸੀਂ ਆਪਣੇ ਸਾਥੀਆਂ ਨੂੰ ਵੀ ਐਡਵਾਈਜ਼ ਕਰੋ।

## ਮੰਗ ਨੰਬਰ 29 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ :** ਸਰਦਾਰ ਕੰਵਰ ਸੰਧੂ, ਐਮ.ਐਲ.ਏ. ਵੱਲੋਂ ਮੰਗ ਨੰ: 29 ਉਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਮੈਂਬਰ ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਕੰਵਰ ਸੰਧੂ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸੰਧੂ ਸਾਹਿਬ, ਬੋਲੋ ਜੀ, please be brief.

**ਸ਼੍ਰੀ ਕੰਵਰ ਸੰਧੂ (ਖਰੜ) :** ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਕਈ ਸਾਲਾਂ ਤੋਂ ਪ੍ਰਾਈਵੇਟ ਟਰਾਂਸਪੋਰਟਰਾਂ ਨੇ ਪੰਜਾਬ ਦੇ ਲੋਕਾਂ ਨੂੰ ਲੁੱਟਿਆ ਹੈ। ਸੋ, ਜਿਹੜੇ ਪ੍ਰਾਈਵੇਟ ਟਰਾਂਸਪੋਰਟਰ ਹਨ, ਇਨ੍ਹਾਂ ਨੂੰ ਜਿਹੜੇ ਰੂਟ ਦਿੱਤੇ ਹਨ, ਉਨ੍ਹਾਂ ਵਿਚ ਕਟੌਤੀ ਕੀਤੀ ਜਾਵੇ ਅਤੇ ਇਹ ਰੂਟ ਘੱਟੋ ਘੱਟ 25 ਫੀਸਦੀ ਨੌਜਵਾਨਾਂ ਵਾਸਤੇ ਰਿਜ਼ਰਵ ਕੀਤੇ ਜਾਣ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ ।***

**ਮੰਗ ਨੰਬਰ 29**

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 3831239000 ਰੁਪਏ ਅਤੇ ਪੂੰਜੀਗਤ ਲੇਖੇ ਤੇ 13001000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 3831239000 ਰੁਪਏ ਅਤੇ ਪੂੰਜੀਗਤ ਲੇਖੇ ਤੇ 13001000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 30**

**ਮਾਨਯੋਗ ਸਪੀਕਰ:** ਕਿਉਂਜੋ ਮੰਗ ਨੰਬਰ 30 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

[ਮਾਨਯੋਗ ਸਪੀਕਰ]

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 511108000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 511108000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

## ਮੰਗ ਨੰਬਰ 31 ਉਤੇ ਕਟੌਤੀ ਪ੍ਰਸਤਾਵ

**ਮਾਨਯੋਗ ਸਪੀਕਰ :** ਸਰਦਾਰ ਬਲਦੇਵ ਸਿੰਘ, ਐਮ.ਐਲ.ਏ ਅਤੇ ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ. ਵਲੋਂ ਮੰਗ ਨੰਬਰ 31 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਬਲਦੇਵ ਸਿੰਘ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸਰਦਾਰ ਬਲਦੇਵ ਸਿੰਘ ਜੀ, ਤੁਸੀਂ ਬੋਲੋ।

**ਸਰਦਾਰ ਬਲਦੇਵ ਸਿੰਘ (ਜੈਤੋ, ਐਸ.ਸੀ.):** ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਬੇਰੁਜ਼ਗਾਰੀ ਭੱਤਾ ਦੇਣਾ ਸੀ, ਉਹ ਵੀ ਨਹੀਂ ਦਿੱਤਾ ਜਾ ਰਿਹਾ, ਨਾ ਰੁਜ਼ਗਾਰ ਦਿੱਤਾ ਜਾ ਰਿਹਾ, ਸਗੋਂ ਉਲਟਾ ਰੁਜ਼ਗਾਰ ਖੋਹਣ ਦੀ ਕੋਸ਼ਿਸ਼ ਹੋ ਰਹੀ ਹੈ। ਜਿਵੇਂ ਥਰਮਲ ਪਲਾਂਟ ਵਿਚ 950 ਪੱਕੇ ਮੁਲਾਜ਼ਮਾਂ ਦਾ ਰੁਜ਼ਗਾਰ ਖੋਹਿਆ ਜਾ ਰਿਹਾ ਹੈ।

**ਮਾਨਯੋਗ ਸਪੀਕਰ:** ਤੁਸੀਂ ਕੱਟ ਮੋਸ਼ਨ ਤੇ ਬੋਲੋ, ਇਹ ਤਾਂ ਪੁਲੀਟੀਕਲ ਸਪੀਚ ਹੈ।

**ਸਰਦਾਰ ਬਲਦੇਵ ਸਿੰਘ :** ਸਪੀਕਰ ਸਾਹਿਬ, ਇਹ ਰੁਜ਼ਗਾਰ ਨਾਲ ਹੀ ਸਬੰਧਿਤ ਹੈ।

**ਮਾਨਯੋਗ ਸਪੀਕਰ:** ਨਹੀਂ ਜੀ, ਤੁਸੀਂ ਕੱਟ ਮੋਸ਼ਨ ਤੇ ਗੱਲ ਕਰਨੀ ਹੈ ਤਾਂ ਕਰੋ, ਨਹੀਂ ਬੈਠ ਜਾਓ।

**ਸਰਦਾਰ ਬਲਦੇਵ ਸਿੰਘ :** ਸਪੀਕਰ ਸਾਹਿਬ, ਮੈਂ ਰੁਜ਼ਗਾਰ ਵਧਾਉਣ ਦੀ ਹੀ ਗੱਲ ਕਰ ਰਿਹਾ ਹਾਂ।

**ਮਾਨਯੋਗ ਸਪੀਕਰ:** ਸਰਦਾਰ ਪਿਰਮਲ ਸਿੰਘ ਜੀ, ਕੇਵਲ ਕੱਟ ਮੋਸ਼ਨ ਤੇ ਹੀ ਬੋਲਣਾ। ਫੂਲਕਾ ਸਾਹਿਬ, ਖਹਿਰਾ ਸਾਹਿਬ, ਪਲੀਜ਼ ਇਨ੍ਹਾਂ ਨੂੰ ਗਾਈਡ ਕਰੋ।

**ਸਰਦਾਰ ਪਿਰਮਲ ਸਿੰਘ ਧੌਲਾ (ਭਦੌੜ, ਐਸ.ਸੀ.) :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਆਊਟ ਸੋਰਸ ਰਾਹੀਂ ਕੰਮ ਨਾ ਕਰਵਾ ਕੇ ਸਰਕਾਰ ਦਾ ਪੈਸਾ ਬਚਾਇਆ ਜਾ ਸਕਦਾ ਹੈ ਅਤੇ ਅਸੀਂ ਰੈਗੂਲਰ ਨੌਕਰੀਆਂ ਦੇ ਕੇ ਕੰਮ ਦੀ ਵਧੀਆ ਕੁਆਲਿਟੀ ਲੈ ਸਕਦੇ ਹਾਂ, ਜਿਸ ਨਾਲ ਸਰਕਾਰ ਦਾ ਪੈਸਾ ਵੱਡੇ ਪੱਧਰ ਤੇ ਬਚੇਗਾ ਅਤੇ ਕੰਮ ਦੀ ਕੁਆਲਿਟੀ ਵਧੇਗੀ। ਸੋ, ਜਿਹੜੀ ਸਹਾਇਕ ਲਾਇਨਮੈਨਾਂ ਦੀ ਭਰਤੀ ਕੀਤੀ ਜਾ ਰਹੀ ਹੈ, ਉਹ 2800 ਤੋਂ ਵਧਾ ਕੇ 3500 ਕੀਤੀ ਜਾਵੇ ਅਤੇ ਮੀਟਰ ਰੀਡਿੰਗ ਦਾ ਕੰਮ ਆਊਟ ਸੋਰਸ ਤਂ ਕਰਵਾਇਆ ਜਾਂਦਾ ਹੈ, ਇਸ ਦਾ ਕੰਮ ਰੈਗੂਲਰ ਨੌਕਰੀਆਂ ਦੇ ਕੇ ਕਰਵਾਇਆ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮੰਗ ਨੰਬਰ** 31

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1101692000 ਰੁਪਏ ਅਤੇ ਪੂੰਜੀਗਤ ਲੇਖੇ ਤੇ 150100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੁਜ਼ਗਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1101692000 ਰੁਪਏ ਅਤੇ ਪੂੰਜੀਗਤ ਲੇਖੇ ਤੇ 150100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੁਜ਼ਗਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ***

**ਮੰਗ ਨੰਬਰ** 32

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 32 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

[ਮਾਨਯੋਗ ਸਪੀਕਰ]

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1940130000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਣ ਅਤੇ ਜੰਗਲੀ ਜੀਵਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1940130000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਣ ਅਤੇ ਜੰਗਲੀ ਜੀਵਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ ।*

**ਮੰਗ ਨੰਬਰ 33 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ :** ਸ਼੍ਰੀ ਅਮਨ ਅਰੋੜਾ, ਐਮ.ਐਲ.ਏ ਵੱਲੋਂ ਮੰਗ ਨੰਬਰ 33 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਿਤ ਐਮ.ਐਲ.ਏ ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀ ਅਮਨ ਅਰੋੜਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸ਼੍ਰੀ ਅਮਨ ਅਰੋੜਾ, ਬੋਲੋ ਜੀ, ਤੁਸੀਂ ਕੇਵਲ ਕਟੌਤੀ ਸਬੰਧੀ ਹੀ ਬੋਲਣਾ, otherwise I won't allow.

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਮੈਂ ਕਟੌਤੀ ਕਰਵਾ ਰਿਹਾ ਹਾਂ। ਸਰ, ਪਿਛਲੀ ਸਰਕਾਰ ਵੱਲੋਂ ਸੇਵਾ ਕੇਂਦਰਾਂ ਨੂੰ ਸ਼ੁਰੂ ਕੀਤਾ ਗਿਆ ਸੀ, ਜਿਸ ਦੇ ਵਿੱਚ ਪਿਛਲੇ ਤਿੰਨ ਸਾਲਾਂ ਦਾ ਰਿਕਾਰਡ ਦੇਖੀਏ ਤਾਂ ਗੌਰਮਿੰਟ ਨੂੰ 58 ਕਰੋੜ ਰੁਪਏ ਦੀ ਕੁਲੈਕਸ਼ਨ ਹੋਈ ਤੇ ਸਰਵਿਸ ਪ੍ਰੋਵਾਈਡਰਾਂ ਨੂੰ 83 ਕਰੋੜ ਰੁਪਏ ਦੀ ਕੁਲੈਕਸ਼ਨ ਹੋਈ ਹੈ। ਕਿਉਂਕਿ ਸਰਕਾਰ ਸੇਵਾ ਕੇਂਦਰਾਂ ਨੂੰ ਬੰਦ ਕਰਨ ਜਾ ਰਹੀ ਹੈ, ਇਸ ਲਈ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਸਬੰਧਿਤ ਅਫਸਰਾਂ ਨੂੰ ਵੀ ਮਿਲਿਆ ਸੀ ਕਿ ਇਸ ਦਾ ਜਿਹੜਾ online portal access ਹੈ, ਉਹ ਤੁਸੀਂ ਐਮ.ਐਲ.ਏਜ਼. ਨੂੰ ਦੇ ਦਿਓ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੋਬਾਇਲ ਸੇਵਾ ਕੇਂਦਰ ਆਪਣੇ ਹਲਕੇ ਵਿੱਚ ਚਲਾ ਕੇ ਘਰ ਘਰ ਜਾ ਕੇ ਫਾਰਮ ਭਰ ਕੇ ਇਸ ਦੇ ਅੰਡਰ 351 ਸਰਵਿਸਿਜ ਕਵਰ ਕਰਵਾਈਆਂ ਜਾ ਸਕਦੀਆਂ ਹਨ। ਇਸ ਨਾਲ ਸਰਕਾਰ ਦਾ ਵੀ ਪੈਸਾ ਬਚੇਗਾ, ਲੋਕਾਂ ਦਾ ਵੀ ਕੁਝ ਨਹੀਂ ਲੱਗਣਾ ਤੇ ਸਾਨੂੰ ਲੋਕਾਂ ਨੂੰ ਵੀ ਸੇਵਾ ਕਰਨ ਦਾ ਮੌਕਾ ਮਿਲ ਜਾਏਗਾ। ਦੂਜਾ, ਜੇ ਸਹੀ ਅਰਥਾਂ ਦੇ ਵਿੱਚ ਆਪਾਂ ਗਵਰਨੈਂਸ ਰਿਫਾਰਮਜ਼ ਚਾਹੁੰਦੇ ਹਾਂ ਤਾਂ ਮੇਰੇ ਖਿਆਲ ਵਿੱਚ ਇਹ ਜਿੰਨੀ ਵੀ ਓ.ਐਸ.ਡੀਜ਼ ਦੀ ਫੌਜ ਹੈ, ਪਲੀਜ਼ ਉਨ੍ਹਾਂ ਨੂੰ ਥੋੜ੍ਹਾ ਕੱਟ ਸ਼ਾਰਟ ਕੀਤਾ ਜਾਵੇ ਤਾਂ ਕਿ ਖਰਚਾ ਬਚ ਜਾਏ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

***ਪ੍ਰਸਤਾਵ ਅਪ੍ਰਵਾਨ ਹੋਇਆ ।***

**ਮੰਗ ਨੰਬਰ 33**

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2316584000 ਰੁਪਏ ਅਤੇ ਪੂੰਜੀਗਤ ਲੇਖੇ ਤੇ 150200000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸ਼ਾਸਨਿਕ ਸੁਧਾਰਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸ**ਪੀਕਰ: ਪ੍ਰਸ਼ਨ ਹੈ

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2316584000 ਰੁਪਏ ਅਤੇ ਪੂੰਜੀਗਤ ਲੇਖੇ ਤੇ 150200000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸ਼ਾਸਨਿਕ ਸੁਧਾਰਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 34**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 34 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1119788000 ਰੁਪਏ ਅਤੇ ਪੂੰਜੀਗਤ ਲੇਖੇ ਤੇ 7500000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਬਾਗਬਾਨੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1119788000 ਰੁਪਏ ਅਤੇ ਪੂੰਜੀਗਤ ਲੇਖੇ ਤੇ 7500000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਬਾਗਬਾਨੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

## ਮੰਗ ਨੰਬਰ 35

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 35 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 7377470000 ਰੁਪਏ ਅਤੇ ਪੂੰਜੀਗਤ ਲੇਖੇ ਤੇ 6068000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 7377470000 ਰੁਪਏ ਅਤੇ ਪੂੰਜੀਗਤ ਲੇਖੇ ਤੇ 6068000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

## ਮੰਗ ਨੰਬਰ 36

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 36 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2429169000 ਰੁਪਏ ਅਤੇ ਪੂੰਜੀਗਤ ਲੇਖੇ ਤੇ 3764000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਜੇਲ੍ਹਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2429169000 ਰੁਪਏ ਅਤੇ ਪੂੰਜੀਗਤ ਲੇਖੇ ਤੇ 3764000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਜੇਲ੍ਹਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 37**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 37 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 6820562000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਾਨੂੰਨ ਅਤੇ ਨਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 6820562000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਾਨੂੰਨ ਅਤੇ ਨਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 38**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 38 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 5309687000 ਰੁਪਏ ਅਤੇ ਪੂੰਜੀਗਤ ਲੇਖੇ ਤੇ 3588000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 5309687000 ਰੁਪਏ ਅਤੇ ਪੂੰਜੀਗਤ ਲੇਖੇ ਤੇ 3588000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿੱਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੰਗ ਨੰਬਰ 39**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 39 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 370186000 ਰੁਪਏ ਅਤੇ ਪੂੰਜੀਗਤ ਲੇਖੇ ਤੇ 400000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਿੰਟਿੰਗ ਅਤੇ ਸਟੇਸ਼ਨਰੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 370186000 ਰੁਪਏ ਅਤੇ ਪੂੰਜੀਗਤ ਲੇਖੇ ਤੇ 400000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਿੰਟਿੰਗ ਅਤੇ ਸਟੇਸ਼ਨਰੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ ।*

**ਮੰਗ ਨੰਬਰ 40**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 40 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1597534000 ਰੁਪਏ ਅਤੇ ਪੂੰਜੀਗਤ ਲੇਖੇ ਤੇ 105350000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1597534000 ਰੁਪਏ ਅਤੇ ਪੂੰਜੀਗਤ ਲੇਖੇ ਤੇ 105350000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ ।*

**ਮੰਗ ਨੰਬਰ 41**

**ਮਾਨਯੋਗ ਸਪੀਕਰ :** ਕਿਉਂਜੋ ਮੰਗ ਨੰਬਰ 41 ਦੇ ਸਬੰਧ ਵਿਚ ਕੋਈ ਕਟੌਤੀ ਪ੍ਰਸਤਾਵ ਦਾ ਨੋਟਿਸ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਮੰਗ ਪੜ੍ਹੀ ਅਤੇ ਪ੍ਰਸਤਾਵ ਕੀਤੀ ਗਈ ਸਮਝੀ ਜਾਵੇ ਅਤੇ ਬਹਿਸ ਲਈ ਲੈ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

> ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 5742405000 ਰੁਪਏ ਅਤੇ ਪੂੰਜੀਗਤ ਲੇਖੇ ਤੇ 9151100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

> ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 5742405000 ਰੁਪਏ ਅਤੇ ਪੂੰਜੀਗਤ ਲੇਖੇ ਤੇ 9151100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018-19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮੰਗ ਨੰਬਰ 42 ਉਤੇ ਕਟੌਤੀ ਪ੍ਰਸਤਾਵ**

**ਮਾਨਯੋਗ ਸਪੀਕਰ:** ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ ਅਤੇ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਵੱਲੋਂ ਮੰਗ ਨੰਬਰ 42 ਤੇ ਕਟੌਤੀ ਪ੍ਰਸਤਾਵ ਦਾ ਨੋਟਿਸ ਪ੍ਰਾਪਤ ਹੋਇਆ ਹੈ। ਸਬੰਧਤ ਐਮ.ਐਲ.ਏ. ਸਾਹਿਬ ਆਪਣਾ ਪ੍ਰਸਤਾਵ ਪੇਸ਼ ਕਰਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

> ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

> ਕਿ ਇਹ ਮੰਗ 100/- ਰੁਪਏ ਘੱਟ ਕਰ ਦਿੱਤੀ ਜਾਵੇ।

ਹਾਂ ਜੀ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਕਹਿਣਾ ਚਾਹੁੰਦੀ ਹਾਂ ਕਿ ਅੱਜ ਡਾਕਟਰ ਬੀ.ਆਰ. ਅੰਬੇਦਕਰ ਜੀ ਦਾ ਬਣਾਇਆ ਹੋਇਆ ਸੰਵਿਧਾਨ ਖਤਰੇ ਵਿੱਚ ਹੈ। ਅੱਜ 42ਵੀਂ ਰਿਪੋਰਟ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਸੀ ਜਿਹੜੀ ਐਡਵੋਕੇਟ ਜਨਰਲ ਨੇ ਰਿਜੈਕਟ ਕਰ ਦਿੱਤੀ ਹੈ। ਹੁਣ 43ਵੀਂ ਰਿਪੋਰਟ ਪੇਸ਼ ਹੋਵੇਗੀ। ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਇਹ ਰਿਜੈਕਟ ਇਸ ਕਰਕੇ ਹੋ ਰਹੀਆਂ ਹਨ ਕਿਉਂਕਿ ਸਾਡੇ ਕੋਲ ਵਕੀਲ ਹੀ ਨਹੀਂ ਹਨ। ਅਸੀਂ ਸੁਪਰੀਮ ਕੋਰਟ ਵਿੱਚ ਇਹ ਚੀਜ਼ ਭੁਗਤ ਚੁੱਕੇ ਹਾਂ ਕਿ ਸਰਕਾਰ ਵੱਲੋਂ ਇਸ ਤਰ੍ਹਾਂ ਦੀਆਂ ਕਮੇਟੀਆਂ ਉਤੇ ਖਰਚਾ ਕਰਕੇ end ਤੇ ਇਹੀ ਰਿਜ਼ਲਟ ਆਉਣਾ ਹੈ ਤਾਂ ਇੱਕ ਵਾਰ ਜਨਤਾ ਨੂੰ ਕਹਿ ਦਿੱਤਾ ਜਾਵੇ ਕਿ ਅਸੀਂ ਤੁਹਾਡੇ ਲਈ ਕੁਝ ਨਹੀਂ ਕਰ ਰਹੇ ਹਾਂ ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਇਹ ਮੰਗ 100/– ਰੁਪਏ ਘੱਟ ਕਰ ਦਿੱਤੀ ਜਾਵੇ।

*ਪ੍ਰਸਤਾਵ ਅਪ੍ਰਵਾਨ ਹੋਇਆ।*

**ਮੰਗ ਨੰਬਰ 42**

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 11956967000 ਰੁਪਏ ਅਤੇ ਪੂੰਜੀਗਤ ਲੇਖੇ ਤੇ 645500000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਐਸ.ਸੀਜ਼, ਐਸ.ਟੀਜ਼, ਓ.ਬੀ.ਸੀਜ਼ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 11956967000 ਰੁਪਏ ਅਤੇ ਪੂੰਜੀਗਤ ਲੇਖੇ ਤੇ 645500000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2018–19 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਐਸ.ਸੀਜ਼, ਐਸ.ਟੀਜ਼, ਓ.ਬੀ.ਸੀਜ਼ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

--------

## THE PUNJAB APPROPRIATION (No.2) BILL, 2018

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਪੰਜਾਬ ਐਪਰੋਪਰੀਏਸ਼ਨ ਬਿਲ, 2018 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ: 2) ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਨਮਿੱਤਣ (ਨੰ:2) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ:2) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਪੀਕਰ ਸਾਹਿਬ, ਜਿਹੜੀਆਂ ਮੈਂਬਰਜ਼ ਵੱਲੋਂ ਕੱਟ ਮੋਸ਼ਨਾਂ ਲਿਆਂਦੀਆਂ ਗਈਆਂ ਹਨ ਜਾਂ ਪਹਿਲਾਂ ਜਿਹੜੀਆਂ ਰਿਪੋਰਟਾਂ ਪੇਸ਼ ਕੀਤੀਆਂ ਗਈਆਂ ਹਨ ਜਾਂ ਜਿਹੜੀ ਪਹਿਲਾਂ ਜਨਰਲ ਡਿਸਕਸ਼ਨ ਹੋਈ ਹੈ, ਉਸ ਵਿੱਚ ਬੋਲਣ ਲਈ ਮੈਂਬਰਜ਼ ਨੂੰ ਸਮਾਂ ਨਹੀਂ ਮਿਲ ਰਿਹਾ ਸੀ, ਇਸ ਲਈ ਜਿਹੜਾ ਵੀ ਰੂਟ ਕਿਸੇ ਮੈਂਬਰ ਨੂੰ ਵੀ ਬੋਲਣ ਲਈ ਮਿਲਦਾ ਹੈ, ਜਿੱਥੇ ਲੀਗਲੀ we can get up and speak, whether it is Rule 77, whether it is Adjournment Motion ਸਾਨੂੰ paucity of time ਮਹਿਸੂਸ ਹੋਈ ਹੈ। ਅੱਜ ਖਾਸ ਤੌਰ ਤੇ ਮੇਰੀ ਤੁਹਾਨੂੰ ਬੇਨਤੀ ਹੈ ਕਿ ਇਹ ਰਿਪੋਰਟਾਂ ਬਹੁਤ ਮਹੱਤਵਪੂਰਨ ਹਨ। ਜੇ ਤੁਸੀਂ ਇਹ ਪਹਿਲੇ ਦਿਨ ਪੇਸ਼ ਕਰ ਦਿੰਦੇ ਤਾਂ ਅਸੀਂ ਪੜ੍ਹ ਕੇ ਜਿਸ ਤਰ੍ਹਾਂ ਵੀ ਤੁਸੀਂ ਕਹਿੰਦੇ ਉਨ੍ਹਾਂ ਉੱਤੇ ਬਹਿਸ ਕਰ ਲੈਂਦੇ ਲੇਕਿਨ ਅੱਜ ਤੁਸੀਂ ਅਖੀਰਲੇ ਦਿਨ ਵਿੱਚ ਰਿਪੋਰਟਾਂ ਲਿਆ ਕੇ ਡਿਸਅਲਾਉ ਕਰ ਦਿੱਤਾ ਹੈ। ਹਾਲਾਂ ਕਿ ਮੈਂ ਕੱਲ੍ਹ ਜਸਟਿਸ ਨਾਰੰਗ ਦੀ ਰਿਪੋਰਟ ਤੇ ਜ਼ੀਰੋ ਆਵਰ ਵਿੱਚ ਇਹ issue ਉਠਾਇਆ ਸੀ ਅਤੇ ਮੈਂ ਤੁਹਾਨੂੰ ਕਿਹਾ ਸੀ ਕਿ ਜਸਟਿਸ ਨਾਰੰਗ ਦੀ ਰਿਪੋਰਟ ਆ ਰਹੀ ਹੈ ਪ੍ਰੰਤੂ ਮੇਰਾ ਨੋਟਿਸ ਤਾਂ ਤੁਹਾਡੇ ਕੋਲ ਪਹੁੰਚ ਚੁੱਕਾ ਹੈ। ਹਰ ਰੋਜ਼ ਕੋਈ ਫਰਜ਼ੀ ਨੋਟਿਸ ਦੇਣ ਦੀ ਤਾਂ ਕੋਈ ਲੋੜ ਨਹੀਂ ਹੈ। ਤੁਹਾਨੂੰ ਮੇਰੀ ਨਿਮਰਤਾ ਨਾਲ ਬੇਨਤੀ ਹੈ ਕਿ ਇਸ ਵਾਸਤੇ ਕੋਈ ਸਮਾਂ ਮਿੱਥੋ। ਇੱਕ ਫਾਰਮਰਜ਼ ਦੀ ਸੁਸਾਈਡਜ਼ ਦਾ ਇਸ਼ੂ ਹੈ ਅਤੇ ਇੱਕ ਕੁਰੱਪਸ਼ਨ ਦਾ ਇਸ਼ੂ ਹੈ। ਸਪੀਕਰ ਸਾਹਿਬ, ਅਸੀਂ ਇਨ੍ਹਾਂ ਉਤੇ ਕਦੋਂ ਗੱਲ ਕਰਾਂਗੇ?

**ਮਾਨਯੋਗ ਸਪੀਕਰ** : ਤੁਸੀਂ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਰਦਾਰ ਕੰਵਰ ਸੰਧੂ ਸਾਹਿਬ ਨੇ ਤੁਹਾਨੂੰ ਲਿਖ ਕੇ ਵੀ ਭੇਜਿਆ ਹੈ ਕਿ ਜਿਹੜੀਆਂ ਰਿਪੋਰਟਾਂ ਟੇਬਲ ਹੋਈਆਂ ਹਨ, these are very important. Discussion is needed. ਭਾਵੇਂ ਇੱਕ ਦਿਨ ਵਾਸਤੇ ਸੈਸ਼ਨ ਵਧਾ ਲਵੋ, ਇਸ ਵਿੱਚ ਕਿਹੜੀ ਗੱਲ ਹੈ? ਅਸੀਂ ਕਿਉਂ ਭੱਜਦੇ ਹਾਂ? ਇਹ ਲੋਕਾਂ ਦਾ ਇਸ਼ੂ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸਪੀਕਰ ਸਾਹਿਬ, ਸਤਿਕਾਰਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਜਿਸ ਗੱਲ ਤੇ ਸਟਰੈਸ ਕਰ ਰਹੇ ਹਨ, ਮੈਂ ਸਮਝਦਾ ਹਾਂ ਕਿ ਜੇ.....

**ਮਾਨਯੋਗ ਸਪੀਕਰ** : ਨਹੀਂ ਜੀ, *sine die* ਪ੍ਰਸਤਾਵ ਪਾਸ ਹੋ ਚੁੱਕਾ ਹੈ।

**ਸੰਸਦੀ ਮਾਮਲੇ ਮੰਤਰੀ** : ਉਹ ਤਾਂ ਪਾਸ ਹੋ ਚੁੱਕਾ ਹੈ। ਮੈਂ ਹੁਣ ਡਿਸਕਸ਼ਨ ਲਈ ਨਹੀਂ ਕਹਿ ਰਿਹਾ। ਮੈਂ ਕਹਿੰਦਾ ਹਾਂ ਕਿ ਇਸ ਨੂੰ ਅਗਲੇ ਸੈਸ਼ਨ ਲਈ ਲਿਸਟ ਕਰ ਲਉ।

**ਸ਼੍ਰੀ ਕੰਵਰ ਸੰਧੂ** : ਇੱਕ ਸਪੈਸ਼ਲ ਸੈਸ਼ਨ ਸੱਦ ਲਉ।

**ਸੰਸਦੀ ਮਾਮਲੇ ਮੰਤਰੀ** : ਇਸ ਨੂੰ ਅਗਲੇ ਸੈਸ਼ਨ ਲਈ ਲਿਸਟ ਕਰ ਲਉ, ਅਸੀਂ ਐਸ਼ਿਓਰ ਕਰ ਦਿੰਦੇ ਹਾਂ ਕਿ ਅਸੀਂ ਇਨ੍ਹਾਂ ਉਤੇ ਡਿਬੇਟ ਕਰਵਾ ਦਿਆਂਗੇ।

**ਮਾਨਯੋਗ ਸਪੀਕਰ** : ਉਹ ਕਹਿੰਦੇ ਹਨ ਕਿ ਅਸੀਂ ਐਸ਼ਿਓਰ ਕਰਦੇ ਹਾਂ ਕਿ ਇਨ੍ਹਾਂ ਉਤੇ ਡਿਬੇਟ ਕਰਾਂਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, 6 ਮਹੀਨੇ ਵਿੱਚ ਉਸ ਦੀ essence will be lost. ਸਪੀਕਰ ਸਾਹਿਬ, ਕੁਰੱਪਸ਼ਨ ਜਿਹੜਾ ਬਰਨਿੰਗ ਇਸ਼ੂ ਹੈ, ਜਿਸ ਤੇ ਇੰਨੀ ਖੱਪ ਪਈ ਹੋਈ ਹੈ, ਮੇਰੀ ਬੇਨਤੀ ਹੈ ਕਿ ਸਾਨੂੰ ਕੁਝ ਤਾਂ ਅਲਾਉ ਕਰੋ।

**ਮਾਨਯੋਗ ਸਪੀਕਰ** : ਫੂਲਕਾ ਜੀ ਨੂੰ ਬੋਲਣ ਦਿਉ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇੱਕ ਮਿੰਟ ਫੂਲਕਾ ਸਾਹਿਬ। Sir, with due regard ਭਾਵੇਂ ਅੱਜ ਦਾ ਸੈਸ਼ਨ ਐਕਸਟੈਂਡ ਕਰ ਦਿਉ। ਮੇਰੀ ਬੇਨਤੀ ਹੈ ਕਿ sine die ਅੱਜ ਕਰ ਦਿਉ, ਕੋਈ ਗੱਲ ਨਹੀਂ ਹੈ। ਸਾਨੂੰ ਰਿਪੋਰਟਾਂ ਤੇ ਤਾਂ ਬੋਲ ਲੈਣ ਦਿਉ ਜੀ। ਅਸੀਂ ਰਿਪੋਰਟਾਂ ਤੇ ਬੋਲਣ ਉਤੇ ਕਿਉਂ ਇਨਕਾਰੀ ਹਾਂ?

**ਮਾਨਯੋਗ ਸਪੀਕਰ** : ਅੱਜ ਕਿਵੇਂ ਬੋਲਾਂਗੇ? ਹੁਣ ਕਿਵੇਂ ਬੋਲ ਸਕਦੇ ਹਾਂ?

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਆਪਾਂ ਸਾਰੇ ਹੀ ਹਾਊਸ ਚਲਾ ਰਹੇ ਹਾਂ। ਬ੍ਰਹਮ ਮਹਿੰਦਰਾ ਜੀ, ਤੁਸੀਂ ਛੋਟੀ ਜਿਹੀ ਬ੍ਰੇਕ ਦੇ ਕੇ ਇੱਕ ਬੀ.ਏ.ਸੀ. ਦੀ ਮੀਟਿੰਗ ਬੁਲਾ ਲਉ। ਉਸ ਵਿੱਚ ਅਪਰੂਵਲ ਦੇ ਦਿਉ। ਇਸ ਵਿੱਚ ਕੀ ਗੱਲ ਹੈ। ਜੇ ਤੁਸੀਂ ਬਹਿਸ ਨਹੀਂ ਚਾਹੁੰਦੇ ਤਾਂ ਅੱਛੀ ਤਰ੍ਹਾਂ ਕਹੋ ਕਿ ਅਸੀਂ ਬਹਿਸ ਨਹੀਂ ਚਾਹੁੰਦੇ।

**ਸੰਸਦੀ ਮਾਮਲੇ ਮੰਤਰੀ** : ਬਹਿਸ ਚਾਹੁੰਦੇ ਹਾਂ ਪਰ ਸੈਸ਼ਨ sine die ਹੋ ਚੁੱਕਾ ਹੈ, ਹੁਣ ਇਸ ਨੂੰ ਲਿਸਟ ਨਹੀਂ ਕੀਤਾ ਜਾ ਸਕਦਾ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਾਈਨੇ ਡਾਈ ਵੀ ਆਪਾਂ ਹੀ ਕੀਤਾ ਹੈ ਕਿ ਕੀ ਕਿਸੇ ਨੇ ਬਾਹਰ ਤੋਂ ਆ ਕੇ ਕਰ ਦਿੱਤਾ ਹੈ?

**Parliamentary Affairs Minister** : It cannot be withdrawn.

**Sardar Sukhpal Singh Khaira** : Why it cannot be withdrawn? The House is supreme. The Hon'ble Members are supreme.

**ਸੰਸਦੀ ਮਾਮਲੇ ਮੰਤਰੀ** : ਅਗਲੇ ਸੈਸ਼ਨ ਵਿੱਚ ਕਰਵਾ ਦਿਆਂਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ** : 6 ਮਹੀਨੇ ਬਾਅਦ its essence will be lost. ਜਿਹੜੀ ਰਿਪੋਰਟ ਅਗਸਤ, 2017 ਵਿੱਚ ਆਈ ਹੈ, ਪਹਿਲੀ ਗੱਲ ਤਾਂ ਇਹ ਹੈ ਕਿ ਇਹ 9 ਮਹੀਨਿਆਂ ਬਾਅਦ ਟੇਬਲ ਹੋਈ ਹੈ ਜਦ ਕਿ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ 2 ਹਫਤਿਆਂ ਵਿੱਚ ਐਕਸ਼ਨ ਟੇਕਨ ਰਿਪੋਰਟ ਆਵੇਗੀ। ਇਸ ਤੇ 9 ਮਹੀਨੇ ਪਹਿਲਾਂ ਹੀ ਹੋ ਗਏ ਹਨ ਅਤੇ ਅਸੀਂ 6 ਮਹੀਨੇ ਹੋਰ ਪੋਸਟਪੋਨ ਕਰ ਰਹੇ ਹਾਂ। How do you think that the corruption will be tackled in Punjab like this?

**Mr. Speaker** : Khaira Sahib, you have raised your issue. ਤੁਸੀਂ ਕਹਿ ਲਿਆ ਹੈ ਜੋ ਕਹਿਣਾ ਸੀ। ਹਾਂ ਜੀ, ਫੂਲਕਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਤੁਸੀਂ ਕਹਿ ਦਿਉ ਕਿ ਅਸੀਂ ਡਿਸਕਸ਼ਨ ਨਹੀਂ ਚਾਹੁੰਦੇ।

**ਸਰਦਾਰ ਹਰਵਿੰਦਰ ਸਿੰਘ ਫੂਲਕਾ** : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਇਸ ਬਿਲ ਤੇ ਬੋਲਣਾ ਹੈ ਪਰ ਇਸ ਤੋਂ ਪਹਿਲਾਂ ਜਿਵੇਂ ਸ਼੍ਰੀ ਬ੍ਰਹਮ ਮਹਿੰਦਰਾ ਜੀ ਨੇ ਕਿਹਾ ਹੈ ਕਿ ਸੈਸ਼ਨ sine die ਹੋ ਚੁੱਕਾ ਹੈ, ਇਸ ਕਰਕੇ ਬਦਲਿਆ ਨਹੀਂ ਜਾ ਸਕਦਾ। ਇਸ ਸੈਸ਼ਨ ਤੋਂ ਬਾਅਦ sine die ਹੋਇਆ ਹੈ। ਇਸ ਲਈ ਅੱਜ ਦੋ ਘੰਟੇ ਸੈਸ਼ਨ ਐਕਸਟੈਂਡ ਕੀਤਾ ਜਾ ਸਕਦਾ ਹੈ। ਇਹ ਕੋਈ ਰੂਲ ਦੇ ਖਿਲਾਫ ਨਹੀਂ ਹੈ। ਇਸ ਵਿੱਚ ਡਿਸਕਸ਼ਨ ਹੋ ਸਕਦੀ ਹੈ।

**ਮਾਨਯੋਗ ਸਪੀਕਰ** : ਤੁਸੀਂ ਬਿਲ ਤੇ ਬੋਲੋ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ** : ਮੈਂ ਬਿਲ ਤੇ ਹੀ ਬੋਲ ਰਿਹਾ ਹਾਂ ਜੀ। ਜੋ ਵਿੱਤ ਮੰਤਰੀ ਸਾਹਿਬ ਨੇ ਜ਼ਿਆਦਾਤਰ ਜਸਟੀਫਾਈ ਕੀਤਾ ਹੈ ਕਿ ਇਹ ਪੁਰਾਣੀ ਸਰਕਾਰ ਦੇ ਫੈਸਲੇ ਹਨ। ਮੈਂ ਵਿੱਤ ਮੰਤਰੀ ਜੀ ਨੂੰ ਸਿਰਫ ਇਹ ਗੱਲ ਯਾਦ ਕਰਵਾਉਣੀ ਚਾਹੁੰਦਾ ਹਾਂ ਕਿ ਜੋ ਪੁਰਾਣੀ ਸਰਕਾਰ ਦੇ ਗਲਤ ਫੈਸਲੇ ਸੀ, ਉਨ੍ਹਾਂ ਗਲਤ ਫੈਸਲਿਆਂ ਕਰਕੇ ਉਹ ਅੱਜ ਖੂੰਜੇ ਲੱਗੇ ਬੈਠੇ ਹਨ ਅਤੇ ਤੁਸੀਂ ਟਰੇਜ਼ਰੀ ਬੈਂਚਾਂ ਤੇ ਬੈਠੇ ਹੋ। ਤੁਸੀਂ ਇਨ੍ਹਾਂ ਗਲਤ ਫੈਸਲਿਆਂ ਨੂੰ ਅੱਗੇ ਕੈਰੀ-ਫਾਰਵਰਡ ਨਾ ਕਰੋ। ਜੋ ਤੁਸੀਂ ਪ੍ਰਾਮਿਸ ਕੀਤੇ ਸਨ, ਤੁਸੀਂ ਆਪਣੇ ਵਾਅਦਿਆਂ ਦੇ ਬੇਸਿਜ਼ ਤੇ ਟਰੇਜ਼ਰੀ ਬੈਂਚਿਜ਼ ਤੇ ਆ ਕੇ ਬੈਠੇ ਹੋ, ਤੁਸੀਂ ਉਨ੍ਹਾਂ ਨੂੰ ਪੂਰਾ ਕਰੋ, ਤੁਸੀਂ ਉਨ੍ਹਾਂ ਦੇ ਗਲਤ ਫੈਸਲਿਆਂ ਦੀ ਆੜ ਵਿੱਚ ਨਾ ਚਲੋ। ਬਹੁਤ ਬਹੁਤ ਮਿਹਰਬਾਨੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ। )

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸ਼ਡਿਊਲ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----------

## MOTION REG. CONSTITUTION OF ELECTED COMMITTEES FOR THE YEAR 2018-19

**ਮਾਨਯੋਗ ਸਪੀਕਰ** : ਅਗਲੀ ਆਈਟਮ। ਸਾਲ 2018-19 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ ਸੰਸਦੀ ਮਾਮਲੇ ਬਾਰੇ ਮੰਤਰੀ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ–

ਕਿਉਂਜੋ ਸਾਲ 2018-19 ਲਈ –

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2018 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2018-19 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ–

ਕਿਉਂਜੋ ਸਾਲ 2018–19 ਲਈ –

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2018 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ–ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2018–19 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਪਿਛਲੀ ਵਾਰ ਵੀ ਸੈਸ਼ਨ ਵਿੱਚ ਜਦੋਂ ਇਹ ਮਤਾ ਆਇਆ ਸੀ ਤਾਂ ਮੈਂ ਤੁਹਾਨੂੰ ਉਦੋਂ ਵੀ ਬੇਨਤੀ ਕੀਤੀ ਸੀ ਪਰ ਉਸ ਤੋਂ ਬਾਅਦ ਵੀ ਸਾਡੇ ਬਹੁਤ ਸਾਰੇ ਅਨੁਸੂਚਿਤ ਜਾਤੀ ਦੇ ਮੈਂਬਰਾਂ ਨੂੰ ਇਸ ਦਾ ਬੜਾ ਭਾਰੀ ਇਤਰਾਜ਼ ਰਿਹਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀ proportionate representation ਨਹੀਂ ਮਿਲਦੀ ਹੈ। ਸਪੀਕਰ ਸਾਹਿਬ, 14 ਕਮੇਟੀਆਂ ਦੇ ਚੇਅਰਮੈਨ ਲੱਗੇ ਹਨ ਜਿਨ੍ਹਾਂ ਵਿੱਚੋਂ ਇੱਕ ਚੇਅਰਮੈਨ ਅਨੁਸੂਚਿਤ ਜਾਤੀ ਦਾ ਲਗਾਉਣਾ ਜ਼ਰੂਰੀ ਹੁੰਦਾ ਹੈ ਜੋ ਕਿ ਤੁਹਾਨੂੰ ਕਾਨੂੰਨ ਮੁਤਾਬਿਕ ਲਗਾਉਣਾ ਹੀ ਪੈਂਦਾ ਹੈ। ਬਾਕੀ 13 ਕਮੇਟੀਆਂ ਦੇ ਚੇਅਰਮੈਨਾਂ ਵਿੱਚੋਂ ਕਿਸੇ ਇੱਕ ਵੀ ਅਨੁਸੂਚਿਤ ਜਾਤੀ ਦੇ ਮੈਂਬਰ ਨੂੰ ਚੇਅਰਮੈਨ ਨਹੀਂ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਅਨੁਸੂਚਿਤ ਜਾਤੀ ਦੇ ਮੈਂਬਰਾਂ ਦਾ ਇਹ ਵੀ ਇਤਰਾਜ਼ ਹੈ ਕਿ ਉਨ੍ਹਾਂ ਨੂੰ ਸਿਰਫ ਇੱਕ ਹੀ ਕਮੇਟੀ ਵਿੱਚ ਪਾਇਆ ਜਾਂਦਾ ਹੈ ਜਦ ਕਿ ਬਾਕੀ ਕਈ ਮੈਂਬਰ ਤਿੰਨ–ਤਿੰਨ ਕਮੇਟੀਆਂ ਦੇ ਮੈਂਬਰ ਹੁੰਦੇ ਹਨ।

**ਮਾਨਯੋਗ ਸਪੀਕਰ :** ਨਹੀਂ, ਇਹ ਗਲਤ ਹੈ। ਮੈਂ ਇਹ ਨਹੀਂ ਮੰਨਦਾ ਹਾਂ। This is wrong.

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਰ, ਇਹ ਗਲਤ ਹੈ ਕਿ 13 ਕਮੇਟੀਆਂ ਦੇ ਚੇਅਰਮੈਨਾਂ ਵਿੱਚੋਂ ਕਿਸੇ ਇੱਕ ਵੀ ਅਨੁਸੂਚਿਤ ਜਾਤੀ ਦੇ ਮੈਂਬਰ ਨੂੰ ਚੇਅਰਮੈਨ ਨਹੀਂ ਲਗਾਇਆ ਗਿਆ ਹੈ।

**ਮਾਨਯੋਗ ਸਪੀਕਰ:** ਇਹ ਠੀਕ ਹੈ, ਜਿਹੜੀ ਗੱਲ ਠੀਕ ਹੈ, ਉਹ ਠੀਕ ਹੈ, ਬਹੁਤ ਸਾਰੇ ਮੈਂਬਰ ਹਨ ਜਿਨ੍ਹਾਂ ਨੂੰ ਇੱਕ ਹੀ ਕਮੇਟੀ ਵਿੱਚ ਪਾਇਆ ਗਿਆ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀ ਦੇ ਚੇਅਰਮੈਨ ਕਿੰਨੇ ਲੱਗੇ ਹਨ? 13 ਕਮੇਟੀਆਂ ਦੇ ਚੇਅਰਮੈਨਾਂ ਵਿੱਚੋਂ ਇੱਕ ਵੀ ਚੇਅਰਮੈਨ ਅਨੁਸੂਚਿਤ ਜਾਤੀ ਦਾ ਨਹੀਂ ਲਗਾਇਆ ਗਿਆ ਹੈ।

**ਮਾਨਯੋਗ ਸਪੀਕਰ :** ਤੁਸੀਂ ਆਪਣੀ ਗੱਲ ਕਹਿ ਲਈ ਹੈ। ਤੁਹਾਡੀ ਦੂਸਰੀ ਗੱਲ ਮੰਨ ਲਈ, ਉਹ ਤੁਹਾਡੀ ਗੱਲ ਮੰਨ ਲਈ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ** ** **

**ਮਾਨਯੋਗ ਸਪੀਕਰ:** ** **

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ** **

**ਮਾਨਯੋਗ ਸਪੀਕਰ:** ** **

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ** **

**ਮਾਨਯੋਗ ਸਪੀਕਰ:** ਅਸੀਂ ਉਹ ਦੇ ਰਹੇ ਹਾਂ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿਉਂਜੋ ਸਾਲ 2018-19 ਲਈ -

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2018 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

---

** Expunged as ordered by the Hon'ble Speaker.

[ਮਾਨਯੋਗ ਸਪੀਕਰ]

ਇਸ ਲਈ, ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2018-19 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

*ਪ੍ਰਸਤਾਵ ਪ੍ਰਵਾਨ ਹੋਇਆ।*

---------

## LEGISLATIVE BUSINESS

### 1. The Punjab Police (Amendment) Bill, 2018 *(Replacing Ordinance)*

**ਮਾਨਯੋਗ ਸਪੀਕਰ:** ਮਾਨਯੋਗ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ।

**Chief Minister (Captain Amarinder Singh) :** Sir, I beg to introduce The Punjab Police (Amendment) Bill, 2018.

Sir, I also beg to move-

That the Punjab Police (Amendment) Bill, 2018 should be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਪੁਲਿਸ ਸੋਧਨਾ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਮਿਸ ਰੁਪਿੰਦਰ ਕੌਰ ਰੂਬੀ ਜੀ।

**ਮਿਸ ਰੁਪਿੰਦਰ ਕੌਰ ਰੂਬੀ (ਬਠਿੰਡਾ ਦਿਹਾਤੀ, ਐਸ.ਸੀ.)** : ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਪੁਲਿਸ ਸੋਧਨਾ ਬਿਲ ਟੇਬਲ ਤੇ ਪਿਆ ਹੈ, ਇਹ ਮੈਂ ਪੜ੍ਹ ਚੁੱਕੀ ਹਾਂ। ਇਸ ਵਿੱਚ ਬਹੁਤ ਸੋਧਨਾ ਕਰਨ ਦੀ ਜ਼ਰੂਰਤ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਵੀ ਬੇਨਤੀ ਕਰਦੀ ਹਾਂ ਕਿ ਉਹ ਮੇਰੇ ਵਿਚਾਰ ਜ਼ਰੂਰ ਸੁਣਨ ਅਤੇ ਜਿਹੜੇ ਪੁਲਿਸ ਵਾਲੇ ਹਨ, ਉਨ੍ਹਾਂ ਦੀਆਂ ਮੰਗਾਂ ਵੀ ਪੂਰੀਆਂ ਕਰਨ ਅਤੇ ਇਸ ਬਿਲ ਵਿੱਚ ਪਾਈਆਂ ਜਾਣ। ਸਭ ਤੋਂ ਪਹਿਲਾਂ ਅਕਾਲੀ ਦਲ ਦੀ ਸਰਕਾਰ ਵੇਲੇ ਵੀ ਜਿਹੜੇ ਨੌਜਵਾਨ ਪੁਲਿਸ ਵਾਲੇ ਸਨ, ਉਨ੍ਹਾਂ ਦੀਆਂ ਮੰਗਾਂ ਅਤੇ ਆਸਾਂ ਤੇ ਪਾਣੀ ਫੇਰ ਦਿੱਤਾ ਸੀ। ਕੈਪਟਨ ਅਮਰਿੰਦਰ ਸਿੰਘ ਜੀ ਜੋ ਸਾਡੇ ਸੀ.ਐਮ. ਸਾਹਿਬ ਹਨ, ਇਨ੍ਹਾਂ ਨੇ ਵੀ ਚੋਣ ਮੈਨੀਫੈਸਟੋ ਵਿੱਚ ਇਹ ਵਾਅਦਾ ਕੀਤਾ ਸੀ। ਤੁਹਾਡੀ ਜ਼ੀ.ਪੰਜਾਬ ਚੈਨਲ ਤੇ ਇੰਟਰਵਿਊ ਵੀ ਆਈ ਸੀ, ਮੈਂ ਉਹ ਵੀ ਸੁਣੀ

ਸੀ। ਤੁਸੀਂ ਨੌਜਵਾਨਾਂ ਨੂੰ ਵਾਅਦਾ ਕੀਤਾ ਸੀ ਕਿ 1992 ਤੋਂ ਜਿਹੜੇ ਜ਼ਿਲ੍ਹੇ ਦੀ ਭਰਤੀ ਬੰਦ ਹੋ ਗਈ ਸੀ ਅਤੇ ਉਨ੍ਹਾਂ ਦੀ ਪੀ.ਏ.ਪੀ. ਅਤੇ ਆਈ.ਆਰ.ਬੀ. ਵਿੱਚ ਭਰਤੀ ਸ਼ੁਰੂ ਕਰ ਦਿੱਤੀ ਸੀ। ਕਮਾਂਡੋ ਤਿੰਨ ਸਾਲ ਦਾ ਅਰਸਾ ਪੂਰਾ ਕਰਕੇ ਆਪਣੇ ਜ਼ਿਲ੍ਹਿਆਂ ਦੇ ਵਿੱਚ ਚਲੇ ਜਾਂਦੇ ਸੀ। ਮੈਂ ਇੱਥੇ ਇਸ ਬਿਲ ਦੇ ਵਿੱਚ ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਸੋਧ ਲਿਆਂਦੀ ਜਾਵੇ ਕਿ ਜਿਹੜੇ ਪੀ.ਏ.ਪੀ. ਅਤੇ ਆਈ.ਆਰ.ਬੀ. ਦੇ ਨੌਜਵਾਨ ਹਨ, ਉਨ੍ਹਾਂ ਨੂੰ ਵੀ 3 ਸਾਲਾਂ ਬਾਅਦ ਆਪਣੇ ਡਿਸਟ੍ਰਿਕਟ ਦੇ ਵਿੱਚ ਭੇਜਿਆ ਜਾਵੇ ਤਾਂ ਜੋ ਉਹ ਆਪਣੇ ਪਰਿਵਾਰਾਂ ਕੋਲ ਰਹਿ ਸਕਣ।

**Mr. Speaker :** Thank you. ਇਹ ਗੱਲ ਪ੍ਰੋਫੈਸਰ ਬਲਜਿੰਦਰ ਕੌਰ ਜੀ ਨੇ ਕਹਿ ਦਿੱਤੀ ਸੀ।

**ਮਿਸ ਰੁਪਿੰਦਰ ਕੌਰ ਰੂਬੀ :** ਸਰ, ਦੋ ਬਹੁਤ ਇੰਪਾਰਟੈਂਟ ਪੁਆਇੰਟ ਹੋਰ ਕਹਿਣੇ ਹਨ।

**ਮਾਨਯੋਗ ਸਪੀਕਰ :** ਪ੍ਰੋਫੈਸਰ ਬਲਜਿੰਦਰ ਕੌਰ ਜੀ ਨੇ ਇਹੋ ਗੱਲ ਕਹੀ ਹੈ।

**ਮਿਸ ਰੁਪਿੰਦਰ ਕੌਰ ਰੂਬੀ :** ਸਰ, ਮੈਂ ਹੋਰ ਗੱਲ ਵੀ ਕਰਨੀ ਹੈ। ਕੁਝ ਐੱਸ.ਪੀ.ਓਜ਼. ਦੀ ਬਣਦੀ ਸਰਵਿਸ ਵੀ ਐਡ ਹੋ ਚੁੱਕੀ ਹੈ ਅਤੇ ਕੁਝ ਦੀ ਨਹੀਂ ਹੋਈ, ਜਿਨ੍ਹਾਂ ਦੀ ਸਰਵਿਸ ਐਡ ਹੋਈ ਹੈ, ਉਹ ਵੀ through ਕੋਰਟ ਹੀ ਹੋਈ ਹੈ। ਮੈਂ ਕਹਿਣਾ ਚਾਹੁੰਦੀ ਹਾਂ ਕਿ ਇਹ ਸਰਕਾਰ ਦਾ ਫਰਜ਼ ਬਣਦਾ ਹੈ ਕਿ ਬਾਕੀ ਜਵਾਨਾਂ ਦੀ ਸਰਵਿਸ ਵੀ ਐਡ ਕਰ ਦਿੱਤੀ ਜਾਵੇ ਤਾਂ ਕਿ ਉਹ ਕੋਰਟ ਕਚਹਿਰੀਆਂ ਦੇ ਚੱਕਰ ਨਾ ਕੱਟਦੇ ਰਹਿਣ। ਦੂਜੀ ਗੱਲ ਇਹ ਹੈ ਕਿ ਇੰਨੀ ਮਹਿੰਗਾਈ ਹੈ। ਮਹਿੰਗਾਈ ਦੀ ਬਹੁਤ ਮਾਰ ਪੈ ਰਹੀ ਹੈ। ਪੁਲਿਸ ਮੁਲਾਜ਼ਮਾਂ ਨੂੰ 200 ਰੁਪਏ ਪ੍ਰਤੀ ਮਹੀਨਾ ਰਾਸ਼ਨ ਮਨੀ ਮਿਲਦੀ ਹੈ। ਪਰ ਅਸੀਂ ਇਸ ਮਹਿੰਗਾਈ ਦੇ ਦੌਰ ਦੇ ਵਿੱਚ 200 ਰੁਪਏ ਨਾਲ ਗੁਜ਼ਾਰਾ ਨਹੀਂ ਕਰ ਸਕਦੇ। ਉਨ੍ਹਾਂ ਦਾ ਪ੍ਰੋਫੈਸ਼ਨਲ ਟੈਕਸ ਵੀ ਮੁਆਫ ਕੀਤਾ ਜਾਵੇ ਤੇ ਉਨ੍ਹਾਂ ਦੀ ਰਾਸ਼ਨ ਮਨੀ ਵੀ ਵਧਾਈ ਜਾਵੇ। Thank you.

**ਮਾਨਯੋਗ ਸਪੀਕਰ :** ਹਾਂ ਜੀ, ਫੂਲਕਾ ਸਾਹਿਬ।

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ) :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਪਹਿਲੀ ਗੱਲ ਤਾਂ ਬੜੀ ਪੁਰਾਣੀ ਡਿਮਾਂਡ ਹੈ ਜਿਹੜੀ ਪਹਿਲਾਂ ਵੀ ਕਈ ਵਾਰ ਹਾਊਸ ਵਿੱਚ ਕਹੀ ਜਾ ਚੁੱਕੀ ਹੈ। ਹੁਣ ਜਦੋਂ ਅਮੈਂਡਮੈਂਟ ਬਿਲ ਤੇ ਡਿਬੇਟ ਆ ਰਹੀ ਹੈ ਤਾਂ ਮੇਰਾ ਖਿਆਲ ਹੈ ਕਿ ਉਹ ਰਿਪੀਟ ਵੀ ਕੀਤੀ ਜਾ ਸਕਦੀ ਹੈ। ਜਿਹੜੇ ਪੁਲਿਸ ਦੇ ਡਿਊਟੀ hours ਹਨ, ਉਹ ਫਿਕਸ ਹੋਣੇ ਚਾਹੀਦੇ ਹਨ, ਉਹ ਵੀ human being ਹਨ। ਜੇ ਹੁਣ ਡਿਊਟੀ hours ਫਿਕਸ ਨਹੀਂ ਹਨ ਤਾਂ ਇਹ ਬਹੁਤ ਹੀ ਗਲਤ ਗੱਲ ਹੈ। ਦੂਜੀ ਗੱਲ ਮੁੱਖ ਮੰਤਰੀ ਸਾਹਿਬ ਨੇ ਬਿਆਨ ਦਿੱਤਾ ਸੀ ਕਿ ਪੁਲਿਸ ਦੀ ਪੁਲੀਟੀਸਾਈਜ਼ੇਸ਼ਨ ਨਹੀਂ ਹੋਵੇਗੀ । ਜਿਵੇਂ ਪਿਛਲੀ ਸਰਕਾਰ ਵੇਲੇ ਐੱਮ.ਐੱਲ.ਏ. ਦੇ ਅੰਡਰ ਹੀ ਸਾਰੇ ਐੱਸ.ਐੱਸ.ਪੀ., ਡੀ.ਐੱਸ.ਪੀ., ਥਾਣੇਦਾਰ ਕਰ ਦਿੱਤੇ ਸਨ। ਇਨ੍ਹਾਂ ਨੇ ਕਿਹਾ ਹੈ ਕਿ ਡੀਪੁਲੀਟੀਸਾਈਜ਼ੇਸ਼ਨ ਹੋਵੇਗੀ, ਇਹ ਇਨ੍ਹਾਂ ਦੀ ਬਹੁਤ ਹੀ ਅੱਛੀ ਸਟੇਟਮੈਂਟ ਸੀ ਪਰ ਉਸ ਤੋਂ ਮਗਰੋਂ ਵੀ ਉਹੀ ਚੀਜ਼ ਅਜੇ ਵੀ ਚਲਦੀ ਆ ਰਹੀ ਹੈ। ਸਾਡੇ ਵਿੱਚ ਕਈ ਬੰਦੇ ਬੈਠੇ ਹਨ। ਤੁਸੀਂ ਐੱਮ.ਐੱਲ.ਏ. ਦੀ ਗੱਲ ਤਾਂ ਛੱਡੋ, ਐੱਮ.ਐੱਲ.ਏ. ਤੋਂ ਜ਼ਿਆਦਾ ਉੱਥੇ ਜਿਹੜੇ ਹਲਕਾ ਇੰਚਾਰਜ ਲੋਕ ਹਨ, ਉਨ੍ਹਾਂ ਦੀਆਂ ਉੱਥੇ ਮਰਜ਼ੀਆਂ ਚੱਲ ਰਹੀਆਂ ਹਨ। ਸੋ, ਪ੍ਰਸ਼ਾਸ਼ਨ ਡੀਪੁਲੀਟੀਸਾਈਜ਼ੇਸ਼ਨ ਪੂਰੀ ਤਰ੍ਹਾਂ ਮੁਕੰਮਲ ਹੋਣਾ ਚਾਹੀਦਾ ਹੈ। ਪਿਛਲੀ ਅਕਾਲੀ ਸਰਕਾਰ ਨੇ ਇਸ ਨੂੰ ਪੁਲੀਟੀਸਾਈਜ਼ ਕਰਨ ਵਾਸਤੇ ਹਲਕਾ-ਵਾਈਜ਼ ਜੋ ਸਾਰੇ ਥਾਣੇ ਵੰਡ ਦਿੱਤੇ ਸੀ, ਉਹ ਬਹੁਤ ਦੂਰ ਦੂਰ ਹਨ। ਉਹ 4 ਕਿਲੋਮੀਟਰ ਤੇ ਨਹੀਂ ਬਲਕਿ 20-20 ਕਿਲੋਮੀਟਰ ਤੇ ਹਨ। ਉਹ ਏਰੀਆ ਪ੍ਰਾਪਰਲੀ ਵੰਡਿਆ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆ ਗਿਆ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ) :** ਸਪੀਕਰ ਸਾਹਿਬ, ਜੋ ਫੂਲਕਾ ਸਾਹਿਬ ਨੇ ਗੱਲ ਉਠਾਈ ਹੈ ਕਿਉਂਕਿ ਮੇਰਾ ਖਿਆਲ ਹੈ essence of the Bill as far as I can understand is ਕਿ ਜਿਹੜੀ ਪਿਛਲੀ ਅਕਾਲੀ ਸਰਕਾਰ ਨੇ ਥਾਣਿਆਂ ਅਤੇ ਸਬ ਡਵੀਜ਼ਨਾਂ ਨੂੰ ਐਮ.ਐਲ.ਏ. ਦੀ ਕੰਸਟੀਚਿਊਐਂਸੀ ਦੇ ਹਿਸਾਬ ਨਾਲ ਰੀਆਰਗੇਨਾਈਜ਼ ਕਰ ਦਿੱਤਾ ਸੀ, ਮੈਨੂੰ ਖਿਆਲ ਹੈ ਕਿ ਤੁਸੀਂ ਇਸ ਬਿਲ ਦੇ ਰਾਹੀਂ you want to go back to the old policy ਕਿ ਜਿੱਥੇ ਜਿੱਥੇ ਸਬ ਡਵੀਜ਼ਨ ਅਤੇ ਪੁਲਿਸ ਸਟੇਸ਼ਨ ਲੋਕਾਂ ਦੀ ਸਹੂਲਤਾਂ ਨਾਲ ਸੂਟ ਕਰਦੇ ਹਨ, ਉੱਥੇ ਰਿਸਟੋਰ ਕੀਤੇ ਜਾਣਗੇ। ਮੇਰਾ ਖਿਆਲ ਹੈ ਕਿ ਉਸ ਦਾ ਮਤਲਬ ਇਹ ਸੀ ਕਿ ਪੁਲਿਸ ਫੋਰਸ ਨੂੰ ਡੀਪੁਲੀਟੀਸਾਈਜ਼ ਕੀਤਾ ਜਾਵੇ। 10 ਸਾਲ ਅਕਾਲੀ ਦਲ ਨੇ ਬੇਤਹਾਸ਼ਾ ਧੱਕਾ ਕੀਤਾ। ਤੁਹਾਨੂੰ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਬਣਾਉਣਾ ਪਿਆ। ਸਪੀਕਰ ਸਾਹਿਬ, ਚਾਰ ਹਜ਼ਾਰ ਕੇਸ ਪੁਲਿਸ ਦੇ ਧੱਕੇ ਕਰਨ ਵਾਲੇ ਕੇਸ ਸਾਹਮਣੇ ਆਏ ਔਰ ਚੀਫ ਮਨਿਸਟਰ ਸਾਹਿਬ ਨੇ ਉਸ ਤੇ corrective measures ਲਏ ਹਨ। ਜਿਸ ਤਰ੍ਹਾਂ ਫੂਲਕਾ ਸਾਹਿਬ ਨੇ ਕਿਹਾ ਹੈ ਕਿ ਚੀਫ ਮਨਿਸਟਰ ਸਾਹਿਬ ਤੁਹਾਡੇ ਕੋਲ ਸਾਰੀਆਂ ਰਿਪੋਰਟਾਂ ਨਹੀਂ ਪਹੁੰਚਦੀਆਂ।ਤੁਹਾਡੇ ਥੱਲੇ ਫਿਰ ਪੁਲਿਸ ਦਾ ਦੁਰਉਪਯੋਗ ਹੋ ਰਿਹਾ ਹੈ।People expect much more from you. ਉਹ (ਸ. ਪ੍ਰਕਾਸ਼ ਸਿੰਘ ਬਾਦਲ) ਤਾਂ ਪੰਜ ਵਾਰੀ ਚੀਫ ਮਨਿਸਟਰ ਰਹਿ ਕੇ ਗਏ ਲੇਕਿਨ ਇੱਕ ਵੀ ਸ਼ਬਦ ਬਾਦਲ ਸਾਹਿਬ ਦਾ ਆਪਣੇ ਇਤਿਹਾਸ ਵਿੱਚ ਨਹੀਂ ਲਿਖਿਆ ਜਾਵੇਗਾ। ਜੇ ਲਿਖਿਆ ਜਾਵੇਗਾ ਤਾਂ ਬੱਸਾਂ, ਪ੍ਰਾਪਰਟੀ ਅਤੇ ਹੋਟਲਾਂ ਬਾਰੇ ਉਨ੍ਹਾਂ ਦਾ ਨਾਂ ਦਰਜ ਹੋਵੇਗਾ।ਤੁਸੀਂ ਤਾਂ ਪਿਛਲੀ ਵਾਰੀ ਵੀ ਦੋ ਤਿੰਨ ਬੜੇ ਵੱਡੇ ਫੈਸਲੇ ਲਏ ਸੀ। ਪਾਣੀਆਂ ਦਾ ਮਸਲਾ ਲਿਆ ਸੀ। ਜਿਹੜੇ ਤੁਸੀਂ ਅੱਛੇ ਵਾਅਦੇ ਕੀਤੇ ਹਨ ਤਾਂ ਉਸ ਤੋਂ ਲੋਕਾਂ ਨੂੰ ਤੁਹਾਡੇ ਤੋਂ ਬਹੁਤ ਉਮੀਦਾਂ ਹਨ।ਅਗਰ ਤੁਸੀਂ ਵੀ ਬਾਦਲ ਵਾਂਗ ਇਸ ਪੁਲਿਸ ਦਾ ਮਿਸਯੂਜ਼ ਕਰਕੇ ਪਰਚੇ ਦਰਜ ਕਰਦੇ ਰਹੇ, ਕਰਾਸ ਕੇਸ ਬਣਾਉਂਦੇ ਰਹੇ ਤਾਂ nothing is going to happen. I request (interruptions)

**ਮਾਨਯੋਗ ਸਪੀਕਰ :** ਪਲੀਜ਼, ਬੈਠੋ ਜੀ।(ਵਿਘਨ) ਸੀ.ਐਮ. ਸਾਹਿਬ, ਖੜ੍ਹੇ ਹਨ । ਹਾਂ ਜੀ, ਸੀ.ਐਮ.ਸਾਹਿਬ ਜੀ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੈ ਕਿ there are two issues involved ਇਹ ਹੁਣ ਜਿਹੜੇ ਮੈਂਬਰ ਸਾਹਿਬਾਨ ਬੋਲ ਰਹੇ ਹਨ, ਇੱਕ ਤਾਂ organisational ਹੈ ਅਤੇ ਇੱਕ administrative ਹੈ।ਇਹ ਐਡਮਨਿਸਟਰੇਟਿਵ ਇਸ਼ੂ ਨੂੰ ਚੁੱਕੀ ਜਾਂਦੇ ਹਨ whereas this Bill is about organisational.

**Mr. Speaker :** This Bill is organisational**.**

**Chief Minister :** That is what they must understand.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 8**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ ਲੈ ਕੇ 8 ਵਿੱਚ ਕੋਈ ਸੋਧਨਾ ਨਹੀਂ ਹੈ; ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ**: ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 8 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮਾਨਯੋਗ ਮੁੱਖ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**Chief Minister (Captain Amarinder Singh):** Sir, I beg to move -

That The Punjab Police (Amendment) Bill, 2018 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----------

## 2. THE PUNJAB TRANSPARENCY AND ACCOUNTABILITY IN DELIVERY OF PUBLIC SERVICE BILL, 2018

**ਮਾਨਯੋਗ ਸਪੀਕਰ:** ਮਾਨਯੋਗ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ।

**Chief Minister (Captain Amarinder Singh):** Sir, I beg to introduce The Punjab Transparency and Accountability in Delivery of Public Service Bill, 2018.

Sir, I also beg to move -

That the Punjab Transparency and Accountability in Delivery of Public Sevice Bill, 2018 should be taken into consideration at once.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਪੰਜਾਬ ਪਬਲਿਕ ਸੇਵਾ ਦੀ ਡਿਲੀਵਰੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ ਰੰਧਾਵਾ ਜੀ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ (ਡੇਰਾ ਬਾਬਾ ਨਾਨਕ) :** ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਾਰਦਰਸ਼ਤਾ ਦਾ ਮਤਲਬ ਇਹ ਹੈ ਕਿ ਹਰ ਚੀਜ਼ ਲੋਕਾਂ ਨੂੰ ਦਿਸੇ।ਪੰਜਾਬ ਵਿੱਚ ਇੱਕ ਜੀ.ਪੰਜਾਬੀ ਚੈਨਲ ਚਲ ਰਿਹਾ ਹੈ।ਫਾਸਟਵੇਅ ਨੇ ਅੱਜ ਉਸ ਨੂੰ ਪੰਜਾਬ ਵਿਚੋਂ ਬਲੈਕ-ਆਊਟ ਕਰ ਦਿੱਤਾ, ਉਸ ਨੂੰ ਬੰਦ ਕਰ ਦਿੱਤਾ । ਜਿਹੜੀ ਪੇਡ ਨਿਊਜ਼ ਸੀ, ਜਿਹੜਾ ਪੇਡ ਚੈਨਲ ਸੀ, ਅੱਜ ਉਹ ਫਾਸਟਵੇਅ ਨੇ ਬੰਦ ਕਰ ਦਿੱਤਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪ੍ਰੈਸ ਦੀ ਅਜ਼ਾਦੀ ਦੇ ਉੱਤੇ ਬਹੁਤ ਵੱਡਾ ਹਮਲਾ ਹੈ । ਉਸ ਚੈਨਲ ਦੇ ਉੱਤੇ ਜਿਸ ਨੇ ਉਸ ਨੂੰ ਇਲਲੀਗਲੀ ਬੰਦ ਕੀਤਾ ਹੈ, ਉਸ ਤੇ ਅੱਜ ਹੀ ਐਕਸ਼ਨ ਹੋਣਾ ਚਾਹੀਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਿਹੜਾ ਜੀ.ਪੰਜਾਬੀ ਪੰਜਾਬ ਦੀ ਆਵਾਜ਼ ਬਣੀ ਸੀ, ਉਸ ਨੂੰ ਦੁਬਾਰਾ ਚਾਲੂ ਕਰਵਾਉਣਾ ਚਾਹੀਦਾ ਹੈ।(ਥੰਪਿੰਗ) (ਵਿਘਨ) ਸਪੀਕਰ ਸਾਹਿਬ, ਮੇਰੀ ਗੱਲ ਪੂਰੀ ਹੋ ਲੈਣ ਦਿਓ। ਸਪੀਕਰ ਸਾਹਿਬ, ਬੰਦ ਇਸ ਕਰਕੇ ਕੀਤਾ ਕਿ ਕੱਲ੍ਹ ਹਾਊਸ ਵਿੱਚ ਮਾਨਯੋਗ ਮੰਤਰੀ ਜੀ ਨੇ ਪੁੱਛਿਆ ਕਿ ਕੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਕਕਾਰ ਪੂਰੇ ਹਨ ਅਤੇ ਉਹ ਚੀਜ਼ ਬਾਹਰ ਜਾ ਕੇ ਮੰਤਰੀ ਜੀ ਨੇ ਪੁੱਛ ਲਿਆ ਕਿ ਜਿਸ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਕਕਾਰ ਪੂਰੇ ਨਹੀਂ, ਜਿਸ ਨੇ ਅੰਮ੍ਰਿਤ ਨਹੀਂ ਛਕਿਆ, ਉਹ ਐਸ.ਜੀ.ਪੀ.ਸੀ. ਦੇ ਪ੍ਰਧਾਨ

ਦੀ ਚਿੱਠੀ ਕੱਢਣ ਦਾ ਹੱਕਦਾਰ ਨਹੀਂ।ਉਹ ਪੰਥ ਦਾ ਗੱਦਾਰ ਹੈ।ਉਹ ਜਿਹੜਾ ਚੈਨਲ ਹੈ ਉਹ ਬੰਦ ਕਰ ਦਿੱਤਾ ਗਿਆ। ਪ੍ਰੈਸ ਦੀ ਅਜ਼ਾਦੀ ਉੱਤੇ ਅਕਾਲੀ ਦਲ ਦੇ ਹੱਥ ਠੋਕਿਆਂ ਨੇ ਜਿਹੜਾ ਹਮਲਾ ਕੀਤਾ ਉਸ ਦੀ ਸਖਤ ਨਿੰਦਾ ਹੋਣੀ ਚਾਹੀਦੀ ਹੈ। (ਵਿਘਨ) (ਸ਼ੋਰ)।

**ਸ਼੍ਰੀ ਕੰਵਰ ਸੰਧੂ (ਖਰੜ) :** ਸਪੀਕਰ ਸਾਹਿਬ, ਆਪਣੇ ਮੁਲਕ ਨੇ ਆਪਾਂ ਸਾਰਿਆਂ ਨੂੰ ਇੱਕ ਫੰਡਾਮੈਂਟਲ ਰਾਈਟ Freedom of Expression ਦਿੱਤਾ ਹੈ। ਅਸੀਂ ਪ੍ਰੈਸ ਦੀ ਅਜ਼ਾਦੀ ਨੂੰ ਲੋਕਤੰਤਰ ਦਾ fourth pillar ਕਹਿੰਦੇ ਹਾਂ। ਪੰਜਾਬ ਸਰਕਾਰ ਨੇ ਦੁਬਾਰਾ ਦੁਬਾਰਾ ਸਾਨੂੰ ਆਸ਼ਵਾਸਨ ਦਿਵਾਇਆ ਹੈ ਕਿ ਪ੍ਰੈਸ ਦੀ ਅਜ਼ਾਦੀ ਬਰਕਰਾਰ ਰਹੇਗੀ। ਸਾਡੇ ਲੋਕਲ ਗੌਰਮਿੰਟ ਮਨਿਸਟਰ ਨੇ ਕੁਝ ਕਦਮ ਚੁੱਕੇ ਵੀ ਹਨ। ਇਹ ਜਿਹੜਾ Cable Clout ਦੀ ਗੱਲ ਕਰ ਰਹੇ ਹਨ ਇਹ ਪਿਛਲੇ 10 ਸਾਲਾਂ ਤੋਂ ਮਾਫੀਆ ਚੱਲ ਰਿਹਾ ਹੈ। ਸਾਨੂੰ ਆਸ ਸੀ ਕਿ ਇਸ ਸਰਕਾਰ ਦੇ ਆਉਣ ਤੋਂ ਬਾਅਦ ਇਸ ਤੇ ਕੰਟਰੋਲ ਲੱਗੇਗਾ ਲੇਕਿਨ ਕੋਈ ਕੰਟਰੋਲ ਨਹੀਂ ਹੋਇਆ। ਇਹ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ। ਜਿਸ ਦਾ ਜੀਅ ਕਰਦਾ ਹੈ, ਉਸ ਦਾ ਇਹ ਗਲ ਘੁੱਟ ਦਿੰਦੇ ਹਨ। ਮੈਂ ਤਾਂ ਆਪ ਇਸ ਦਾ ਖਮਿਆਜ਼ਾ ਭੁਗਤਿਆ ਹੈ, ਹਾਲੇ ਵੀ ਉਸੇ ਤਰ੍ਹਾਂ ਹੀ ਹੋ ਰਿਹਾ ਹੈ। ਇਸ ਤੇ ਕੋਈ ਵੀ ਕਦਮ ਨਹੀਂ ਚੁੱਕਿਆ ਗਿਆ। ਮੈਂ ਪਹਿਲਾਂ ਚਾਹਾਂਗਾ ਕਿ ਲੋਕਲ ਗੌਰਮਿੰਟ ਮਨਿਸਟਰ ਦੱਸਣ ਕਿ ਇਨ੍ਹਾਂ ਨੇ ਬਹੁਤ ਵਾਅਦੇ ਕੀਤੇ ਸਨ, ਘੱਟੋ ਘੱਟ 5 ਵਾਰ ਪ੍ਰੈਸ ਕਾਨਫਰੰਸ ਕੀਤੀ, ਫਾਈਨਲੀ ਉਸ ਦਾ ਕੀ ਰਿਜ਼ਲਟ ਨਿਕਲਿਆ?

**ਮਾਨਯੋਗ ਸਪੀਕਰ :** ਤੁਸੀਂ ਬੈਠੋ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਮੈਂ ਚਾਹਾਂਗਾ ਕਿ ਮੁੱਖ ਮੰਤਰੀ ਸਾਹਿਬ ਵੀ ਦੱਸਣ ਕਿ ਪ੍ਰੈਸ ਦੀ ਅਜ਼ਾਦੀ ਕਿਵੇਂ ਐਨਸ਼ਿਓਰ ਕੀਤੀ ਜਾ ਸਕਦੀ ਹੈ? (ਵਿਘਨ) (ਸ਼ੋਰ)

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਮੈਨੂੰ ਹੁਣੇ ਪਤਾ ਲੱਗਿਆ ਹੈ ਕਿ ਜੀ ਟੈਲੀਵਿਜ਼ਨ ਨੂੰ ਅੱਜ ਸਵੇਰੇ ਬੰਦ ਕਰ ਦਿੱਤਾ ਗਿਆ ਹੈ। I have made it clear so many times regarding Freedom of Press that there will be no censorship of any type. ਮੇਰਾ ਖਿਆਲ ਹੈ ਕਿ ਮੈਂ ਇਸ ਬਾਰੇ ਸੈਂਕੜੇ ਵਾਰ ਪਬਲਿਕ ਮੀਟਿੰਗਜ਼ ਵਿਚ ਵੀ ਕਿਹਾ ਹੈ। ਇਹ ਜਿਹੜੀ ਅੱਜ ਗੱਲ ਹੋਈ ਹੈ, ਇਸ ਬਾਰੇ ਮੈਂ ਕਹਿੰਦਾ ਹਾਂ ਕਿ we will do an inquiry into it ਅਤੇ ਜਿਹੜਾ ਜ਼ਿੰਮੇਵਾਰ ਹੈ ਉਸ ਤੇ ਐਕਸ਼ਨ ਲਿਆ ਜਾਵੇਗਾ। (ਥੰਪਿੰਗ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

> ਕਿ ਪੰਜਾਬ ਪਬਲਿਕ ਸੇਵਾ ਦੀ ਡਿਲੀਵਰੀ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ। (ਵਿਘਨ)(ਸ਼ੋਰ)

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਤੁਸੀਂ ਗੱਲ ਕਹਿ ਦਿੱਤੀ, ਹੁਣ ਇਹ ਡਿਬੇਟ ਤਾਂ ਨਹੀਂ ਹੈ। ਹੁਣ ਡਿਬੇਟ ਨਹੀਂ ਹੋਣੀ (ਵਿਘਨ) (ਸ਼ੋਰ) ਡਿਬੇਟ ਨਹੀਂ ਹੋਣੀ। ਤੁਸੀਂ ਗੱਲ ਕਹਿ ਦਿੱਤੀ ਹੈ ਅਤੇ ਸੀ.ਐਮ. ਸਾਹਿਬ ਦਾ ਜਵਾਬ ਆ ਗਿਆ ਹੈ। (ਵਿਘਨ) (ਸ਼ੋਰ) Leader of the House has assured the House.

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ਾਂ 2 ਤੋਂ 22**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 22 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 22 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ ਜਿਸ ਕਰਕੇ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ** ਨਾਅਰੇ ਲਗਾ ਰਹੇ ਸਨ।)

**ਮਾਨਯੋਗ ਸਪੀਕਰ:** ਜ਼ਬਰਦਸਤੀ ਨਹੀਂ ਹੋਣੀ। (ਵਿਘਨ) (ਸ਼ੋਰ) ਤੁਸੀਂ ਆਪਣੀਆਂ ਸੀਟਾਂ ਤੇ ਜਾ ਕੇ ਗੱਲ ਕਰੋ।

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

---

** Not recorded as ordered by the Chair.

**ਮਾਨਯੋਗ ਸਪੀਕਰ :** ਹੁਣ ਮਾਨਯੋਗ ਮੁੱਖ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Chief Minister (Captain Amarinder Singh) :** Sir, I beg to move-

That The Punjab Transparency and Accountability in Delivery of Public Service Bill , 2018 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਪਬਲਿਕ ਸੇਵਾ ਦੀ ਡਿਲੀਵਰੀ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਪਬਲਿਕ ਸੇਵਾ ਦੀ ਡਿਲੀਵਰੀ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਿਲ, 2018 ਪਾਸ ਕੀਤਾ ਜਾਵੇ ।

***ਪ੍ਰਸਤਾਵ ਪ੍ਰਵਾਨ ਹੋਇਆ।***

----------

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ (ਵਿਰੋਧੀ ਧਿਰ ਦੇ ਨੇਤਾ, ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਛੱਡ ਕੇ) ਪੰਜਾਬ ਪਬਲਿਕ ਸੇਵਾ ਦੀ ਡਿਲੀਵਰੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਿਲ, 2018 ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ਸਦਨ ਵਿੱਚੋਂ **** ਨਾਅਰੇ ਮਾਰਦੇ ਹੋਏ ਵਾਕ–ਆਊਟ ਕਰ ਗਏ ।)

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ ।

------------

** Not recorded as ordered by the Chair.

## LEGISLATIVE BUSINESS *(Resumption)*

**3. THE SALARIES AND ALLOWANCES OF DEPUTY MINISTERS, PUNJAB (AMENDMENT) BILL, 2018**

**ਮਾਨਯੋਗ ਸਪੀਕਰ** : ਉਪ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਪੰਜਾਬ (ਸੋਧਨਾ) ਬਿਲ, 2018, ਮੰਤਰੀ ਜੀ ਬਿਲ ਪੇਸ਼ ਕਰਨ ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਉਪ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਪੰਜਾਬ (ਸੋਧਨਾ) ਬਿਲ, 2018 ਪੇਸ਼ ਕਰਦਾ ਹਾਂ ।

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਉਪ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਪੰਜਾਬ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਉਪ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਪੰਜਾਬ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸਪੀਕਰ ਸਾਹਿਬ, ਸਾਡੇ ਕੈਪਟਨ ਅਮਰਿੰਦਰ ਸਿੰਘ ਸਾਹਿਬ ਜੀ ਦੀ ਰਹਿਨੁਮਾਈ ਹੇਠ ਮਿਤੀ 15 ਫਰਵਰੀ, 2018 ਨੂੰ ਕੈਬਨਿਟ ਦੀ ਮੀਟਿੰਗ ਹੋਈ ਸੀ । ਉਸ ਮੀਟਿੰਗ ਵਿੱਚ ਸਾਰੇ ਮਨਿਸਟਰਜ਼ ਨੇ ਇਹ ਫੈਸਲਾ ਕੀਤਾ ਸੀ ਕਿ ਜਿਹੜਾ ਮਨਿਸਟਰਜ਼ ਦਾ ਇਨਕਮ ਟੈਕਸ ਪੰਜਾਬ ਸਰਕਾਰ ਪੇਅ ਕਰਦੀ ਹੈ, ਉਹ ਸਾਰਾ ਅਸੀਂ ਆਪ ਪੇਅ ਕਰੀਏ ਤਾਂ ਕਿ ਸਾਡੇ ਇਨਕਮ ਟੈਕਸ ਨਾਲ ਐਕਸਚੈਕਰ ਤੇ ਜਿਹੜਾ ਬੋਝ ਪੈਂਦਾ ਹੈ, ਉਹ ਨਹੀਂ ਪੈਣਾ ਚਾਹੀਦਾ । ਇਸ ਕਰਕੇ ਇਹ ਅਮੈਂਡਮੈਂਟ ਲਿਆਂਦੀ ਗਈ ਹੈ ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ)** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਜਿਹੜਾ ਇਨਕਮ ਟੈਕਸ ਅਦਾ ਕਰਦੇ ਸਨ, ਉਹ ਇਨ੍ਹਾਂ ਨੇ ਕਿਹਾ ਹੈ ਕਿ ਸਰਕਾਰ ਤੇ ਬੋਝ ਨਾ ਪਾਈਏ । If I can understand rightly, ਸਪੀਕਰ ਵੀ ਮਨਿਸਟਰਜ਼ ਦੀ ਕੈਟਾਗਰੀ ਵਿੱਚ ਆਉਂਦਾ ਹੈ ।

**ਮਾਨਯੋਗ ਸਪੀਕਰ** : ਸਪੀਕਰ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇ ਜੀ । ਮੇਰੀ ਵੀ ਰਿਕੁਐਸਟ ਹੈ ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ ਵੀ ਵਿੱਚ ਆਉਂਦੇ ਹਨ ।

**ਮਾਨਯੋਗ ਸਪੀਕਰ** : ਸਪੀਕਰ ਅਤੇ ਡਿਪਟੀ ਸਪੀਕਰ ਵੀ ਸ਼ਾਮਲ ਕਰ ਲਏ ਜਾਣ ।

**ਸੰਸਦੀ ਮਾਮਲੇ ਮੰਤਰੀ :** ਸ਼ਾਮਲ ਕਰ ਲਵਾਂਗੇ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਕੀ ਉਸ ਵਿੱਚ ਲੀਡਰ ਆਫ ਦਿ ਆਪੋਜ਼ੀਸ਼ਨ ਵੀ ਆਉਂਦਾ ਹੈ ?

**ਸੰਸਦੀ ਮਾਮਲੇ ਮੰਤਰੀ :** ਹਾਂ ਜੀ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਠੀਕ ਹੈ । ਮੈਂ, ਸਪੀਕਰ ਸਾਹਿਬ, ਇਹ ਜਿਹੜੀ ਸਰਕਾਰ ਐਫਰਟਸ ਕਰ ਰਹੀ ਹੈ ....

**ਸੰਸਦੀ ਮਾਮਲੇ ਮੰਤਰੀ :** ਇਸ ਵੇਲੇ ਲੀਡਰ ਆਫ ਦਿ ਆਪੋਜ਼ੀਸ਼ਨ ਲੀਡਰ ਕਹਿ ਦੇਣ ਕਿ ਇਨ੍ਹਾਂ ਦਾ ਵੀ ਬਿਲ ਲਿਆਂਦਾ ਜਾਵੇ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਤੁਸੀਂ ਬਿਲ ਲਿਆਂਦਾ ਹੋਇਆ ਹੈ ।

**ਸੰਸਦੀ ਮਾਮਲੇ ਮੰਤਰੀ :** ਠੀਕ ਹੈ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੈਂ ਸਵਾਗਤ ਕਰਦਾ ਹਾਂ । ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਇਨਕਮ ਟੈਕਸ ਖੁਦ ਪੇਅ ਕਰਨ ਦਾ ਬਿਲ ਲਿਆਂਦਾ ਹੈ, ਇਸ ਦਾ ਮੈਂ ਸਵਾਗਤ ਕਰਦਾ ਹਾਂ । ਮੈਂ ਇਹ ਸਵਾਗਤ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਇਸ ਨਾਲ ਪੰਜਾਬ ਦਾ ਆਰਥਿਕ ਬੋਝ ਘਟਦਾ ਹੈ। ਜੇ ਤੁਸੀਂ ਇਸ ਨੂੰ ਕੈਲਕੁਲੇਟ ਕਰੋਗੇ ਅਤੇ 10 ਤੋਂ 12 ਮਨਿਸਟਰਜ਼ ਵੀ ਲਗਾ ਲਓ ਤਾਂ 90,000 ਰੁਪਏ ਐਨੂਅਲੀ ਇੱਕ ਮਨਿਸਟਰ ਦਾ ਇਨਕਮ ਟੈਕਸ ਬਣਦਾ ਹੈ । ਸੋ, ਤੁਸੀਂ ਅੰਦਾਜ਼ਾ ਲਗਾ ਲਓ ਕਿ ਸਾਲ ਦਾ ਸਰਕਾਰ ਦਸ ਕੁ ਲੱਖ ਰੁਪਿਆ ਬਚਾਉਣ ਜਾ ਰਹੀ ਹੈ । ਕਾਂਗਰਸ ਦੀ ਸਰਕਾਰ 10 ਲੱਖ ਰੁਪਿਆ ਬਚਾਉਣ ਜਾ ਰਹੀ ਹੈ, by bringing this Bill that we are introducing just now. ਸਪੀਕਰ ਸਾਹਿਬ, ਛੋਟੀ ਜਿਹੀ ਕਹਾਵਤ ਹੈ, "Penny wise and pound foolish." ਸਪੀਕਰ ਸਾਹਿਬ, ਦਸ ਲੱਖ ਰੁਪਿਆ ਬਚਾਉਣ ਲਈ ਸਦਨ ਦਾ ਇੰਨਾ ਜੁਗਾੜ, ਸਾਰਿਆਂ ਦਾ ਇੰਨਾ ਟਾਈਮ, of course ਬਿਲ ਇੰਟਰੋਡਿਊਸ ਕੀਤਾ ਗਿਆ ਪਰ ਮੈਂ ਇਸ ਦਾ ਸਵਾਗਤ ਕਰਦਾ ਹਾਂ । ਮੈਂ ਆਪਣਾ ਟੈਕਸ ਅਦਾ ਕਰਨ ਵਾਸਤੇ ਇਸ ਬਿਲ ਵਿੱਚ ਵਿਲਿੰਗਲੀ ਕੋਆਪ੍ਰੇਟ ਕਰਦਾ ਹਾਂ । ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਬੇਨਤੀ ਹੈ ਕਿ ਜੇ ਵਾਕਿਆ ਹੀ ਪੰਜਾਬ ਦਾ ਖਰਚਾ ਘਟਾਉਣਾ ਹੈ ਤਾਂ ਜਿਹੜੇ 19 ਐਡਵਾਈਜ਼ਰ ਅਤੇ ਓ.ਐਸ.ਡੀ. ਰੱਖ ਲਏ ਹਨ ਜਿਨ੍ਹਾਂ ਦਾ ਇੱਕ ਵਰ੍ਹੇ ਦਾ ਖਰਚਾ ਇਸ ਨਾਲੋਂ ਸੌ ਗੁਣਾ ਜ਼ਿਆਦਾ ਹੈ । This will save only ten lakh rupees.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਰਮਨਜੀਤ ਸਿੰਘ ਸਿੱਕੀ ਅਤੇ ਰਾਣਾ ਗੁਰਜੀਤ ਸਿੰਘ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਤੁਸੀਂ ਤਾਂ ਆਪਣਾ ਹਲਕਾ ਹੀ ਛੱਡ ਆਏ ਹੋ । ਤੁਸੀਂ ਤਾਂ ਖਡੂਰ ਸਾਹਿਬ ਤੋਂ **** ਹੋ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ** ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਜਿਹੜੇ 20 ਓ.ਐਸ.ਡੀ. ਅਤੇ ਐਡਵਾਈਜ਼ਰ ਹਨ, ..

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਤੁਹਾਡਾ ਪੁਆਇੰਟ ਆ ਗਿਆ ਹੈ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇੱਕ ਮਿੰਟ ਮੇਰੀ ਗੱਲ ਸੁਣ ਲਓ । ਸਪੀਕਰ ਸਾਹਿਬ, ਐਡਵਾਈਜ਼ਰ ਇੱਕ ਮਹੀਨੇ ਦਾ 40-50 ਲੱਖ ਨੂੰ ਪੈਂਦਾ ਹੈ ।

**ਮਾਨਯੋਗ ਸਪੀਕਰ** : ਬੈਠੋ, ਬੈਠੋ, ਬੈਠੋ । ਪਲੀਜ਼ ਬੈਠੋ । ਤੁਹਾਡਾ ਪੁਆਇੰਟ ਆ ਗਿਆ ਹੈ। (ਵਿਘਨ)

**Sardar Sukhpal Singh Khaira :** I am supporting the Bill.

**Mr. Speaker :** You have supported the Bill. This is not fair. (ਵਿਘਨ) (ਸ਼ੋਰ) ਅੱਛਾ ਜੀ, ਬੋਲਣ ਦਿਓ ਜੀ । ਬੋਲੋ ਜੀ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਅਸੀਂ ਦਸ ਲੱਖ ਰੁਪਿਆ ਬਚਾਉਣ ਵਾਸਤੇ ਇੰਨਾ ਵੱਡਾ ਸਾਰਾ ਕੁਝ ਰਚਿਆ ਹੈ । ਅਗਰ 19 ਐਡਵਾਈਜ਼ਰ ਤੇ ਓ.ਐਸ.ਡੀ. ਵਾਕਿਆ ਹੀ ਪੰਜਾਬ ਦੇ ਹਿਤੈਸ਼ੀ ਹਨ, ਉਹ ਤਨਖਾਹਾਂ ਛੱਡ ਕੇ ਭਾਵੇਂ ਸੇਵਾ ਕਰਨ, ਸਾਨੂੰ ਕੋਈ ਇਤਰਾਜ਼ ਨਹੀਂ ਹੈ । ਉਨ੍ਹਾਂ ਨੂੰ ਭਾਵੇਂ ਕੈਬਨਿਟ ਦਾ ਸਟੇਟਸ ਦੇ ਦਿਓ।ਜਿਹੜਾ ਇੱਕ ਐਡਵਾਈਜ਼ਰ, ਜਿਨ੍ਹਾਂ ਦੀ ਅੱਜ ਤੱਕ ਮੈਂ ਕੋਈ ਭੂਮਿਕਾ ਨਹੀਂ ਵੇਖੀ ....

**ਮਾਨਯੋਗ ਸਪੀਕਰ** : ਬੈਠੋ, ਬੈਠੋ, ਬੈਠੋ, ਹੁਣ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਜਿਹੜਾ ਇੱਕ 50-50 ਲੱਖ ਰੁਪਏ ਨੂੰ ਪੈਂਦਾ ਹੈ। ਕੋਠੀਆਂ, ਗੱਡੀਆਂ, ਮੋਟਰਕਾਰਾਂ, ਸਕਿਉਰਿਟੀ, ਟੀ.ਏ., ਡੀ.ਏ., ਇਹ ਲਗਭਗ 10-15 ਕਰੋੜ ਰੁਪਏ ਦਾ ਬੋਝ ਹੈ। Speaker Sahib, this is very unfortunate. ਚੀਫ ਮਨਿਸਟਰ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ?

**ਮਾਨਯੋਗ ਸਪੀਕਰ** : ਤੁਸੀਂ ਬੈਠੋ, ਸੀ.ਐਮ. ਸਾਹਿਬ ਨੇ ਕੁਝ ਨਹੀਂ ਕਹਿਣਾ। ਤੁਸੀਂ ਬੈਠੋ।

---

** Expunged as ordered by the Chair.

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਉਪ ਮੰਤਰੀਆਂ ਦੀਆਂ ਤਨਖਾਹਾਂ ਤੇ ਭੱਤੇ ਪੰਜਾਬ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*।

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਉਪ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਪੰਜਾਬ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ–

ਕਿ ਉਪ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਪੰਜਾਬ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਉਪ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਪੰਜਾਬ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------

## WALK OUT

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਸੁਖਪਾਲ ਸਿੰਘ ਖਹਿਰਾ ਅਤੇ ਲੋਕ ਇਨਸਾਫ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ਬਿਲ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ** ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

**ਮਾਨਯੋਗ ਸਪੀਕਰ:** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**Legislative Business *(Resumption)***

### 4. THE EAST PUNJAB MINISTERS SALARIES (AMENDMENT) BILL, 2018

**ਮਾਨਯੋਗ ਸਪੀਕਰ** : ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2018, ਸ਼੍ਰੀ ਬ੍ਰਹਮ ਮਹਿੰਦਰਾ ਜੀ ਬਿਲ ਪੇਸ਼ ਕਰਨ। (ਵਿਘਨ) ਬੈਠੋ। ਬੈਠੋ ਰੰਧਾਵਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –
ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –
ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

---

** Not recorded as ordered by the Chair.

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ–ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

------------

**5. THE CIGARETTES AND OTHER TOBACCO PRODUCTS (PROHIBITION OF ADVERTISEMENT AND REGULATION OF TRADE AND COMMERCE, PRODUCTION, SUPPLY AND DISTRIBUTION) (PUNJAB AMENDMENT) BILL, 2018**

**ਮਾਨਯੋਗ ਸਪੀਕਰ** : ਸ਼੍ਰੀ ਬ੍ਰਹਮ ਮਹਿੰਦਰਾ ਜੀ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਜੀ ਬਿਲ ਪੇਸ਼ ਕਰਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਵਿਗਿਆਪਨ ਤੇ ਰੋਕ ਅਤੇ ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਡਿਸਟ੍ਰੀਬਿਊਸ਼ਨ ਦਾ ਵਿਨਿਯਮਨ) (ਪੰਜਾਬ ਸੋਧਨਾ) ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਵਿਗਿਆਪਨ ਤੇ ਰੋਕ ਅਤੇ ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਡਿਸਟ੍ਰੀਬਿਊਸ਼ਨ ਦਾ ਵਿਨਿਯਮਨ) (ਪੰਜਾਬ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ–

ਕਿ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਵਿਗਿਆਪਨ ਤੇ ਰੋਕ ਅਤੇ ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਡਿਸਟ੍ਰੀਬਿਊਸ਼ਨ ਦਾ ਵਿਨਿਯਮਨ) (ਪੰਜਾਬ ਸੋਧਨਾ) ਬਿਲ, 2018 ਉਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ, ਤੁਸੀਂ ਬੋਲੋ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸਪੀਕਰ ਸਾਹਿਬ, ਜਿਹੜਾ ਤੰਬਾਕੂ ਹੈ, ਇਹ ਹਿਊਮਨ ਲਾਈਫ ਲਈ ਬੜਾ ਹੀ ਡੇਂਜਰਸ ਹੈ। ਇਸ ਵਿੱਚ ਅਸੀਂ ਸਾਰੇ, ਚੀਫ ਮਨਿਸਟਰ ਸਾਹਿਬ ਵੀ ਮਹਿਸੂਸ ਕਰ ਰਹੇ ਸੀ ਕਿ ਜਿਹੜਾ ਪਿਛਲੇ ਦਸ ਸਾਲਾਂ ਵਿੱਚ ਪਿਛਲੀ ਗੌਰਮਿੰਟ ਵਿੱਚ ਇਕ ਨਵਾਂ ਟਰੈਂਡ ਸ਼ੁਰੂ ਹੋਇਆ ਕਿ ਸਾਰੇ ਪਾਸੇ ਹੁੱਕਾਬਾਰ ਤੇ ਸ਼ੀਸ਼ਾਬਾਰ ਆ ਗਏ । ਉਸ ਨਾਲ ਇਹ ਹੁੰਦਾ ਸੀ ਕਿ ਹੁੱਕਾ ਬਾਰਾਂ ਦੇ ਵਿਚ ਨੌਜਵਾਨ ਮੁੰਡੇ, ਕੁੜੀਆਂ ਉਸ ਦਾ ਸੇਵਨ ਕਰਦੇ ਹਨ, ਉਸ ਨੂੰ ਬਣਾਉਣ ਲਈ ਜਿਹੜਾ ਰੈਸਟੋਰੈਂਟ ਹੈ, ਜਿਹੜਾ ਬਾਰ ਹੈ, ਉਸ ਨੂੰ ਬੜਾ ਅਟਰੈਕਟਿਵ ਬਣਾਇਆ ਜਾਂਦਾ ਹੈ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਬੱਚੇ allure ਹੋ ਸਕਣ। ਸੋ, ਜਿਸ ਵੇਲੇ ਅਸੀਂ ਇਹੋ ਜਿਹੀ ਸਥਿਤੀ ਦੇਖੀ ਕਿ ਨੌਜਵਾਨਾਂ ਦੀਆਂ ਹੈਬਿਟਸ ਬਹੁਤ ਖਰਾਬ ਪੈ ਰਹੀਆਂ ਸਨ ਕਿਉਂਕਿ ਇਥੋਂ ਹੀ ਡਰੱਗਜ਼ ਅਡਿਕਸ਼ਨ ਸ਼ੁਰੂ ਹੁੰਦੀ ਹੈ ਔਰ ਚੀਫ ਮਨਿਸਟਰ ਸਾਹਿਬ ਨੇ ਇਸ ਗੱਲ ਦਾ ਫੈਸਲਾ ਕੀਤਾ ਹੋਇਆ ਹੈ ਕਿ ਅਸੀਂ ਡਰੱਗ ਅਡਿਕਸ਼ਨ ਨੂੰ ਖਤਮ ਕਰਨਾ ਹੈ। ਇਸ ਲਈ ਅਸੀਂ ਇਸ ਨੂੰ ਬੈਨ ਕਰਨ ਦਾ ਬੰਦੋਬਸਤ ਕੀਤਾ ਹੈ। ਸਰ, ਇਹ ਮਾਣ ਵਾਲੀ ਗੱਲ ਹੈ ਕਿ ਸਾਰੇ ਜ਼ਿਲ੍ਹਿਆਂ ਵਿਚ

ਤੰਬਾਕੂ ਦੇ ਖਾਤਮੇ ਬਾਰੇ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨ ਤੇ ਇਸ ਦੀ ਨਜਾਇਜ਼ ਵਿਕਰੀ ਤੇ ਬਾਜ਼ ਅੱਖ ਰੱਖਣ ਲਈ ਸਾਡੀ ਸਰਕਾਰ ਨੇ ਪੰਜਾਬ ਪੁਲਿਸ ਦੇ ਐਸ.ਪੀ. ਤੇ ਡੀ.ਐਸ.ਪੀ. ਰੈਂਕ ਦੇ 28 ਅਧਿਕਾਰੀਆਂ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਹੈ ਜੋ ਸਿਹਤ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਵਰਜਿਤ ਅਤੇ ਗੈਰ ਕਾਨੂੰਨੀ ਤੌਰ ਤੇ ਤੰਬਾਕੂ ਦੀ ਵਿਕਰੀ ਨੂੰ ਰੋਕਣ ਲਈ ਸਖਤੀ ਨਾਲ ਕੰਮ ਕਰਨਗੇ। ਪੰਜਾਬ ਦੇ ਜ਼ਿਲ੍ਹਿਆਂ ਵਿੱਚ ਹੁੱਕਾਬਾਰਾਂ ਵਿਰੁੱਧ ਸੀ.ਆਰ.ਪੀ.ਸੀ. ਦੀ ਧਾਰਾ 144 ਲਗਾਈ ਜਾਂਦੀ ਸੀ ਪਰ ਇਹ ਇਕ ਅਸਥਾਈ ਹੱਲ ਹੈ ਕਿਉਂਕਿ ਇਹ ਧਾਰਾ ਸਿਰਫ ਦੋ ਮਹੀਨੇ ਲਈ ਹੀ ਲਗਾਈ ਜਾ ਸਕਦੀ ਹੈ, ਇਸ ਨੂੰ ਹਰ ਦੋ ਮਹੀਨੇ ਬਾਅਦ ਜ਼ਿਲ੍ਹਾ ਮੈਜਿਸਟਰੇਟ ਕੋਲੋਂ ਮੁੜ ਰਿਨਿਊ ਕਰਵਾਉਣਾ ਪੈਂਦਾ ਹੈ । ਇਹ ਅਮੈਂਡਮੈਂਟ ਇਸ ਕਰਕੇ ਲਿਆਂਦੀ ਗਈ ਹੈ ਕਿਉਂਕਿ ਮੈਂ ਸਮਝਦਾ ਹਾਂ ਕਿ ਜੇ ਆਪਾਂ ਵਰਲਡ ਵਿਚ ਦੇਖੀਏ ਤਾਂ 60 ਲੱਖ ਬੰਦਿਆਂ ਦੀਆਂ ਡੈਥਸ ਹੁੰਦੀਆਂ ਹਨ ਜਿਸ ਵਿਚੋਂ 10 ਲੱਖ ਇਕੱਲੇ ਇੰਡੀਆ ਵਿੱਚ ਤੰਬਾਕੂ ਦੇ ਸੇਵਨ ਨਾਲ ਹੁੰਦੀਆਂ ਹਨ। ਮੈਨੂੰ ਲੱਗਦਾ ਹੈ ਕਿ ਸਦਨ ਦੇ ਸਾਰੇ ਮਾਨਯੋਗ ਮੈਂਬਰ ਇਸ ਗੱਲ ਦੀ ਗੰਭੀਰਤਾ ਨੂੰ ਸਮਝਦੇ ਹੋਏ ਮੇਰੇ ਨਾਲ ਇਤਫਾਕ ਰੱਖਣਗੇ ਕਿ ਨਸ਼ੇ ਦੇ ਸੌਦਾਗਰਾਂ ਵੱਲੋਂ ਬੱਚਿਆਂ ਤੇ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਹੁੱਕੇ ਦੀ ਆੜ ਵਿਚ ਨਿਕੋਟੀਨ ਤੇ ਹੋਰ ਨਸ਼ੀਲੇ ਹਾਨੀਕਾਰਕ ਕੈਮੀਕਲ ਪਦਾਰਥ ਹੋਟਲਾਂ ਤੇ ਕਲੱਬਾਂ ਵਿੱਚ ਸ਼ਰ੍ਹੇਆਮ ਪਰੋਸੇ ਜਾਂਦੇ ਹਨ ਜਿਸ ਨਾਲ ਨੌਜਵਾਨ ਜਵਾਨੀ ਵਿੱਚ ਹੀ ਨਸ਼ਿਆਂ ਦੇ ਕੋਹੜ ਵਿਚ ਫੱਸ ਜਾਂਦੇ ਹਨ । ਅਸੀਂ ਸਭ ਜਾਣਦੇ ਹਾਂ ਕਿ ਹੁੱਕੇ ਵਿਚ ਬਹੁਤ ਸਾਰੇ ਹਾਨੀਕਾਰਕ ਪਦਾਰਥ ਜਿਵੇਂ ਕਿ ਨਿਕੋਟੀਨ ਤੇ ਮਾਰੂ ਕੈਂਸਰ ਪਦਾਰਥ ਹੁੰਦੇ ਹਨ ਜਿਸ ਨਾਲ ਦਮਾ, ਦਿਲ ਦੀਆਂ ਬਿਮਾਰੀਆਂ ਤੇ ਕਈ ਲੋਕਾਂ ਵਲੋਂ ਹੁੱਕਾ ਵਰਤਣ ਨਾਲ ਛੂਤ ਦੀਆਂ ਬਿਮਾਰੀਆਂ ਵੀ ਜਿਵੇਂ ਕਿ ਟੀ.ਵੀ.ਆਦਿ ਹੋ ਜਾਂਦੀ ਹੈ, ਹੁੱਕੇ ਵਿੱਚ ਤੰਬਾਕੂ ਨੂੰ ਗਰਮ ਕਰਨ ਲਈ ਚਾਰਕੋਲ ਦੀ ਵਰਤੋਂ ਕੀਤੀ ਜਾਂਦੀ ਹੈ ਇਸ ਨਾਲ ਪੈਦਾ ਹੋਣ ਵਾਲੇ ਧੂੰਏਂ ਤੇ ਗਰਮੀ ਨਾਲ ਫੇਫੜਿਆਂ ਤੇ ਸੈੱਲਾਂ ਨੂੰ ਸਿੱਧਾ ਨੁਕਸਾਨ ਪਹੁੰਚਦਾ ਹੈ । ਇੱਕ ਘੰਟਾ ਲਗਾਤਾਰ ਹੁੱਕੇ ਦੀ ਵਰਤੋਂ ਨਾਲ ਲਗਭਗ 100 ਸਿਗਰਟ ਪੀਣ ਦੇ ਬਰਾਬਰ ਹੈ ਕਿਉਂਕਿ ਇਸ ਵਿੱਚ ਇੱਕ ਸਿਗਰਟ ਦੇ ਮੁਕਾਬਲੇ 25 ਗੁਣਾਂ ਵੱਧ ਟਾਰ ਪੈਦਾ ਹੁੰਦਾ ਹੈ। ਸੋ, ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੇਖਦੇ ਹੋਏ ਸਾਡੀ ਕੈਬਨਿਟ ਵਿਚ ਇਹ ਫੈਸਲਾ ਲਿਆ ਗਿਆ ਕਿ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਇਸ ਗੱਲ ਤੋਂ ਬਚਾਉਣਾ ਹੈ ਕਿਉਂਕਿ ਕਿਸੇ ਵੀ ਕੌਮ ਨੂੰ, ਕਿਸੇ ਵੀ ਸੂਬੇ ਨੂੰ ਜਦ ਖਤਮ ਕਰਨ ਦੀ ਸੋਚ ਆਵੇ ਤਾਂ ਉਸ ਵਿਚ ਸਭ ਤੋਂ ਪਹਿਲਾਂ ਹੁੰਦਾ ਹੈ ਕਿ ਉਥੇ ਦੀ ਜਵਾਨੀ ਨੂੰ ਖਰਾਬ ਕਰ ਦਿਉ, ਉਥੋਂ ਦੇ ਨੌਜਵਾਨਾਂ ਨੂੰ ਡਰੱਗ ਅਡਿਕਟ ਕਰ ਦਿਉ। ਪਿਛਲੇ ਦਸ ਸਾਲਾਂ ਦੇ ਵਿੱਚ ਇਸੇ ਤਰ੍ਹਾਂ ਦੇ ਹਾਲਾਤ ਹੋਏ ਔਰ ਇਸ ਤਰ੍ਹਾਂ ਦੀਆਂ ਗੱਲਾਂ ਆਈਆਂ ਜਿਸ ਨਾਲ All over the world ਆਪਣੀ ਬਦਨਾਮੀ ਹੋਈ, ਆਪਣਾ ਸੂਬਾ ਜਿਹੜਾ ਏਨਾ ਸ਼ਾਨਦਾਰ ਸੂਬਾ, ਗੁਰੂਆਂ, ਪੀਰਾਂ ਦੀ ਧਰਤੀ, ਪੈਗੰਬਰਾਂ ਦੀ ਧਰਤੀ ਸੀ ਇਸ ਨੂੰ ਬਿਲਕੁਲ ਨਸ਼ਿਆਂ ਵਿਚ ਪਾ ਦਿੱਤਾ ਗਿਆ । ਅਸੀਂ ਮੁੱਖ ਮੰਤਰੀ ਜੀ ਦਾ ਇਸ ਗੱਲ ਵਾਸਤੇ ਧੰਨਵਾਦ ਕਰਦੇ ਹਾਂ ਕਿ ਜਿਹੜੇ ਉਨ੍ਹਾਂ ਨੇ ਸਾਨੂੰ ਬੈਨ ਲਗਾਉਣ ਲਈ ਆਦੇਸ਼ ਦਿੱਤੇ ਹਨ ਇਹ ਬੜੀ ਅੱਛੀ ਸੋਚ ਹੈ। ਅਸੀਂ ਇਸ ਦੀ ਪੂਰੀ ਤਰ੍ਹਾਂ ਪਾਲਣਾ ਕਰਾਂਗੇ।

## EXTENSION OF TIME OF THE SITTING OF THE HOUSE

**ਮਾਨਯੋਗ ਸਪੀਕਰ** : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦਾ ਬਿਜ਼ਨਸ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ?

(**ਅਵਾਜ਼ਾਂ** : ਹਾਂ ਜੀ, ਠੀਕ ਹੈ ਜੀ।)

**ਮਾਨਯੋਗ ਸਪੀਕਰ :** ਧੰਨਵਾਦ । ਸਦਨ ਦਾ ਸਮਾਂ ਅੱਜ ਦਾ ਬਿਜ਼ਨਸ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

------------

## LEGISLATIVE BUSINESS *(Resumption)*

**The Cigarettes and other Tobacco Products (Prohibition of Advertisement and Regulation of Trade and Commerce, Production, Supply and Distribution) (Punjab Amendment) Bill, 2018 (*Resumption)***

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ)** : ਸਪੀਕਰ ਸਾਹਿਬ, ਅਸੀਂ ਇਸ ਬਿਲ ਦੀ ਪੂਰੀ ਸਪੋਰਟ ਕਰਦੇ ਹਾਂ ਅਤੇ ਨਾਲ ਹੀ ਸੀ.ਐਮ. ਸਾਹਿਬ ਅਤੇ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਦੇ ਹਾਂ ਕਿ ਇਸ ਨੂੰ ਧਾਰਮਿਕ ਸਥਾਨਾਂ ਦੇ ਆਸ ਪਾਸ ਪੂਰੀ ਤਰ੍ਹਾਂ ਐਨਫੋਰਸ ਕੀਤਾ ਜਾਵੇ ਅਤੇ ਖਾਸ ਕਰਕੇ holy cities ਅੰਮ੍ਰਿਤਸਰ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਇਸ ਨੂੰ ਪੂਰੀ ਤਰ੍ਹਾਂ ਐਨਫੋਰਸ ਕੀਤਾ ਜਾਵੇ।

**ਸਰਦਾਰ ਬਲਵਿੰਦਰ ਸਿੰਘ (ਸ੍ਰੀ ਹਰਗੋਬਿੰਦਪੁਰ, ਐਸ.ਸੀ.)** : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਇਹ ਬਹੁਤ ਵੱਡਾ ਉਪਰਾਲਾ ਕੀਤਾ ਹੈ, ਅਸੀਂ ਧੰਨਵਾਦੀ ਹਾਂ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਅੰਮ੍ਰਿਤਸਰ ਅਤੇ ਸ੍ਰੀ ਅਨੰਦਪੁਰ ਸਾਹਿਬ ਪਵਿੱਤਰ ਸ਼ਹਿਰ ਐਲਾਨੇ ਜਾਣ ਅਤੇ ਇਹ ਬਿਲਕੁਲ ਨਸ਼ਾ ਮੁਕਤ ਹੋਣੇ ਚਾਹੀਦੇ ਹਨ। ਇਸ ਨਾਲ ਸਿੱਖ ਸਮਾਜ ਵਿੱਚ ਬਹੁਤ ਵਧੀਆ ਮੈਸੇਜ ਜਾਵੇਗਾ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਵਿਗਿਆਪਨ ਤੇ ਰੋਕ ਅਤੇ ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਡਿਸਟ੍ਰੀਬਿਊਸ਼ਨ ਦਾ ਵਿਨਿਯਮਨ) (ਪੰਜਾਬ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ਾਂ 2 ਤੋਂ 7**

**ਮਾਨਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 7 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 7 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਿਹਤ ਅਤੇ ਪਰਿਵਾਰ ਭਲਾਈ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਵਿਗਿਆਪਨ ਤੇ ਰੋਕ ਅਤੇ ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਡਿਸਟ੍ਰੀਬਿਊਸ਼ਨ ਦਾ ਵਿਨਿਯਮਨ) (ਪੰਜਾਬ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਵਿਗਿਆਪਨ ਤੇ ਰੋਕ ਅਤੇ ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਡਿਸਟ੍ਰੀਬਿਊਸ਼ਨ ਦਾ ਵਿਨਿਯਮਨ) (ਪੰਜਾਬ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਵਿਗਿਆਪਨ ਤੇ ਰੋਕ ਅਤੇ ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਡਿਸਟ੍ਰੀਬਿਊਸ਼ਨ ਦਾ ਵਿਨਿਯਮਨ) (ਪੰਜਾਬ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

----------

## 6. THE PUNJAB STATE DEVELOPMENT TAX BILL, 2018

**ਮਾਨਯੋਗ ਸਪੀਕਰ** : ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪੰਜਾਬ ਰਾਜ ਵਿਕਾਸ ਕਰ ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਰਾਜ ਵਿਕਾਸ ਕਰ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

ਕਿ ਪੰਜਾਬ ਰਾਜ ਵਿਕਾਸ ਕਰ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਰਾਜ ਵਿਕਾਸ ਕਰ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ਾਂ 2 ਤੋਂ 24**

**ਮਾਨਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 24 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 24 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ– ਕਿ ਪੰਜਾਬ ਰਾਜ ਵਿਕਾਸ ਕਰ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–
ਕਿ ਪੰਜਾਬ ਰਾਜ ਵਿਕਾਸ ਕਰ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–
ਕਿ ਪੰਜਾਬ ਰਾਜ ਵਿਕਾਸ ਕਰ ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----------

## 7. THE PUNJAB STATE COMMISSION FOR SCHEDULED CASTES (Amendment) BILL, 2018

**ਮਾਨਯੋਗ ਸਪੀਕਰ :** ਸਰਦਾਰ ਸਾਧੂ ਸਿੰਘ ਧਰਮਸੋਤ, ਅਨੁਸੂਚਿਤ ਜਾਤੀਆਂ ਦੇ ਭਲਾਈ ਮੰਤਰੀ ਬਿਲ ਵਾਪਸ ਲੈਣ ਲਈ ਪ੍ਰਸਤਾਵ ਪੇਸ਼ ਕਰਨ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਸਾਧੂ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ ਅਨੁਸੂਚਿਤ ਜਾਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2018 ਬਿਲ ਵਾਪਸ ਲਿਆ ਜਾਵੇ।।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ:–
ਕਿ ਅਨੁਸੂਚਿਤ ਜਾਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2018 ਵਾਪਸ ਲਿਆ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ:–
ਕਿ ਅਨੁਸੂਚਿਤ ਜਾਤੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ,2018 ਵਾਪਸ ਲਿਆ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## 8. THE SALARY AND ALLOWANCES OF LEADER OF OPPOSITION IN LEGISLATIVE ASSEMBLY (Amendment) BILL, 2018

**ਮਾਨਯੋਗ ਸਪੀਕਰ :** ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 2018, ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ ਜੀ ਬਿਲ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸੰਸਦੀ ਮਾਮਲੇ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

## 9. The Punjab Laws (Special Provisions for Regularization of Unauthorized Colonies) Bill, 2018

**ਮਾਨਯੋਗ ਸਪੀਕਰ :** ਅਗਲਾ ਬਿਲ ਪੰਜਾਬ ਕਾਨੂੰਨ (ਗੈਰ ਕਾਨੂੰਨੀ ਕਲੋਨੀਆਂ ਨੂੰ ਨਿਯਮਤ ਕਰਨ ਲਈ ਵਿਸ਼ੇਸ਼ ਉਪਬੰਧ) ਬਿਲ, 2018, ਮਾਨਯੋਗ ਮੁੱਖ ਮੰਤਰੀ ਜੀ ਪੇਸ਼ ਕਰਨ।

**Chief Minister (Captain Amarinder Singh) :** Sir, I beg to introduce the Punjab Laws (Special Provisions for Regularization of Unauthorized Colonies) Bill, 2018

Sir I also beg to move -

That The Punjab Laws (Special Provisions for Regularization of Unauthorized Colonies) Bill, 2018 should be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਕਾਨੂੰਨ (ਗੈਰ ਕਾਨੂੰਨੀ ਕਲੋਨੀਆਂ ਨੂੰ ਨਿਯਮਤ ਕਰਨ ਲਈ ਵਿਸ਼ੇਸ਼ ਉਪਬੰਧ), ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਕੈਂਟ)** : ਸਪੀਕਰ ਸਾਹਿਬ, ਇਸ ਐਕਟ ਵਿਚ ਪਹਿਲਾਂ ਵੀ ਸਾਲ 2013, 2014 ਅਤੇ 2016 ਵਿਚ ਸੋਧਨਾ ਕੀਤੀ ਜਾ ਚੁੱਕੀ ਹੈ ਪਰ ਇਸ ਦੀ ਇੰਪਲੀਮੈਂਟੇਸ਼ਨ ਇਸ ਕਰਕੇ ਨਹੀਂ ਹੋਈ ਕਿਉਂਕਿ ਜਿਹੜੀਆਂ ਇਸ ਐਕਟ ਦੀਆਂ ਓਫੈਂਸਿਜ਼ ਐਂਡ ਪੈਨਲਟੀਜ਼ ਹਨ, ਉਨ੍ਹਾਂ ਨੂੰ ਬੜੇ ਬੁਰੇ ਤਰੀਕੇ ਨਾਲ ਹੇਠਲੇ ਲੈਵਲ ਤੇ ਮੈਨੇਜ ਕੀਤਾ ਜਾਂਦਾ ਹੈ। ਹੁਣ ਜਿਹੜਾ ਇਹ ਬਿਲ ਆਇਆ ਹੈ, ਇਸ ਵਿਚ ਕਾਫੀ ਸੁਧਾਰ ਹੈ ਪਰ ਮੈਂ ਖਾਸ ਕਰਕੇ ਜਿਹੜਾ ਪੈਰ੍ਹਾ ਨੰਬਰ 13 ਹੈ, ਉਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਸ ਵਿੱਚ ਪ੍ਰੋਵੀਜ਼ਨ ਘੱਟੋ ਘੱਟ 7 ਸਾਲ ਦੀ ਕੈਦ ਅਤੇ ਇਕ ਏਕੜ ਪਿਛੇ 50 ਲੱਖ ਰੁਪਿਆ ਜੁਰਮਾਨਾ ਹੋਵੇਗਾ। ਜਿਹੜੇ ਅਧਿਕਾਰੀ ਇਸ ਸਿਸਟਮ ਨਾਲ ਰਲ ਕੇ ਅਜਿਹੇ ਭ੍ਰਿਸ਼ਟਾਚਾਰ ਨੂੰ ਅੰਜਾਮ ਦਿੰਦੇ ਹਨ, ਉਨ੍ਹਾਂ ਦੀਆਂ ਟਰਮੀਨੇਸ਼ਨ ਆਫ ਸਰਵਿਸਿਜ਼ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਇਹ ਥੱਲੇ ਤਾਂ ਹੀ ਕੰਟਰੋਲ ਹੋ ਸਕਦਾ ਹੈ ਅਦਰਵਾਈਜ਼ ਇਸ ਦਾ ਕੰਟਰੋਲ ਹੋਣਾ ਮੁਸ਼ਕਲ ਹੈ ਕਿਉਂਕਿ ਹਰ ਵਾਰੀ ਜਦੋਂ ਇਹ ਬਿਲ ਲਿਆਂਦਾ ਗਿਆ ਹੈ ਤਾਂ ਉਸ ਵਿੱਚ ਵੱਡੀ ਤਦਾਦ ਵਿਚ ਇਜ਼ਾਫਾ ਹੋਇਆ ਹੈ। ਇਸ ਵੇਲੇ ਪੰਜਾਬ ਵਿਚ 1 ਲੱਖ 35 ਹਜ਼ਾਰ ਏਕੜ ਰਕਬਾ ਅਨਅਥੋਰਾਈਜ਼ਡ ਕਲੋਨਾਈਜੇਸ਼ਨ ਦੇ ਥੱਲੇ ਆ ਗਿਆ ਹੈ ਕਿਉਂਕਿ ਆਪਾਂ ਜਦੋਂ ਕਹਿੰਦੇ ਹਾਂ ਚਲੋ ਪਿਛਲੇ ਤੇ ਮਿੱਟੀ ਪਾਓ as its where its ਬੇਸਿਜ ਤੇ ਕਰ ਲਵੋ ਪਰ ਆਪਾਂ ਨੂੰ ਅਗਾਂਹ ਤੋਂ ਇਸ ਤੇ ਸਖਤ ਕਾਨੂੰਨ ਲਿਆ ਕੇ ਇਸ ਵਿਚ ਅਮੈਂਡਮੈਂਟ ਜ਼ਰੂਰ ਲਿਆਉਣੀ ਚਾਹੀਦੀ ਹੈ।ਜਿਹੜਾ ਥੱਲੇ ਇੰਪਲਾਈ ਹੈ, ਜਿਹੜਾ ਟੈਕਨੀਕਲ ਸਟਾਫ ਹੈ, ਕਈ ਵਾਰੀ ਜਿਹੜੇ ਸਾਡੇ ਚੰਡੀਗੜ੍ਹ ਅਫਸਰ ਬੈਠੇ ਹਨ, ਉਹ ਪਾਲਿਸੀ ਮੈਟਰ ਤੇ ਤਾਂ ਠੀਕ ਰਹਿੰਦੇ ਹਨ ਪਰ ਇੰਪਲੀਮੈਂਟੇਸ਼ਨ ਵਿਚ ਬੜੀ ਸਮੱਸਿਆ ਆ ਜਾਂਦੀ ਹੈ । ਇਸ ਲਈ ਉਹ ਜ਼ਰੂਰ ਇਸ ਵਿਚ ਇਨਕਲੂਡ ਕੀਤਾ ਜਾਵੇ।

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ.ਨਗਰ)** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਇਸ ਗੱਲ ਦੀ ਤਾਈਦ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜ਼ੀਰਕਪੁਰ ਵਿਚ ਪਿਛੇ ਜਿਹੇ ਇਕ ਸਰਵੇ ਹੋਇਆ ਸੀ, ਉਸ ਸਰਵੇ ਅਨੁਸਾਰ ਉਥੇ 46 ਕਲੋਨੀਆਂ ਅਥੋਰਾਈਜ਼ਡ ਹਨ ਅਤੇ 59 ਅਨਅਥੋਰਾਈਜ਼ਡ ਕਲੋਨੀਆਂ ਬਣੀਆਂ ਹੋਈਆਂ ਹਨ, ਇਹ ਸਾਰੀਆਂ ਹੀ ਮਿਉਂਸਿਪਲਿਟੀ ਵਿਚ ਪੈਂਦੀਆਂ ਹਨ। ਇਹ ਮਿਉਂਸਿਪਲ ਕਮੇਟੀ ਅਫਸਰਾਂ ਦੀ ਮਿਲੀਭੁਗਤ ਨਾਲ ਹੋਇਆ ਹੈ। ਜਿਹੜੇ ਅੱਜ ਇਥੇ ਬਹੁਤਾ ਬੋਲਦੇ ਸੀ, ਇਨ੍ਹਾਂ ਨੇ ਇਸੇ ਤਰੀਕੇ ਨਾਲ ਮਾਇਆ ਇਕੱਠੀ ਕੀਤੀ ਹੋਈ ਹੈ। ਉਨ੍ਹਾਂ ਲੋਕਾਂ ਨੇ ਸਾਰਾ ਸਿਸਟਮ ਖਰੀਦ ਲਿਆ ਹੈ, ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਜੁਰਮਾਨਾ 50 ਲੱਖ ਤੋਂ ਘੱਟ ਨਹੀਂ ਹੋਣਾ ਚਾਹੀਦਾ, ਸਜ਼ਾ ਵੀ ਹੋਣੀ ਚਾਹੀਦੀ ਹੈ, ਇਸ ਦੇ ਨਾਲ ਹੀ ਜ਼ਿੰਮੇਵਾਰ ਅਫਸਰ ਹਨ, ਉਨ੍ਹਾਂ ਦੀਆਂ ਤਨਖਾਹਾਂ ਵਗੈਰਾ ਸਭ ਰੁਕਣੀਆਂ ਚਾਹੀਦੀਆਂ ਹਨ। ਇਸ ਨਾਲ ਸਲੱਮ ਏਰੀਆ ਪਸਰ ਰਿਹਾ ਹੈ, ਉਸ ਨੂੰ ਰੋਕਣ ਵਾਸਤੇ ਇਹ ਬਹੁਤ ਜ਼ਰੂਰੀ ਹੈ ਜੇ ਨਹੀਂ ਕਰੋਗੇ ਤਾਂ ਆਉਣ ਵਾਲਾ ਫਿਊਚਰ ਬਹੁਤ ਮਾੜਾ ਹੋਵੇਗਾ ।

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ)** : ਸਪੀਕਰ ਸਾਹਿਬ, ਮੇਰੀ ਤੁਹਾਨੂੰ ਇਹੀ ਬੇਨਤੀ ਹੈ ਕਿ ਜਿਹੜਾ ਅੱਜ ਸਾਨੂੰ ਬਿਜ਼ਨੈਸ ਸਰਕੂਲੇਟ ਹੋਇਆ ਹੈ, ਉਸ ਵਿਚ ਇਹ ਬਿਲ ਨਹੀਂ ਸੀ। ਇਹ ਬਿਲ ਹੁਣੇ ਸਾਡੇ ਟੇਬਲ ਤੇ ਆਇਆ ਹੈ। ਮੈਂ ਪਿਛਲੇ ਸੈਸ਼ਨ ਵਿਚ ਵੀ ਤੁਹਾਨੂੰ ਇਹੀ ਬੇਨਤੀ ਕੀਤੀ ਸੀ ਕਿ ਲੈਜਿਸਲੇਟਿਵ ਬਿਜ਼ਨੈਸ ਨੂੰ ਆਪਾਂ ਇੰਨਾ ਲਾਈਟਲੀ ਨਾ ਲਈਏ। ਕਿਸੇ ਬਿਲ ਨੂੰ ਪਾਸ ਕਰਨਾ ਬੜਾ ਮਹੱਤਵਪੂਰਨ ਹੁੰਦਾ ਹੈ। ਚਾਹੇ ਬਿਲ ਵਿਚ ਸਾਡੀ ਸਹਿਮਤੀ ਹੋਵੇ ਜਾਂ ਅਸਹਿਮਤੀ ਹੋਵੇ ਪਰ ਸਾਰੇ ਮੈਂਬਰਾਂ ਨੂੰ ਖਾਸ ਕਰਕੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਬੋਲਣ ਲਈ ਸਮਾਂ ਦੇਣਾ ਚਾਹੀਦਾ ਹੈ ਕਿ ਇਸ ਨੂੰ ਪੜ੍ਹ ਕੇ ਆਉਣ । ਇਸ ਵਾਰੀ ਵੀ ਉਹੀ ਕੁਝ ਹੋਇਆ ਜੋ ਬਿਜ਼ਨੈਸ ਆਇਆ ਹੈ, ਇਹ ਬਿਜ਼ਨੈਸ ਦੇ ਵਿਚ ਬਿਲ ਨਹੀਂ ਹੈ। Please for God's sake ਮੇਰੀ ਤੁਹਾਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਇਹ ਬਿਲ ਸਾਨੂੰ ਪਹਿਲਾਂ ਮਿਲਣੇ ਚਾਹੀਦੇ ਹਨ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਪਿਛਲੀ ਵਾਰੀ ਤੁਸੀਂ ਖੁਦ ਸੰਸਦੀ ਮਾਮਲੇ ਮੰਤਰੀ ਜੀ ਨੂੰ ਇਹ ਗੱਲ ਕਹੀ ਸੀ ਕਿ ਤੁਸੀਂ ਇਹ ਨੋਟ ਕਰੋ ਕਿ ਬਿਲ ਘੱਟੋ ਘੱਟ ਦੋ ਦਿਨ ਪਹਿਲਾਂ ਭੇਜੋ ਅਤੇ ਨਾਲ ਹੀ ਬਿਜ਼ਨੈਸ ਵੀ ਭੇਜੋ ਕਿ ਕਿਹੜਾ ਬਿਲ ਆ ਰਿਹਾ ਹੈ।

**ਮਾਨਯੋਗ ਸਪੀਕਰ :** ਇਸ ਵਿੱਚ ਇੰਪਰੂਵਮੈਂਟ ਵੀ ਹੋਈ ਹੈ। ਉਹ ਵੀ ਧੰਨਵਾਦ ਕਰ ਦਿਓ, ਕੁਝ ਤਾਂ ਇੰਪਰੂਵਮੈਂਟ ਹੋਈ ਹੈ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਇੰਪਰੂਵਮੈਂਟ ਤਾਂ ਇਹ ਹੋਈ ਹੈ ਕਿ ਹੁਣ ਕੁਝ ਬਿਲ ਆ ਗਏ ਪਰ ਜਿਹੜੇ ਨਹੀਂ ਆਏ, ਉਹ ਵੀ ਆਉਣੇ ਚਾਹੀਦੇ ਹਨ।

**ਮਾਨਯੋਗ ਸਪੀਕਰ :** ਜਿਹੜੀ ਕਮੀ ਰਹਿ ਗਈ ਹੈ, ਉਹ ਅਗਲੀ ਵਾਰ ਪੂਰੀ ਕਰ ਦਿਆਂਗੇ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਜਾਂ ਤਾਂ ਇਹ ਕਹਿ ਦੇਣ ਕਿ ਇਹ ਬਿਲ ਮਹੱਤਵਪੂਰਨ ਨਹੀਂ ਹੈ।

**ਮਾਨਯੋਗ ਸਪੀਕਰ :** ਠੀਕ ਹੈ। ਤੁਹਾਡਾ ਪੁਆਇੰਟ ਆ ਗਿਆ ਹੈ, ਤੁਹਾਡਾ ਪੁਆਇੰਟ ਆ ਗਿਆ ਹੈ। You are right. ਇੰਪਰੂਵਮੈਂਟ ਵੀ ਬਹੁਤ ਹੋਈ ਹੈ, ਤੁਸੀਂ ਉਸ ਨੂੰ ਵੀ ਐਪਰੀਸ਼ੀਏਟ ਕਰੋ।

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਅਸੀਂ ਇਸ ਬਿਲ ਦੀ ਸਪੋਰਟ ਕਰਦੇ ਹਾਂ ਪਰ ਇਸ ਵਿਚ ਵਾਕਿਆ ਹੀ ਸੋਧ ਦੀ ਲੋੜ ਹੈ। ਬਹੁਤ ਸਾਰੇ ਕਲੋਨਾਈਜ਼ਰ ਕਲੋਨੀਆਂ ਫਲੋਟ ਕਰਦੇ ਹਨ, ਲੋਕਾਂ ਨਾਲ ਵਾਅਦੇ ਕਰਦੇ ਹਨ ਅਤੇ ਉਨ੍ਹਾਂ ਤੋਂ ਪੈਸੇ ਲੈ ਲੈਂਦੇ ਹਨ। ਫਿਰ ਉਹ ਕੰਮ ਅੱਧ ਵਿਚਾਲੇ ਛੱਡ ਕੇ ਚਲੇ ਜਾਂਦੇ ਹਨ। ਬਹੁਤ ਸਾਰੀਆਂ ਮਿਉਂਸਿਪਲ ਕਾਰਪੋਰੇਸ਼ਨਾਂ ਅਤੇ ਕੌਂਸਲਾਂ ਨੂੰ ਉਹ ਜ਼ਿੰਮੇਵਾਰੀ ਬਾਅਦ ਵਿੱਚ ਨਿਭਾਉਣੀ ਪੈਂਦੀ ਹੈ। ਇਸ ਵੇਲੇ ਬਹੁਤ ਬੁਰੀ ਹਾਲਤ ਹੈ, ਲੋਕੀਂ ਕਦੀ ਗਮਾਡਾ ਕੋਲ ਜਾਂਦੇ ਹਨ, ਕਦੇ ਪੁੱਡਾ ਕੋਲ ਜਾਂਦੇ ਹਨ, ਕਦੇ ਐਮ.ਸੀ. ਕੋਲ ਜਾਂਦੇ ਹਨ ਕਿ ਉਨ੍ਹਾਂ ਦਾ ਕੀ ਕੀਤਾ ਜਾਵੇ ਜਿਹੜੇ ਕਲੋਨੀਆਂ ਵਾਲਿਆਂ ਨਾਲ ਵਾਅਦੇ ਕੀਤੇ ਗਏ ਹਨ, ਉਹ ਵਾਅਦੇ ਪੂਰੇ ਨਹੀਂ ਹੋ ਰਹੇ । ਉਹ ਜੋ ਨਕਸ਼ਾ ਪਾਸ ਕਰਦੇ ਹਨ, ਉਸ ਵਿੱਚ ਆਪੇ ਹੀ ਬਾਅਦ ਵਿੱਚ ਸੋਧ ਕਰ ਲੈਂਦੇ ਹਨ, ਇਸ ਵਿੱਚ ਵਾਕਿਆ ਹੀ ਬਹੁਤ ਸਖਤੀ ਦੀ ਲੋੜ ਹੈ। ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ we need to go to the grassroot of this problem. ਇਹ ਨਜਾਇਜ਼ ਕਲੋਨੀਆਂ ਬਣਦੀਆਂ ਕਿਉਂ ਹਨ? ਕਿਉਂਕਿ ਮੈਂ ਪਿਛਲੇ 20-25 ਸਾਲਾਂ ਤੋਂ ਨੋਟਿਸ ਕਰ ਰਿਹਾ ਹਾਂ, ਸ਼ਾਇਦ 30-40 ਸਾਲਾਂ ਤੋਂ ਹੀ ਹੈ ਕਿ ਅਸੀਂ affordable Houses ਨਹੀਂ ਬਣਾ ਸਕੇ, ਇਹ ਕਾਮਯਾਬ ਤਾਂ ਹੀ ਹੋਵੇਗਾ ਨਹੀਂ ਤਾਂ ਫਿਰ ਪੰਜ ਸਾਲਾਂ ਨੂੰ ਇਸ ਤਰ੍ਹਾਂ ਫਿਰ ਇੱਕ ਬਿਲ ਲਿਆਉਣਾ ਪਵੇਗਾ ਕਿ ਹੁਣ ਤੱਕ ਦੀਆਂ ਕਲੋਨੀਆਂ ਰੈਗੂਲਰਾਈਜ਼ ਕਰ ਲਈਏ। ਮੈਂ ਕਹਿਣਾ ਚਾਹੁੰਦਾ ਹਾਂ ਕਿ affordable houses ਲਈ ਐਮ.ਸੀਜ਼ ਕੋਲ ਬਹੁਤ ਸਾਰੀ ਜ਼ਮੀਨ ਪਈ ਹੈ, ਉਹ ਕੋਈ ਸਕੀਮਾਂ ਲੈ ਕੇ ਆਉਣ, ਕਰੀਬ ਪੰਜ ਲੱਖ ਰੁਪਏ ਤੋਂ 30 ਲੱਖ ਰੁਪਏ ਕੀਮਤ ਵਾਲੇ ਘਰ ਲੈ ਕੇ ਆਉਣ ਜੋ ਕਿ ਲੋਕ ਅਫੋਰਡ ਵੀ ਕਰ ਸਕਣ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.) :** ਸਪੀਕਰ ਸਾਹਿਬ, ਗੈਰ ਕਾਨੂੰਨੀ ਕਲੋਨੀਆਂ ਵਾਲਿਆਂ ਨੂੰ ਮੀਟਰ ਵੀ ਮਿਲ ਜਾਂਦੇ ਹਨ, ਪਾਣੀ ਦਾ ਕੁਨੈਕਸ਼ਨ ਵੀ ਮਿਲ ਜਾਂਦਾ ਹੈ । ਇਹ ਗੈਰ ਕਾਨੂੰਨੀ ਕਲੋਨੀਆਂ ਅੱਗੇ ਵੱਧਣ ਹੀ ਨਾ, ਜੇਕਰ ਸਰਕਾਰ ਵੱਲੋਂ ਸਮੇਂ ਤੇ ਇਨ੍ਹਾਂ ਕਲੋਨੀਆਂ ਤੇ ਚੈੱਕ ਰੱਖਿਆ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਕਾਨੂੰਨ (ਗੈਰਕਾਨੂੰਨੀ ਕਲੋਨੀਆਂ ਨੂੰ ਨਿਯਮਤ ਕਰਨ ਲਈ ਵਿਸ਼ੇਸ਼ ਉਪਬੰਧ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ਾਂ 2 ਤੋਂ 16**

**ਮਾਨਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 16 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 16 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ–ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Chief Minister (Captain Amarinder Singh)** : Sir, I beg to move-

That the Punjab Laws (Special Provisions for Regularization of unauthorized Colonies) Bill, 2018 be passed.

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

ਕਿ ਪੰਜਾਬ ਕਾਨੂੰਨ (ਗੈਰਕਾਨੂੰਨੀ ਕਲੋਨੀਆਂ ਨੂੰ ਨਿਯਮਤ ਕਰਨ ਲਈ ਵਿਸ਼ੇਸ਼ ਉਪਬੰਧ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਕਾਨੂੰਨ (ਗੈਰਕਾਨੂੰਨੀ ਕਲੋਨੀਆਂ ਨੂੰ ਨਿਯਮਤ ਕਰਨ ਲਈ ਵਿਸ਼ੇਸ਼ ਉਪਬੰਧ) ਬਿਲ, 2018 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

--------

## 10. THE PUNJAB SOCIAL SECURITY BILL, 2018

**ਮਾਨਯੋਗ ਸਪੀਕਰ:** ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪੰਜਾਬ ਸਮਾਜਿਕ ਸੁਰੱਖਿਆ ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਸਮਾਜਿਕ ਸੁਰੱਖਿਆ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਸਮਾਜਿਕ ਸੁਰੱਖਿਆ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ,ਹਾਂ ਜੀ, ਸੰਧੂ ਸਾਹਿਬ ਜੀ।

**ਸ਼੍ਰੀ ਕੰਵਰ ਸੰਧੂ (ਖਰੜ)** : ਸਪੀਕਰ ਸਾਹਿਬ, ਪੰਜਾਬ ਸੋਸ਼ਲ ਸਕਿਊਰਿਟੀ ਬਿਲ ਲਿਆਉਣ ਦਾ ਜਿਹੜਾ ਆਈਡੀਆ ਹੈ, ਇਹ ਬਹੁਤ ਚੰਗਾ ਹੈ, ਪਰ ਜਿਹੜੇ ਇਸ ਦੇ ਥੱਲੇ ਟੈਕਸ ਲੱਗ ਰਹੇ ਹਨ, ਇਹ ਬਹੁਤ ਜ਼ਿਆਦਾ ਹਨ। ਇਹ ਤਾਂ ਮੇਰਾ ਖਿਆਲ ਹੈ ਕਿ ਲੋਕਾਂ ਦੀ ਕਮਰ ਤੋੜ ਦੇਣਗੇ। Social Security surcharge not exceeding Rs. 2 per litre on sale of petrol and diesel, ਇਹ ਬਹੁਤ ਜ਼ਿਆਦਾ ਹੈ। ਜਦੋਂ ਪੈਟਰੋਲ ਜਾਂ ਡੀਜ਼ਲ ਦਾ ਰੇਟ ਵਧਦਾ ਹੈ ਤਾਂ ਇਹ 10 ਪੈਸੇ, 15 ਪੈਸੇ ਰੇਟ ਵੱਧਦਾ ਹੈ ਅਤੇ ਇਹ 2 ਰੁਪਏ ਪ੍ਰਤੀ ਲੀਟਰ ਲਗਾ ਰਹੇ ਹਨ। ਮੇਰਾ ਖਿਆਲ ਹੈ ਸਿਰਫ ਇਹੋ ਹੀ ਨਹੀਂ, ਮੋਟਰ ਵਹੀਕਲਜ਼ ਤੇ ਵੀ ਟੈਕਸ ਲਗਾ ਦਿੱਤਾ ਹੈ ਜਦੋਂ ਉਹ ਰਜਿਸਟਰਡ ਕਰਾਉਣ ਲਈ ਜਾਂਦੇ ਹਨ, ਇਲੈਕਟ੍ਰੀਸਿਟੀ ਬਿਲ ਤੇ ਵੀ ਟੈਕਸ ਲਗਾ ਦਿੱਤਾ ਹੈ। ਕੀ ਇਹ ਦੱਸਣਗੇ ਕਿ ਟੋਟਲ ਟੈਕਸ ਕਿੰਨਾ ਬਣਦਾ ਹੈ?

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਲੈਜਿਸਲੇਸ਼ਨ ਹੈ, ਇਹ ਇੱਕ ਇਨੇਬਲਿੰਗ ਲੈਜਿਸਲੇਸ਼ਨ ਹੈ। ਇਹ ਕੋਈ ਵੀ ਟੈਕਸ ਨਹੀਂ ਲੱਗਾ ਪਰ ਅਸੀਂ ਇੱਕ ਲੈਜਿਸਲੇਸ਼ਨ ਤਿਆਰ ਕਰ ਰਹੇ ਹਾਂ ਜਿਸ ਵਿੱਚ ਸ਼ਰਾਬ ਅਤੇ ਨਵੀਆਂ ਗੱਡੀਆਂ 'ਤੇ ਜੇ ਸਰਕਾਰ ਚਾਹੇ ਤਾਂ ਟੈਕਸ ਲਗਾ ਸਕਦੀ ਹੈ, ਪਰ ਅਸੀਂ ਤਾਂ ਕੁਝ ਵੀ ਨਹੀਂ ਚਾਹੁੰਦੇ।

**ਸ਼੍ਰੀ ਕੰਵਰ ਸੰਧੂ** : ਜੇ ਐਕਟ ਪਾਸ ਹੋ ਗਿਆ ਤਾਂ ਲਗਾ ਵੀ ਦਿਉਗੇ।

**Finance Minister** : But what stops us.

**ਸ਼੍ਰੀ ਕੰਵਰ ਸੰਧੂ** : ਇਸ ਦਾ ਮਤਲਬ ਇਹ ਹੈ ਕਿ ਜਿਹੜਾ ਜ਼ਿਮੀਂਦਾਰ ਹੈ, ਉਹ ਦੋ ਰੁਪਏ ਡੀਜ਼ਲ ਤੇ ਦੇਵੇਗਾ?

**ਵਿੱਤ ਮੰਤਰੀ** : ਦਰਅਸਲ ਮੈਂਬਰ ਸਾਹਿਬ ਨੇ ਇਹ ਬਿਲ ਪੜ੍ਹਿਆ ਨਹੀਂ ਹੈ। ਇਹ ਕੀ ਹੋ ਰਿਹਾ ਹੈ ਕਿ ਇਸ ਲੈਜਿਸਲੇਸ਼ਨ ਰਾਹੀਂ ਬਜਟ ਤੋਂ ਬਾਹਰ ਇੱਕ ਪ੍ਰੋਵੀਜ਼ਨ ਕੀਤਾ ਜਾ ਰਿਹਾ ਹੈ, you just read the legislation. ਗੌਰਮਿੰਟ ਆਪਣੇ ਆਪ ਨੂੰ ਇਨੇਬਲ ਕਰ ਰਹੀ ਹੈ ਕਿ ਜੇ ਸਾਨੂੰ ਲੋੜ ਪਈ ਤਾਂ ਅਸੀਂ ਫਲਾਣੇ-ਫਲਾਣੇ ਮਹਿਕਮਿਆਂ ਤੋਂ ਇਨ੍ਹਾਂ ਦਾ ਇੱਕ ਟਰੱਸਟ ਬਣਾਵਾਂਗੇ ਅਤੇ ਚੀਫ ਮਨਿਸਟਰ, ਫਾਇਨਾਂਸ ਮਨਿਸਟਰ, ਸੋਸ਼ਲ ਵੈਲਫੇਅਰ ਮਨਿਸਟਰ ਅਤੇ ਐਕਸਪਰਟਸ ਵਗੈਰਾ ਇਸ ਦੇ ਮੈਂਬਰ ਹੋਣਗੇ। ਇਸ ਦਾ ਪੈਸਾ ਕੰਸੋਲੀਡੇਟਿਡ ਫੰਡ ਵਿੱਚੋਂ ਬਾਹਰ ਰੱਖਿਆ ਜਾਵੇਗਾ। ਪੰਜਾਬ ਦੇ ਤਕਰੀਬਨ ਸਵਾ 17 ਲੱਖ ਲੋਕਾਂ ਨੂੰ ਸੋਸ਼ਲ ਸਕਿਉਰਿਟੀ ਪੈਨਸ਼ਨ, 45 ਲੱਖ ਬੰਦਿਆਂ ਨੂੰ ਹੈਲਥ ਇੰਸ਼ੋਰੈਂਸ, 70 ਹਜ਼ਾਰ ਲੋਕਾਂ ਨੂੰ ਸ਼ਗਨ ਸਕੀਮ, ਪੋਸਟ ਮੈਟ੍ਰਿਕ ਸਕਾਲਰਸ਼ਿਪ ਦਿੱਤੀ ਜਾਵੇਗੀ। ਸਪੀਕਰ ਸਾਹਿਬ, ਪਹਿਲਾਂ ਕੀ ਹੁੰਦਾ ਸੀ ਕਿ ਇਹ ਹਰ ਮਹੀਨੇ ਲੇਟ ਹੋ ਜਾਂਦੇ ਸੀ। ਇਸ ਦੇ ਨਾਲ ਅਸੀਂ ਕੋਸ਼ਿਸ਼ ਕਰਾਂਗੇ ਕਿ ਹਰ ਮਹੀਨੇ ਜਿਵੇਂ ਤਨਖਾਹਾਂ ਜਾਂਦੀਆਂ ਹਨ, ਇਸ ਟਰੱਸਟ ਰਾਹੀਂ ਸੋਸ਼ਲ ਸਕੀਮਾਂ ਦੇ ਬੈਨੀਫਿਸ਼ਰੀਜ਼ ਨੂੰ ਲਾਭ ਮਿਲ ਸਕੇ। ਹਾਲੇ ਤੱਕ ਤਾਂ ਕੋਈ ਟੈਕਸ ਲਾਇਆ ਹੀ ਨਹੀਂ ਹੈ।

**Shri Kanwar Sandhu** : I am actually surprised what he is saying. He is bringing a legislation. He only needs to notify after that. What is this? He is bringing a legislation and does not want any discussion on it.

**Finance Minister** : Speaker Sahib, there is nothing to prevent the Government from imposing taxation but this Bill is actually to create a Special Social Security Fund. ਜਿਸ ਦਿਨ ਅਸੀਂ ਟੈਕਸ ਲਾਉਣਾ ਹੋਇਆ, ਉਹ ਲਗਾ ਦੇਵਾਂਗੇ ਕਿਉਂਕਿ ਇਹ ਗੌਰਮਿੰਟ ਦਾ inherent right ਹੈ ਪਰ ਅੱਜ ਕੋਈ ਟੈਕਸ ਨਹੀਂ ਲੱਗ ਰਿਹਾ।

**ਸ਼੍ਰੀ ਕੰਵਰ ਸੰਧੂ** : ਦੇਖੋ ਜੀ, ਲੈਜਿਸਲੇਸ਼ਨ ਪਾਸ ਹੋ ਗਈ। what prevents them from imposing the tax?

**Finance Minister**: Speaker Sahib, we are the Government. What prevents us from imposing taxes?

**ਸ਼੍ਰੀ ਕੰਵਰ ਸੰਧੂ** : ਫਿਰ ਤੁਸੀਂ ਕਿਉਂ ਕਹਿ ਰਹੇ ਹੋ ਕਿ ਅਸੀਂ ਟੈਕਸ ਨਹੀਂ ਲਗਾ ਰਹੇ?

**ਵਿੱਤ ਮੰਤਰੀ** : ਅੱਜ ਕੋਈ ਟੈਕਸ ਨਹੀਂ ਹੈ। ਇਸ ਵਿੱਚ ਕੋਈ ਟੈਕਸ ਨਹੀਂ ਹੈ।

**ਸ਼੍ਰੀ ਕੰਵਰ ਸੰਧੂ** : ਫਿਰ ਇਸ ਬਿਲ ਨੂੰ ਨਾ ਲੈ ਕੇ ਆਉ।

**ਵਿੱਤ ਮੰਤਰੀ** : ਪਰ ਅਸੀਂ ਇਹ ਬਣਾਉਣਾ ਚਾਹੁੰਦੇ ਹਾਂ। (ਵਿਘਨ) (ਸ਼ੋਰ)

**Shri Kanwar Sandhu** : This is not fair. ਤੁਸੀਂ ਕਹਿ ਰਹੇ ਹੋ ਕਿ ਅਸੀਂ ਟੈਕਸ ਨਹੀਂ ਲਗਾ ਰਹੇ। ਤੁਸੀਂ ਤਾਂ ਪ੍ਰੋਵੀਜ਼ਨ ਲਗਾ ਦਿੱਤੀ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ)**: ਮੇਰੀ ਗੱਲ ਸੁਣੋ। ਮੈਂਬਰ ਸਾਹਿਬ, ਇੱਕ ਮਿੰਟ ਮੇਰੀ ਗੱਲ ਸੁਣ ਲਉ। ਫਿਰ ਤੁਸੀਂ ਬੋਲ ਲੈਣਾ। ਮੈਂ ਰੋਕਦਾ ਨਹੀਂ। ਮੈਂ ਤਾਂ ਤੁਹਾਡੇ ਨਾਲ ਹਾਂ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਗਰੀਬ ਲੋਕਾਂ ਨੂੰ ਜਿਹੜੀ ਪੈਨਸ਼ਨ ਮਿਲਦੀ ਹੈ, ਸ਼ਗਨ ਸਕੀਮ ਮਿਲਦੀ ਹੈ ਜਾਂ ਜਿੰਨੀਆਂ ਵੀ ਇਸ ਤਰ੍ਹਾਂ ਦੀਆਂ ਸੁਵਿਧਾਵਾਂ ਮਿਲ ਰਹੀਆਂ ਹਨ, ਉਹ ਪਿਛਲੇ 10 ਸਾਲ ਤੋਂ ਹੀ ਬਹੁਤ ਲੇਟ ਮਿਲਦੀਆਂ ਸਨ। ਸਿਰਫ 250 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਸੀ ਅਤੇ ਬੰਦਾ ਉਡੀਕੀ ਜਾਂਦਾ ਸੀ। ਦਸ ਵਾਰ ਬੰਦਾ ਬੈਂਕ ਦੇ ਚੱਕਰ ਲਗਾ ਆਉਂਦਾ ਸੀ, ਰਿਕਸ਼ੇ ਦਾ ਕਿਰਾਇਆ ਹੀ ਪੈਨਸ਼ਨ ਜਿੰਨਾ ਲੱਗ ਜਾਂਦਾ ਸੀ। ਹੁਣ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਇਹ ਸੋਚਿਆ ਹੈ ਕਿ ਕਿਉਂ ਨਾ ਇਨ੍ਹਾਂ ਨੂੰ ਪੱਕਾ ਕਰ ਦੇਈਏ ਕਿ ਉਨ੍ਹਾਂ ਨੂੰ ਹਰ ਪਹਿਲੀ ਤਾਰੀਕ ਨੂੰ ਪੈਸਾ ਮਿਲਣਾ ਹੀ ਮਿਲਣਾ ਹੈ। ਹਰ ਪਹਿਲੀ ਤਰੀਕ ਨੂੰ ਉਨ੍ਹਾਂ ਦਾ ਪੈਸਾ ਵੱਖਰਾ ਰੱਖਿਆ ਜਾਵੇਗਾ। ਉਸ ਵਾਸਤੇ ਅਸੀਂ ਪ੍ਰੋਵੀਜ਼ਨ ਕਰ ਰਹੇ ਹਾਂ। ਅਸੀਂ ਅੱਜ ਕੋਈ ਵੀ ਟੈਕਸ ਨਹੀਂ ਲਗਾ ਰਹੇ। ਅੱਜ ਇੱਕ ਕਾਨੂੰਨ ਲਿਆ ਕੇ ਪ੍ਰੋਵੀਜ਼ਨ ਕੀਤੀ ਜਾ ਰਹੀ ਹੈ, ਗਰੀਬ ਦੇ ਅਧਿਕਾਰ ਸੇਫ ਕੀਤੇ ਜਾ ਰਹੇ ਹਨ। (ਵਿਘਨ) (ਸ਼ੋਰ) ਇਹ ਪੰਜਾਬ ਦੇ ਗਰੀਬਾਂ ਵਾਸਤੇ ਬਹੁਤ ਵੱਡਾ ਕਦਮ ਹੈ, ਜਿਹੜਾ ਮਾਨਯੋਗ ਮੁੱਖ ਮੰਤਰੀ ਜੀ ਨੇ ਚੁੱਕਿਆ ਹੈ।

**ਮਾਨਯੋਗ ਸਪੀਕਰ** : ਜਵਾਬ ਆ ਗਿਆ ਹੈ ਜੀ। ਫੂਲਕਾ ਜੀ, ਤੁਸੀਂ ਕੁਝ ਕਹਿਣਾ ਹੈ?

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ)** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੀ important ਗੱਲ ਹੈ ਤੇ ਕੁਝ ਸਮਾਂ ਪਹਿਲਾਂ ਹੀ ਇਸ ਦੇ ਰਿਲੇਟਿਡ ਅਖਬਾਰਾਂ ਵਿੱਚ ਅਤੇ ਟੀ.ਵੀ. ਵਿੱਚ ਆਇਆ ਸੀ ਕਿ ਪੰਜਾਬ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਣ ਕਰਕੇ ਬਾਹਰੋਂ ਹਜ਼ਾਰਾਂ ਟੈਂਕਰ ਜਾਂਦੇ ਹਨ, ਉਸ ਨਾਲ ਪੰਜਾਬ ਦਾ ਕਰੋੜਾਂ ਰੁਪਏ ਦਾ ਲੌਸ ਹੁੰਦਾ ਹੈ ਕਿਉਂਕਿ ਉੱਥੇ ਟੈਂਕਰਾਂ ਦੇ ਰਾਹੀਂ ਸਮੱਗਲਿੰਗ ਹੁੰਦੀ ਹੈ। ਸਾਰੇ ਚੈਨਲਾਂ ਨੇ ਇਹ ਓਪਨਲੀ ਸਟਿੰਗ ਓਪਰੇਸ਼ਨ ਕਰਕੇ ਦਿਖਾਇਆ ਸੀ। ਪੰਜਾਬ ਵਿੱਚ ਆਲਰੇਡੀ ਕੀਮਤਾਂ ਵਧਾਉਣ ਨਾਲ ਪੰਜਾਬ ਸਰਕਾਰ ਇਸ ਤੋਂ ਜਿੰਨਾ ਰੈਵੇਨਿਊ ਇਕੱਠਾ ਕਰਦੀ ਹੈ, ਉਸ ਤੋਂ ਜ਼ਿਆਦਾ ਦਾ ਤਾਂ ਨੁਕਸਾਨ ਹੋ ਰਿਹਾ ਹੈ ਕਿਉਂਕਿ ਉਹ ਜਿਹੜੇ ਚੋਰੀ ਕਰਦੇ ਹਨ, ਟੈਂਕਰ ਇੱਧਰ ਆਉਂਦੇ ਹਨ, ਉਹ ਲੋਕ ਆਪਣੀ ਪਾਕੇਟ ਭਰਦੇ ਹਨ ਨਾ ਕਿ ਉਹ ਪੈਸਾ ਸਰਕਾਰ ਦੇ ਖਾਤੇ ਵਿੱਚ ਜਾਂਦਾ ਹੈ। ਸਰਕਾਰ ਨੂੰ ਇਹ ਪਹਿਲਾਂ ਪੂਰੀ ਤਰ੍ਹਾਂ ਸਟੱਡੀ ਕਰਨਾ ਚਾਹੀਦਾ ਸੀ। ਦੂਜੀ ਗੱਲ ਇਹ ਕਿ ਇਹ ਇੰਨਾ important ਬਿਲ ਹੈ। ਮੰਤਰੀ ਸਾਹਿਬ ਨੇ ਕਿਹਾ ਹੈ ਕਿ ਸਰਕਾਰ ਦਾ ਰਾਈਟ ਹੈ ਕਿ ਉਹ ਕੋਈ ਵੀ ਟੈਕਸ ਲਗਾਵੇ। ਬਿਲਕੁਲ ਤੁਹਾਡਾ ਰਾਈਟ ਹੈ। ਮੰਤਰੀ ਸਾਹਿਬ ਨੂੰ ਮੈਂ ਇਹ ਵੀ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਦਾ ਵੀ ਇਹ ਰਾਈਟ ਹੈ ਕਿ we should be informed. ਇੰਨਾ important ਬਿਲ ਹੁਣੇ ਲਿਆ ਕੇ ਟੇਬਲ ਉਤੇ ਰੱਖ ਦਿੱਤਾ ਹੈ। ਤੀਜੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਸ਼ਰਾਬ ਤੇ ਰੈਵੇਨਿਊ ਵਧਾਉਣ ਬਾਰੇ ਕਿਹਾ ਸੀ, ਪਿਛਲੇ ਹਾਊਸ ਵਿੱਚ ਵੀ ਅਸੀਂ ਮੰਤਰੀ ਸਾਹਿਬ ਨੂੰ ਸੁਜੈਸਟ ਕੀਤਾ ਸੀ ਕਿ ਸ਼ਰਾਬ ਦੇ ਜਿੰਨੇ ਵੀ ਠੇਕੇ ਹਨ, ਉਨ੍ਹਾਂ ਦੀ ਕਾਰਪੋਰੇਸ਼ਨ ਬਣਾ ਕੇ ਉਨ੍ਹਾਂ ਨੂੰ ਸਰਕਾਰੀ ਕੀਤਾ ਜਾਵੇ ਤੇ ਜਿਹੜੇ ਜਿਹੜੇ ਰਾਜਾਂ ਨੇ ਇਸ ਤਰ੍ਹਾਂ ਕੀਤਾ ਹੈ, ਉਨ੍ਹਾਂ ਦਾ ਰੈਵੇਨਿਊ ਵੀ ਵਧਿਆ ਹੈ। ਉਸ ਨਾਲ ਰੈਵੇਨਿਊ ਵਧਾਇਆ ਜਾਵੇ ਨਾ ਕਿ ਇਸ ਤਰ੍ਹਾਂ ਦਾ ਟੈਕਸ ਲਗਾਇਆ ਜਾਵੇ।

**ਮਾਨਯੋਗ ਸਪੀਕਰ:** ਠੀਕ ਹੈ, ਬੈਠੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਸਪੀਕਰ ਸਾਹਿਬ, ਮੈਂ ਸਿਰਫ ਇੰਨੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਜੇ ਟੈਕਸ ਲਗਾਉਣਾ ਹੀ ਹੈ ਤਾਂ ਓਰਬਿਟ ਤੇ ਲਗਾਓ, ਗਰੀਬਾਂ ਨੂੰ ਕਿਉਂ ਮਾਰਦੇ ਹੋ?

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਸਮਾਜਿਕ ਸੁਰੱਖਿਆ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ਾਂ 2 ਤੋਂ 15**

**ਮਾਨਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 15 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 15 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਸਮਾਜਿਕ ਸੁਰੱਖਿਆ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-
ਕਿ ਪੰਜਾਬ ਸਮਾਜਿਕ ਸੁਰੱਖਿਆ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-
ਕਿ ਪੰਜਾਬ ਸਮਾਜਿਕ ਸੁਰੱਖਿਆ ਬਿਲ, 2018 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

---------

## 11. THE PUNJAB ROADS AND BRIDGES DEVELOPMENT BOARD (AMENDMENT) BILL, 2018

**ਮਾਨਯੋਗ ਸਪੀਕਰ** : ਸ਼੍ਰੀਮਤੀ ਰਜ਼ੀਆ ਸੁਲਤਾਨਾ, ਲੋਕ ਨਿਰਮਾਣ ਰਾਜ ਮੰਤਰੀ ਜੀ ਬਿਲ ਪੇਸ਼ ਕਰਨਗੇ–

**ਲੋਕ ਨਿਰਮਾਣ ਵਿਭਾਗ (ਭ ਤੇ ਮ) ਦੇ ਰਾਜ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ)** : ਸ਼੍ਰੀਮਾਨ ਜੀ, ਮੈਂ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ (ਸੋਧਨਾ) ਬਿਲ, 2018 ਪੇਸ਼ ਕਰਦੀ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦੀ ਹਾਂ–

ਕਿ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

ਕਿ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ–

ਕਿ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ (ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਹਰਵਿੰਦਰ ਸਿੰਘ ਫੂਲਕਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਲ ਤੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ** : ਹਾਂ ਜੀ, ਤੁਸੀਂ ਕੁਝ ਕਹਿਣਾ ਹੈ?

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ)** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿਉਂਕਿ ਇਹ ਬਿਲ ਹੁਣੇ-ਹੁਣੇ ਲਿਆ ਕੇ ਟੇਬਲ ਤੇ ਰੱਖਿਆ ਗਿਆ ਹੈ ਤੇ ਇਹ ਚੰਗੀ ਤਰ੍ਹਾਂ ਪੜ੍ਹਿਆ ਵੀ ਨਹੀਂ ਗਿਆ ਹੈ, ਇਹ ਐਕਸਪਲੇਨ ਕਰ ਦੇਣ ਕਿ ਇਹ ਬਿਲ ਕੀ ਹੈ। ਕਿਉਂਕਿ ਇਸ ਵਿੱਚ ਅਮੈਂਡਮੈਂਟ ਹੈ ਤੇ ਅਮੈਂਡਮੈਂਟਸ ਵਿੱਚ ਤਾਂ ਪੂਰਾ ਐਕਸਪਲੇਨ ਨਹੀਂ ਹੁੰਦਾ ਹੈ। ਹੁਣ ਜਿਹੜੀ ਇਹ ਕਲਾਜ਼ ਦੋ ਹੈ, ਇਹ ਕਹਿੰਦੇ ਹਨ ਕਿ 'and this shall be omitted and this should be inserted'. ਉਹ ਪੂਰੀ ਕਲਾਜ਼ ਪੜ੍ਹ ਕੇ ਸੁਣਾ ਦੇਣ। (ਵਿਘਨ..ਸ਼ੋਰ) ਮੈਂ ਪੂਰੀ ਕਲਾਜ਼ ਪੜ੍ਹ ਕੇ ਸੁਣਾ ਦਿੰਦਾ ਹਾਂ।

**ਮਾਨਯੋਗ ਸਪੀਕਰ:** ਤੁਸੀਂ ਬੜੇ ਕਾਬਲ ਵਕੀਲ ਹੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਇਹ ਲਿਖਿਆ ਹੈ, "And shall be omitted". ਮੈਂ ਜਾਣਨਾ ਚਾਹੁੰਦਾ ਹਾਂ ਕਿ ਉਹ And omit ਕਰਨਾ ਕਿੱਥੇ ਹੈ ਅਤੇ ਕਿੱਥੇ ਜੋੜਨਾ ਹੈ? ਸਾਨੂੰ ਬਿਲ ਦੀ ਕਾਪੀ ਚਾਹੀਦੀ ਹੈ। ਇਹ ਹੁਣੇ ਹੁਣੇ ਟੇਬਲ ਤੇ ਰੱਖਿਆ ਗਿਆ ਹੈ। ਮੰਤਰੀ ਸਾਹਿਬ ਇਸ ਬਾਰੇ ਦੱਸ ਦੇਣ।

**ਮਾਨਯੋਗ ਸਪੀਕਰ:** ਤੁਹਾਨੂੰ ਬਹੁਤੀ ਮਦਦ ਦੀ ਲੋੜ ਨਹੀਂ। ਤੁਸੀਂ ਬੜੇ ਕਾਬਲ ਵਕੀਲ ਹੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਮਾਨਯੋਗ ਸਪੀਕਰ ਸਾਹਿਬ, ਤੁਸੀਂ ਵੀ ਬੜੇ ਕਾਬਲ ਵਕੀਲ ਹੋ। ਬਿਨਾਂ ਪੂਰੀ ਕਲਾਜ਼ ਤੋਂ 'and' ਨੂੰ ਵਿੱਚੋਂ ਡਿਲੀਟ ਕਰ ਦੇਵੋ, ਇਸ ਨੂੰ ਡਿਲੀਟ ਕਰ ਦਿਉ, 'and' ਕਿੱਥੋਂ ਡਿਲੀਟ ਕਰਦੇ ਹੋ ਅਤੇ ਕਿੱਥੇ ਇਨਸਰਟ ਕਰਦੋ ਤਾਂ ਹੀ ਕਲਾਜ਼ ਦੀ ਇੰਟਰਪ੍ਰੀਟੇਸ਼ਨ ਆਵੇਗੀ। ਉਹ ਤਾਂ ਨਾਲ ਨਹੀਂ ਦਿੱਤੀ। ਉਹ ਹੈ ਹੀ ਨਹੀਂ।

**Mr. Speaker :** You have raised the issue.

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਮੰਤਰੀ ਜੀ, ਐਕਸਪਲੇਨ ਕਰ ਦੇਣ ਕਿ ਇਸ ਦਾ ਕੀ ਪਰਪਜ਼ ਹੈ? ਇਹ ਕੀ ਐਡ ਕਰਨਾ ਚਾਹੁੰਦੇ ਹਨ ਅਤੇ ਕੀ ਡਿਲੀਟ ਕਰਨਾ ਚਾਹੁੰਦੇ ਹਨ।

**ਮਾਨਯੋਗ ਸਪੀਕਰ:** ਪਲੀਜ਼ ਬੈਠੋ। ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਲੋਕ ਨਿਰਮਾਣ ਵਿਭਾਗ (ਭ ਤੇ ਮ) ਦੇ ਰਾਜ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ–

ਕਿ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ (ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----------

## BREACH OF PRIVILEGE MOTION

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਇੱਕ ਅਹਿਮ ਮਸਲਾ ਲਿਆਉਣਾ ਚਾਹੁੰਦਾ ਹਾਂ ਕਿ ਹੁਣ ਵਿਰੋਧੀ ਧਿਰ ਦੇ ਨੇਤਾ ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 29.11.2017 ਦੀ ਬੈਠਕ ਵਿੱਚ ਜ਼ੀਰੋ ਆਵਰ ਦੇ ਦੌਰਾਨ ਪੰਜਾਬ ਵਿੱਚ ਹੋ ਰਹੀ ਗੈਰ ਕਾਨੂੰਨੀ ਮਾਈਨਿੰਗ ਦਾ ਹਵਾਲਾ ਦਿੰਦੇ ਹੋਏ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਬਾਰੇ ਸਾਰੇ ਚੋਰ ਵਰਗੇ ਨਿੰਦਣਯੋਗ ਸ਼ਬਦ ਵਰਤੇ ਗਏ ਸਨ। ਮੇਰੇ ਵੱਲੋਂ ਕਹੇ ਜਾਣ ਤੇ ਇਹ ਸ਼ਬਦ ਆਪ ਜੀ ਵੱਲੋਂ ਉਸ ਦਿਨ ਦੀ ਡਿਬੇਟ ਵਿੱਚੋਂ ਐਕਸਪੰਜ ਕਰਵਾ ਦਿੱਤੇ ਗਏ ਸਨ ਅਤੇ ਬਾਅਦ ਵਿੱਚ ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਇਹ ਸ਼ਬਦ ਸੰਵਿਧਾਨਕ ਕੰਮਕਾਰ ਦੇ ਦੌਰਾਨ ਉਸੇ ਦਿਨ ਉਹ ਆਪਣੇ ਕਹੇ ਸ਼ਬਦ ਵਾਪਸ ਲਏ ਗਏ ਸਨ। ਮਾਨਯੋਗ ਸਪੀਕਰ ਸਾਹਿਬ, ਹੁਣ ਫਿਰ ਸਦਨ ਵਿੱਚ ਮਿਤੀ 26.03.2018 ਨੂੰ ਬੋਲਦਿਆਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਉਹੀ ਸ਼ਬਦਾਂ ਦੀ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਲਈ ਦੁਬਾਰਾ ਵਰਤੋਂ ਕੀਤੀ ਗਈ ਹੈ। ਇਸ ਲਈ ਮੈਂ ਆਪ ਜੀ ਨੂੰ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦਾ ਪ੍ਰਸਤਾਵ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

**ਮਾਨਯੋਗ ਸਪੀਕਰ :** ਪ੍ਰਸਤਾਵ ਪੇਸ਼ ਕਰੋ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਹਰਵਿੰਦਰ ਸਿੰਘ ਫੂਲਕਾ ਅਤੇ ਸ਼੍ਰੀ ਕੰਵਰ ਸੰਧੂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਨੇਤਾ ਵਿਰੁੱਧ ਪੇਸ਼ ਕੀਤੇ ਜਾਣ ਵਾਲੇ ਵਿਸ਼ੇਸ਼ ਅਧਿਕਾਰ ਦੇ ਮਤੇ ਦਾ ਵਿਰੋਧ ਕਰਦੇ ਹੋਏ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**Parliamentary Affairs Minister :** I have gone through the record. ਸਾਰਾ ਦੇਖ ਲਿਆ ਹੈ। ਮੈਨੂੰ ਮੋਸ਼ਨ ਮੂਵ ਕਰ ਲੈਣ ਦਿਓ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਮੋਸ਼ਨ ਮੂਵ ਕਰੋ ਜੀ ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਸਰਦਾਰ ਸੁਖਪਾਲ ਸਿੰਘ ਖਹਿਰਾ, ਵਿਰੋਧੀ ਧਿਰ ਦੇ ਨੇਤਾ ਵੱਲੋਂ ਸਦਨ ਵਿੱਚ ਮਿਤੀ 26.3.2018 ਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਦਿਆਂ ਸੱਤਾਧਾਰੀ ਪਾਰਟੀ ਦੇ ਸਾਰੇ ਮੈਂਬਰਾਂ ਦੇ ਖਿਲਾਫ ਗੈਰ-ਕਨੂੰਨੀ ਮਾਈਨਿੰਗ ਵਿੱਚ ਲਿਪਤ ਹੋਣ ਸਬੰਧੀ ਉਨ੍ਹਾਂ ਕੋਲ ਸ਼ਿਕਾਇਤਾਂ ਹੋਣ ਦੇ ਝੂਠੇ ਇਲਜ਼ਾਮ ਲਗਾਉਣ ਨਾਲ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਨਾਲ ਨਾਲ ਸਦਨ ਦੀ ਮਾਣ ਮਰਿਆਦਾ ਵੀ ਭੰਗ ਹੋਈ ਹੈ । ਵਿਰੋਧੀ ਧਿਰ ਦੇ ਨੇਤਾ ਵੱਲੋਂ ਇਸ ਤਰ੍ਹਾਂ ਦੀ ਗੈਰ-ਜ਼ਿੰਮੇਵਾਰਾਨਾ ਬਿਆਨਬਾਜ਼ੀ ਨੂੰ ਇਹ ਪਵਿੱਤਰ ਸਦਨ ਆਪਣੀ ਤੌਹੀਨ ਸਮਝਦਾ ਹੈ ਅਤੇ ਉਨ੍ਹਾਂ ਵੱਲੋਂ ਲਗਾਏ ਗਏ ਝੂਠੇ ਇਲਜ਼ਾਮ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ।

ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਇਸ ਮਾਮਲੇ ਸਬੰਧੀ ਢੁਕਵੀਂ ਕਾਰਵਾਈ ਕਰਨ ਹਿਤ ਸੌਂਪਿਆ ਜਾਵੇ ।"

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਹਰਵਿੰਦਰ ਸਿੰਘ ਫੂਲਕਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

"ਕਿ ਸਰਦਾਰ ਸੁਖਪਾਲ ਸਿੰਘ ਖਹਿਰਾ, ਵਿਰੋਧੀ ਧਿਰ ਦੇ ਨੇਤਾ ਵੱਲੋਂ ਸਦਨ ਵਿੱਚ ਮਿਤੀ 26.3.2018 ਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਦਿਆਂ ਸੱਤਾਧਾਰੀ ਪਾਰਟੀ ਦੇ ਸਾਰੇ ਮੈਂਬਰਾਂ ਦੇ ਖਿਲਾਫ ਗੈਰ ਕਨੂੰਨੀ ਮਾਈਨਿੰਗ ਵਿੱਚ ਲਿਪਤ ਹੋਣ ਸੰਬੰਧੀ ਉਨ੍ਹਾਂ ਕੋਲ ਸ਼ਿਕਾਇਤਾਂ ਹੋਣ ਦੇ ਝੂਠੇ ਇਲਜ਼ਾਮ ਲਗਾਉਣ ਨਾਲ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਨਾਲ ਨਾਲ ਸਦਨ ਦੀ ਮਾਣ ਮਰਿਆਦਾ ਵੀ ਭੰਗ ਹੋਈ ਹੈ । ਵਿਰੋਧੀ ਧਿਰ ਦੇ ਨੇਤਾ ਵੱਲੋਂ ਇਸ ਤਰ੍ਹਾਂ ਦੀ ਗੈਰ ਜ਼ਿੰਮੇਵਾਰਾਨਾ ਬਿਆਨਬਾਜ਼ੀ ਨੂੰ ਇਹ ਪਵਿੱਤਰ ਸਦਨ ਆਪਣੀ ਤੌਹੀਨ ਸਮਝਦਾ ਹੈ ਅਤੇ ਉਨ੍ਹਾਂ ਵੱਲੋਂ ਲਗਾਏ ਗਏ ਝੂਠੇ ਇਲਜ਼ਾਮ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ।

ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀਨੂੰ ਇਸ ਮਾਮਲੇ ਸਬੰਧੀ ਢੁੱਕਵੀਂ ਕਾਰਵਾਈ ਕਰਨ ਹਿਤ ਸੌਂਪਿਆ ਜਾਵੇ।"

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸੱਤਾਧਾਰੀ ਪਾਰਟੀ ਵੱਲੋਂ ਵਿਰੋਧੀ ਧਿਰ ਦੇ ਨੇਤਾ ਦੇ ਖਿਲਾਫ ਵਿਸ਼ੇਸ਼ ਅਧਿਕਾਰ ਦੇ ਹਨਨ ਦੇ ਪ੍ਰਸਤਾਵ ਲਿਆਉਣ ਦੇ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ ।)

## BREACH OF PRIVILEGE MOTION *(RESUMPTION)*

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

"ਕਿ ਸਰਦਾਰ ਸੁਖਪਾਲ ਸਿੰਘ ਖਹਿਰਾ, ਵਿਰੋਧੀ ਧਿਰ ਦੇ ਨੇਤਾ ਵੱਲੋਂ ਸਦਨ ਵਿੱਚ ਮਿਤੀ 26.3.2018 ਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਦਿਆਂ ਸੱਤਾਧਾਰੀ ਪਾਰਟੀ ਦੇ ਸਾਰੇ ਮੈਂਬਰਾਂ ਦੇ ਖਿਲਾਫ ਗੈਰ ਕਨੂੰਨੀ ਮਾਈਨਿੰਗ ਵਿੱਚ ਲਿਪਤ ਹੋਣ ਸੰਬੰਧੀ ਉਨ੍ਹਾਂ ਕੋਲ ਸ਼ਿਕਾਇਤਾਂ ਹੋਣ ਦੇ ਝੂਠੇ ਇਲਜ਼ਾਮ ਲਗਾਉਣ ਨਾਲ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਨਾਲ ਨਾਲ ਸਦਨ ਦੀ ਮਾਣ ਮਰਿਆਦਾ ਵੀ ਭੰਗ ਹੋਈ ਹੈ । ਵਿਰੋਧੀ ਧਿਰ ਦੇ ਨੇਤਾ ਵੱਲੋਂ ਇਸ ਤਰ੍ਹਾਂ ਦੀ ਗੈਰ ਜ਼ਿੰਮੇਵਾਰਾਨਾ ਬਿਆਨਬਾਜ਼ੀ ਨੂੰ ਇਹ ਪਵਿੱਤਰ ਸਦਨ ਆਪਣੀ ਤੌਹੀਨ ਸਮਝਦਾ ਹੈ ਅਤੇ ਉਨ੍ਹਾਂ ਵੱਲੋਂ ਲਗਾਏ ਗਏ ਝੂਠੇ ਇਲਜ਼ਾਮ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ।

ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਇਸ ਮਾਮਲੇ ਸਬੰਧੀ ਢੁਕਵੀਂ ਕਾਰਵਾਈ ਕਰਨ ਹਿਤ ਸੌਂਪਿਆ ਜਾਵੇ ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।***

**ਮਾਨਯੋਗ ਸਪੀਕਰ :** ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ ।

*3.02 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

------------

** Not recorded as ordered by the Chair.

© 2018

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਪਟਿਆਲਾ ਵਿਖੇ ਟਾਈਪ ਸੈਟ ਕਰਵਾ ਕੇ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਛਾਪੀ ਗਈ ।